
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 8-9
June 7, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਪੰਜਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਅਦਾਰਾ 'ਦੇਸ਼ ਦੁਆਬਾ' ਉਹਨਾਂ ਦੀ ਮਹਾਨ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਬੰਧਤ ਲੇਖ ਦੇਖੋ ਸਫਾ 12 'ਤੇ

# ਘੱਲੂਘਾਰਾ ਸਮਾਗਮ ਦੌਰਾਨ ਕੌਮ ਦੇ ਨਾਂ ਦੋ ਸੰਦੇਸ਼

## ਅੰਮ੍ਰਿਤਸਰ ਬੰਦ ਨੂੰ ਮਿਲਿਆ ਜ਼ਬਰਦਸਤ ਹੁੰਗਾਰਾ, ਟਕਰਾਅ ਤੋਂ ਬਚਾਅ ਰਿਹਾ

**ਅੰਮ੍ਰਿਤਸਰ–** ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਦੀ 33ਵੀਂ ਬਰਸੀ ਮੌਕੇ ਇਥੇ ਅਕਾਲ ਤਖ਼ਤ 'ਤੇ ਹੋਇਆ ਸ਼ਹੀਦੀ ਸਮਾਗਮ ਸ਼ਾਂਤਮਈ ਲੰਘ ਗਿਆ। ਸਿੱਖ ਜਥੇਬੰਦੀਆਂ ਨੇ ਬਰਾਬਰ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ।

ਸਵੇਰੇ ਜਿਵੇਂ ਹੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਦਾ ਐਲਾਨ ਕਰ ਦਿੱਤਾ ਅਤੇ ਦਲ ਦੇ ਸਮੂਹ ਕਾਰਕੁਨ ਸਮਾਗਮ ਛੱਡ ਕੇ ਵਾਪਸ ਚਲੇ ਗਏ। ਇਸ ਮੌਕੇ ਅਕਾਲ ਤਖ਼ਤ 'ਤੇ ਵੀ ਵਿਰੋਧ ਵਿਚ ਨਾਅਰੇਬਾਜ਼ੀ ਹੋਈ ਅਤੇ ਸ਼੍ਰੋਮਣੀ

### ਭਾਰਤ ਸਰਕਾਰ ਕੋਲ ਨਹੀਂ ਸਾਕਾ ਨੀਲਾ ਤਾਰਾ ਦੇ ਹੁਕਮਾਂ ਦਾ ਰਿਕਾਰਡ

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਜੂਨ 1984 ਵਿੱਚ ਹੋਏ ਫ਼ੌਜੀ ਹਮਲੇ ਦਾ ਹੁਕਮ ਕਿਸ ਨੇ ਦਿੱਤਾ ਸੀ। ਇਸ ਸਬੰਧੀ ਭਾਰਤ ਸਰਕਾਰ ਕੋਲ ਕੋਈ ਰਿਕਾਰਡ ਮੌਜੂਦ ਨਹੀਂ ਹੈ। ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ, ਰੱਖਿਆ ਮੰਤਰਾਲੇ ਅਤੇ ਯੂਨੀਅਨ ਕੈਬਨਿਟ ਸਕੱਤਰੇਤ ਕੋਲ ਕੋਈ ਰਿਕਾਰਡ ਨਹੀਂ ਹੈ ਕਿ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਹੁਕਮ ਕਿਸ ਨੇ ਦਿੱਤਾ ਸੀ। ਉਸ ਸਮੇਂ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸੀ ਅਤੇ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਸਨ ਪਰ ਸਰਕਾਰੀ ਕਾਗਜ਼ਾਂ 'ਚ ਇਸ ਕਾਰਵਾਈ ਦੀ ਜ਼ਿੰਮੇਵਾਰੀ ਕਿਸੇ ਵੀ ਮੰਤਰੀ ਜਾਂ ਅਫ਼ਸਰ 'ਤੇ ਨਹੀਂ ਪਾਈ ਗਈ ਹੈ। ਇਹ ਖ਼ੁਲਾਸਾ ਕਪੂਰਥਲਾ ਦੇ ਰਹਿਣ ਵਾਲੇ ਆਰ.ਟੀ.ਆਈ. ਕਾਰਕੁਨ ਬਲਦੇਵ ਸਿੰਘ ਨੇ ਕੀਤਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਸ਼੍ਰੋਮਣੀ ਗੁਰਦੁਆਰਾ

(ਬਾਕੀ ਸਫਾ 5 ਤੇ)



ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਵਿਰੋਧ ਕਰਦਿਆਂ ਉਨ੍ਹਾਂ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਸਮੇਂ ਉਨ੍ਹਾਂ ਖ਼ਿਲਾਫ਼ ਅਤੇ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਕੀਤੀ। ਮੁਤਵਾਜ਼ੀ ਜਥੇਦਾਰਾਂ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਦੇ ਪੜ੍ਹਨਾ ਸ਼ੁਰੂ ਕੀਤਾ ਤਾਂ ਅਕਾਲ ਤਖ਼ਤ ਦੇ ਅੰਦਰ ਅਤੇ ਸਾਹ-ਮਣੇ ਬੈਠੀ ਸੰਗਤ ਨੇ ਵਿਰੋਧ ਸ਼ੁਰੂ ਕਰ ਦਿੱਤਾ। ਦਲ ਖ਼ਾਲਸਾ ਦੇ ਸਾਬਕਾ ਪ੍ਰਧਾਨ ਸਤਨਾਮ ਸਿੰਘ ਪਾਉਂਟਾ ਸਾਹਿਬ ਨੇ ਵਿਰੋਧ ਵਿੱਚ ਜੈਕਾਰਾ ਲਾਉਂਦਿਆਂ ਸਮਾਗਮ ਦੇ ਬਾਈਕਾਟ ਕਮੇਟੀ ਦੀ ਟਾਸਕ ਫੋਰਸ ਨੇ ਵਿਰੋਧ ਕਰਨ ਵਾਲਿਆਂ ਨੂੰ ਬਾਹਰ ਕੱਢਣ ਦਾ ਯਤਨ ਕੀਤਾ। ਟਾਸਕ ਫੋਰਸ ਨੇ ਫ਼ੌਰੀ ਸਾਰੇ ਪਾਸਿਉਂ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਬੰਦ ਹਾਲ ਵਿੱਚ ਹੀ

(ਬਾਕੀ ਸਫਾ 5 ਤੇ)



ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ। ਸੰਤ ਕਬੀਰ ਜੀ ਨਾਲ ਸਬੰਧਤ 'ਸੰਤ ਕਬੀਰ ਨੂੰ ਪੂਜਣ ਦੀ ਬਜਾਏ ਮੰਨਿਆ ਜਾਵੇ' ਦਰਸ਼ਨ ਸਿੰਘ ਬਾਜਵਾ ਦਾ ਲੇਖ ਦੇਖੋ ਸਫਾ 14 'ਤੇ

# 37 'ਬੇਕਸੂਰ' ਦਲਿਤਾਂ ਨੂੰ ਛੱਡੋ, ਮੈਂ ਆਤਮ ਸਮਰਪਣ ਲਈ ਤਿਆਰ- ਚੰਦਰਸ਼ੇਖਰ

**ਜਲੰਧਰ–** ਭੀਮ ਆਰਮੀ ਦੇ ਬਾਨੀ ਚੰਦਰਸ਼ੇਖਰ ਨੇ ਕਿਹਾ ਹੈ ਕਿ ਜੇਕਰ 37 'ਬੇਕਸੂਰ' ਦਲਿਤਾਂ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਜਾਂਦਾ ਹੈ ਤਾਂ ਉਹ ਪੁਲਿਸ ਅੱਗੇ ਆਤਮ ਸਮਰਪਣ ਕਰਨ ਲਈ ਤਿਆਰ ਹੈ। ਚੰਦਰਸ਼ੇਖਰ ਪਿਛਲੇ ਮਹੀਨੇ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਵਿੱਚ ਹੋਈ ਹਿੰਸਾ ਮਾਮਲੇ 'ਚ ਪੁਲਿਸ ਗ੍ਰਿਫ਼ਤਾਰੀ ਤੋਂ ਬਚਾਅ ਕਰਦਾ ਆ ਰਿਹਾ ਹੈ।

ਇਥੋਂ ਪੰਜਾਹ ਕਿਲੋਮੀਟਰ ਦੂਰ ਆਪਣੀ ਛੁਪਣਗਾਹ ਤੋਂ ਇਕ ਮੀਡੀਆ ਸਮੂਹ ਨਾਲ ਗੱਲਬਾਤ ਕਰਦਿਆਂ 30 ਸਾਲਾ ਚੰਦਰਸ਼ੇਖਰ ਨੇ ਕਿਹਾ ਕਿ ਉੱਤਰ ਪ੍ਰਦੇਸ਼ ਪੁਲਿਸ ਹਿੰਸਾ ਲਈ ਜ਼ਿੰਮੇਵਾਰ ਅਸਲ ਗੁਨਾਹਗਾਰਾਂ ਨੂੰ ਕਥਿਤ ਗ੍ਰਿਫ਼ਤਾਰ ਨਾ ਕਰਕੇ 'ਨਿਰਦੋਸ਼ ਲੋਕਾਂ' ਮਗਰ ਪਈ ਹੋਈ ਹੈ। ਉਸ ਨੇ ਕਿਹਾ ਕਿ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਵੱਲੋਂ ਰਾਜ ਦੀ ਕਮਾਨ ਸੰਭਾਲਣ ਮਗਰੋਂ ਦਲਿਤ ਭਾਈਚਾਰੇ 'ਤੇ ਤਸ਼ੱਦਦ ਦੀਆਂ ਘਟਨਾਵਾਂ 'ਚ



ਕਥਿਤ ਵਾਧਾ ਹੋਇਆ ਹੈ। ਉਸ ਨੇ ਕਿਹਾ, 'ਮੇਰਾ ਮੰਨਣਾ ਹੈ ਕਿ ਯੂਪੀ ਸਰਕਾਰ ਦਲਿਤਾਂ ਦੇ ਮੁੱਦਿਆਂ ਨਾਲ ਸਿੱਝਣ ਵਿੱਚ ਨਾਕਾਮ ਰਹੀ ਹੈ। ਮੁੱਖ ਮੰਤਰੀ ਦਾ ਪੁਲਿਸ ਤੇ ਪ੍ਰਸ਼ਾਸਨ 'ਤੇ ਕੋਈ ਕੰਟਰੋਲ ਨਹੀਂ ਰਿਹਾ। ਪਿਛਲੇ ਇਕ ਸਾਲ ਦੇ ਮੁਕਾਬਲੇ ਯੋਗੀ ਸਰਕਾਰ ਦੇ ਪਿਛਲੇ ਢਾਈ ਮਹੀਨਿਆਂ ਦੇ ਕਾਰਜਕਾਲ ਦੌਰਾਨ ਦਲਿਤਾਂ 'ਤੇ ਤਸ਼ੱਦਦ ਦੀਆਂ ਘਟਨਾਵਾਂ ਵਧੀਆਂ ਹਨ।' ਯਾਦ ਰਹੇ ਕਿ ਭੀਮ ਆਰਮੀ 5 ਮਈ ਨੂੰ ਸਹਾਰਨਪੁਰ ਦੇ ਸ਼ੱਬੀਰਪੁਰ ਪਿੰਡ ਵਿੱਚ ਦਲਿਤਾਂ ਤੇ ਠਾਕੁਰਾਂ ਵਿਚਾਲੇ ਹੋਈ ਲੜਾਈ ਮਗਰੋਂ ਸੁਰਖੀਆਂ 'ਚ ਆਈ ਸੀ। ਇਸ ਘਟਨਾ ਵਿੱਚ ਇਕ ਵਿਅਕਤੀ ਹਲਾਕ ਜਦਕਿ ਕਈ ਜ਼ਖ਼ਮੀ ਹੋ ਗਏ ਸਨ। ਫਿਰਕੂ ਹਿੰਸਾ ਦੇ ਇਸ ਮਾਮਲੇ 'ਚ ਯੂਪੀ ਪੁਲਿਸ ਨੂੰ ਚੰਦਰਸ਼ੇਖਰ ਮੁੱਖ ਮੁਲਜ਼ਮ ਵਜੋਂ ਲੋੜੀਂਦਾ ਹੈ ਤੇ ਪੁਲੀਸ ਨੇ ਬੀਤੇ ਦਿਨ ਉਸ ਦਾ ਥਹੁ ਪਤਾ ਦੇਣ ਵਾਲੇ ਲਈ 12 ਹਜ਼ਾਰ ਦਾ ਇਨਾਮ ਰੱਖਿਆ ਸੀ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)




ELITE REALTY SERVICES
Shangara Ram
Realtor
CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax: 916-917-5773
Office: 916-681-5112 shangararam2@gmail.com
7412 Elsie Ave., Sacramento, CA 95828



SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial



Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL TO HAPPY
Cell: (209)-487-2127
Ph: (209) 478-0285
Fax: (209) 477-3206

WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com



Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC
ARTIFICIAL
JEWELRY, SWEETS,
FRESH VEGETABLES
& MORE..



ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ

Super Eyebrow
Threading Now Open
Eyebrow Threading
& Henna Tattoo
7 times,
Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916-338-5511
Email:
IndiaMarketRoseville@gmail.com

# ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ



**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸੈਂਟਰਲ ਵੈਲੀ ਦੇ ਗੁਰਦੁਆਰਾ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸ਼ਹੀਦਾਂ ਦੇ ਸਿਰਤਾਜ਼ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਅਤੇ ਸੰਤ ਰਾਮਾਨੰਦ ਜੀ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ ਇਲਾਕੇ ਦੀਆਂ ਸਮੂੰਹ ਸੰਗਤਾਂ ਨੇ ਰਲ ਕੇ ਮਨਾਏ। ਇਸੇ ਸਮੇਂ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਸਮਾਗਮ ਹੋਏ।

ਜਿੰਨ੍ਹਾਂ ਵਿੱਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਭਾਈ ਰਾਮ ਸਿੰਘ ਦੇ ਜੱਥੇ ਨੇ ਕੀਰਤਨ ਦੀ ਹਾਜ਼ਰੀ ਭਰੀ। ਇਸ ਉਪਰੰਤ ਅਮਨਦੀਪ ਸਿੰਘ ਅਤੇ ਇੰਦਰਜੀਤ ਸਿੰਘ ਨੇ ਵੀ ਸ਼ਬਦ ਗਾਇਨ ਕੀਤੇ। ਇਸੇ ਦੌਰਾਨ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਧਰਮਿਕ ਗੀਤ ਗਾਏ। ਇਸ ਸਮੇਂ ਪ੍ਰਬੰਧਕ ਕਮੇਟੀ ਵੱਲੋਂ ਸਮੂੰਹ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ।



ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 9 ਜੂਨ 2017 ਦਿਨ ਸ਼ੁੱਕਰਵਾਰ ਸ਼ਾਮੀ 5 ਵਜੇ ਸੰਤ ਨਿਰਮਲ ਦਾਸ ਜੀ ਸਤਿਸੰਗ ਕਰਨਗੇ, ਜਿਸ ਦੌਰਾਨ ਲੰਗਰ ਸੇਵਾ ਪਵਨ ਕੁਮਾਰ ਵਿਰਦੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਜਾਵੇਗੀ। ਵਿਰਦੀ ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਕਿ ਇਸ ਮੌਕੇ ਗੁਰੂ ਘਰ ਹਾਜ਼ਰੀਆਂ ਲਵਾ ਕੇ ਜੀਵਨ ਸਫਲ ਕਰੀਏ ਜੀ ਅਤੇ ਸੰਤਾਂ ਦੇ ਪ੍ਰਵਚਨ ਸੁਣੀਏ।

# ਅਮਰੀਕਾ ਨੂੰ ਭਾਰਤ ਤੇ ਚੀਨ ਦੀ ਲੋੜ ਨਹੀ: ਹੇਲੀ

**ਵਾਸ਼ਿੰਗਟਨ–** ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਸਫ਼ੀਰ ਨਿੱਕੀ ਹੇਲੀ ਨੇ ਪੈਰਿਸ ਜਲਵਾਯੂ ਸਮਝੌਤੇ ਤੋਂ ਪਿੱਛੇ ਹਟਣ ਬਾਰੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਫੈਸਲੇ ਦੀ ਭਰਵੀਂ ਹਮਾਇਤ ਕਰਦਿਆਂ ਕਿਹਾ ਕਿ ਅਮਰੀਕਾ ਕੀ ਕਰੇ, ਇਸ ਬਾਰੇ ਸਾਨੂੰ ਭਾਰਤ, ਚੀਨ ਤੇ ਫਰਾਂਸ ਤੋਂ ਪੁੱਛਣ ਦੀ ਲੋੜ ਨਹੀਂ। ਚੀਨ ਮਗਰੋਂ ਦੁਨੀਆ ਦਾ ਦੂਜਾ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲਾ ਮੁਲਕ ਅਮਰੀਕਾ ਪਿਛਲੇ ਹਫ਼ਤੇ ਪੈਰਿਸ ਸਮਝੌਤੇ ਤੋਂ ਲਾਂਭੇ ਹੋ ਗਿਆ ਸੀ। ਭਾਰਤੀ-ਅਮਰੀਕੀ ਹੇਲੀ ਦੇ ਹਵਾਲੇ ਨਾਲ ਸੀਬੀਐਸ ਨਿਊਜ਼ ਨੇ ਕਿਹਾ, "ਮੇਰਾ ਮੰਨਣਾ ਹੈ ਕਿ ਸਾਨੂੰ ਆਪਣੇ ਵਾਤਾਵਰਨ ਦੀ ਸੰਭਾਲ ਬਾਰੇ ਵਿਸ਼ਵ ਕਿਵੇਂ ਦੱਸੇਗਾ। ਅਮਰੀਕਾ ਵਿੱਚ ਕੋਈ ਵੀ ਤੁਹਾਨੂੰ ਇਹ ਸਹੀ ਤਰੀਕੇ ਨਾਲ ਦੱਸ ਸਕਦਾ ਹੈ ਕਿ ਅਮਰੀਕਾ ਨੂੰ ਕੀ ਕਰਨਾ ਚਾਹੀਦਾ ਹੈ। ਸਾਨੂੰ ਇਸ ਗੱਲ ਦੀ ਲੋੜ ਨਹੀਂ ਕਿ ਭਾਰਤ, ਫਰਾਂਸ ਤੇ ਚੀਨ ਦੱਸੇ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ।" ਟਰੰਪ ਦੇ ਇਸ ਫੈਸਲੇ ਬਾਰੇ ਆਲਮੀ ਪ੍ਰਤੀਕਿਰਿਆ ਸਬੰਧੀ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਦੂਜੇ ਮੁਲਕਾਂ ਨੂੰ ਆਪਣਾ ਉਹ ਕੰਮ ਜਾਰੀ ਰੱਖਣਾ ਚਾਹੀਦਾ ਹੈ, ਜੋ ਉਨ੍ਹਾਂ ਦੇ ਹਿੱਤ ਵਿੱਚ ਹੋਵੇ।

ਹੇਲੀ ਨੇ ਟਰੰਪ ਦੇ ਫੈਸਲੇ ਦਾ ਬਚਾਅ ਕਰਦਿਆਂ ਕਿਹਾ ਕਿ ਪੈਰਿਸ ਜਲਵਾਯੂ ਸਮਝੌਤੇ ਅਧੀਨ ਲਾਗੂ ਬੰਦਸ਼ਾਂ ਨਾਲ ਵਪਾਰ ਨਹੀਂ ਚਲਾਇਆ ਜਾ ਸਕਦਾ

**ਟਰੰਪ ਜਲਵਾਯੂ ਮਸਲੇ ਪ੍ਰਤੀ ਵਚਨਬੱਧ: ਟਿਲਰਸਨ**

ਅਮਰੀਕਾ ਦੇ ਵਿਦੇਸ਼ ਮੰਤਰੀ ਰੈਕਸ ਟਿਲਰਸਨ ਨੇ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਜਲਵਾਯੂ ਤਬਦੀਲੀ ਦੇ ਮਸਲੇ ਪ੍ਰਤੀ ਵਚਨਬੱਧ ਰਹਿਣਾ ਚਾਹੁੰਦੇ ਹਨ ਅਤੇ ਉਨ੍ਹਾਂ ਇਸ ਮਸਲੇ ਨੂੰ ਛੱਡਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਪੈਰਿਸ ਜਲਵਾਯੂ ਸਮਝੌਤੇ ਤੋਂ ਹਟਣ ਦਾ ਟਰੰਪ ਦਾ ਫੈਸਲਾ ਇਸ ਧਾਰਨਾ ਉਤੇ ਨਿਰਭਰ ਸੀ ਕਿ ਇਸ ਦਾ ਅਮਰੀਕੀਆਂ ਨੂੰ ਫਾਇਦਾ ਨਹੀਂ ਹੋਵੇਗਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੰਤ ਨਿਰਮਲ ਦਾਸ ਜੀ ਨੇ ਇਲਾਹੀ ਕੀਰਤਨ ਨਾਲ ਸੰਗਤਾਂ ਨੂੰ ਕੀਤਾ ਨਿਹਾਲ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 3 ਅਤੇ 4 ਮਈ ਦਿਨ ਸ਼ਨਿਚਰਵਾਰ ਅਤੇ ਐਤਵਾਰ ਨੂੰ ਸ਼ਾਮ ਦੇ ਦੀਵਾਨ ਵਿਚ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਪ੍ਰਧਾਨ 108 ਸੰਤ ਨਿਰਮਲ ਦਾਸ ਜੀ ਡੇਰਾ ਬਾਬਾ ਜੋੜੇ ਰਾਇਪੁਰ ਰਸੋਲਪੁਰ (ਇੰਡੀਆ) ਜੀ ਨੇ ਇਲਾਹੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਮਹਾਂਪੁਰਖਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਮਹੱਤਵ ਬਾਰੇ ਸੰਗਤਾਂ ਨੂੰ ਦੱਸਿਆ ਕਿ ਇਸ ਸੰਸਾਰ ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਹੀ ਸੰਗਤਾਂ ਨੂੰ ਮੁਕਤੀ ਦਿਵਾ ਸਕਦੇ ਹਨ। ਇਸ ਲਈ ਹਰ ਪ੍ਰਾਣੀ ਨੂੰ ਚਾਹੀਦਾ ਹੈਕਿ ਉਹ ਗੁਰੂ ਸਾਹਿਬ ਦੀ ਬਾਣੀ ਦਾ ਨਿਤਨੇਮ ਕਰੇ ਅਤੇ ਬਾਣੀ ਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਵਿਚ ਲਿਆਵੇ ਤਾਂ ਜੋ ਇਸ ਭਵਜਲ ਤੋਂ ਸੰਸਾਰ ਮੁਕਤ ਹੋ ਸਕੇ।

ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀਮਾਨ ਸੰਤ ਨਿਰਮਲ ਦਾਸ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਪਰਿਵਾਰ ਦੀ ਤੰਦਰੁਸਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 21 ਮਈ ਦਿਨ ਐਤਵਾਰ ਨੂੰ ਸ੍ਰੀ ਮਨਜੀਤ ਸਿੰਘ, ਬੀਬੀ ਹਰਵਿੰਦਰ ਕੌਰ ਰਾਏ ਜੀ ਨੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ, ਜਿਸ ਵਿਚ ਐਤਵਾਰ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਬੀਬੀ ਪਰਮੀਤ ਕੌਰ ਜੀ, ਜੋ ਭਾਰਤ ਤੋਂ ਆਏ ਹਨ, ਜੀ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।

ਸਟੇਜ ਸੈਕਟਰੀ ਦੀ ਸੇਵਾ ਗੁਰੂ ਘਰ ਦੇ ਵਾਈਸ ਪ੍ਰਧਾਨ ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ ਨੇ ਕੀਤੀ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਮਨਜੀਤ ਸਿੰਘ ਰਾਏ, ਬੀਬੀ ਹਰਵਿੰਦਰ ਕੌਰ ਰਾਏ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਬੀਬੀ ਪਰਮਜੀਤ ਕੌਰ ਜੀ ਦੇ ਜਥੇ ਨੂੰ ਵੀ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਸ੍ਰੀ ਅਖੰਡ ਪਾਠ ਸਾਹਿਬ ਕਰਵਾਏ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 26 ਤੋਂ 28 ਮਈ ਦਿਨ ਸ਼ੁੱਕਰਵਾਰ ਤੋਂ ਐਤਵਾਰ ਤੱਕ ਸ੍ਰੀ ਗੁਰਮੇਜ ਸਿੰਘ, ਬੀਬੀ ਜਗਜੀਤ ਕੌਰ ਪਰਿਵਾਰ ਵੱਲੋਂ ਆਪਣੇ ਪਰਿਵਾਰ ਦੀ ਤੰਦਰੁਸਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕਰਵਾਈ ਗਈ, ਜਿਸ ਵਿਚ 26 ਮਈ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 28 ਮਈ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸਟੇਜ ਸੈਕਟਰੀ ਦੀ ਸੇਵਾ ਗੁਰੂ ਘਰ ਦੇ ਵਾਈਸ ਪ੍ਰਧਾਨ ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ ਨੇ ਨਿਭਾਈ। ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰਮੇਜ ਸਿੰਘ, ਬੀਬੀ ਜਗਮੀਤ ਕੌਰ ਜੀ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਮਾਣਯੋਗ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਲੰਡਨ ਹਮਲਾ: ਤੀਜੇ ਹਮਲਾਵਰ ਦੀ ਪਛਾਣ ਵੀ ਜ਼ਾਹਰ

**ਲੰਡਨ–** ਲੰਡਨ ਵਿੱਚ ਬੀਤੇ ਦਿਨ ਹੋਏ ਦਹਿਸ਼ਤੀ ਹਮਲੇ ਵਿੱਚ ਸ਼ਾਮਲ ਤੀਜੇ ਹਮਲਾਵਰ ਦਾ ਨਾਂ ਵੀ ਪੁਲੀਸ ਨੇ ਜ਼ਾਹਰ ਕਰ ਦਿੱਤਾ, ਜਦੋਂਕਿ ਲੋਕਾਂ ਵਿੱਚ ਇਸ ਗੱਲ ਨੂੰ ਲੈ ਕੇ ਗੁੱਸਾ ਹੈ ਕਿ ਇਹ ਜਹਾਦੀ ਦੇਸ਼ ਦੇ ਸੂਹੀਆ ਤੰਤਰ ਦੀ ਨਜ਼ਰ ਤੋਂ ਕਿਵੇਂ ਬਚ ਗਏ। ਸ਼ਨਿੱਚਰਵਾਰ ਰਾਤੀਂ ਹੋਏ ਇਸ ਹਮਲੇ ਵਿੱਚ ਸੱਤ ਜਣਿਆਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਸਨ, ਜਿਨ੍ਹਾਂ ਦੀ ਯਾਦ ਵਿੱਚ ਬਰਤਾਨੀਆ ਭਰ ਵਿੱਚ ਸਵੇਰੇ 11 ਵਜੇ ਦੋ ਮਿੰਟ ਦਾ ਮੌਨ ਧਾਰਿਆ ਗਿਆ। ਪੁਲੀਸ ਨੇ ਹਮਲੇ ਵਿੱਚ ਸ਼ਾਮਲ ਤੀਜੇ ਦਹਿਸ਼ਤਗਰਦ ਦੀ ਪਛਾਣ ਯੂਸਫ਼ ਜ਼ਾਗਬਾ (22) ਵਜੋਂ ਕੀਤੀ ਹੈ, ਜੋ ਮੋਰੱਕਨ ਮੂਲ ਦਾ ਇਤਾਲਵੀ ਸੀ। ਇਸ ਤੋਂ ਪਹਿਲਾਂ ਬਾਕੀ ਦੋ ਹਮਲਾਵਰਾਂ ਦੀ ਸ਼ਨਾਖ਼ਤ – ਪਾਕਿਤਾਨੀ ਮੂਲ ਦੇ ਬਰਤਾਨਵੀ ਖ਼ੁੱਰਮ ਸ਼ਾਹਜ਼ਾਦ ਬੱਟ (27) ਤੇ ਮੋਰੱਕਨ-ਲਿਬਿਅਨ ਦੋਹਰੀ ਨਾਗਰਿਕਤਾ ਵਾਲੇ ਰਾਸ਼ਿਦ ਰੈਡੂਨੇ (30) ਵਜੋਂ ਕੀਤੀ ਗਈ ਹੈ। ਇਸ ਦੌਰਾਨ ਪੁਲੀਸ ਨੇ ਇਸ ਸਬੰਧੀ ਵਿੱਚ ਅੱਜ ਤੜਕੇ ਪੂਰਬੀ ਲੰਡਨ ਵਿੱਚੋਂ ਇਕ 27 ਸਾਲਾ ਮਸ਼ਕੂਕ ਨੂੰ ਗ੍ਰਿਫ਼ਤਾਰ ਕੀਤਾ। ਇਸ ਸਬੰਧੀ ਪਹਿਲਾਂ ਗ੍ਰਿਫ਼ਤਾਰ 12 ਵਿਅਕਤੀਆਂ ਨੂੰ ਬਿਨਾਂ ਕੋਈ ਦੋਸ਼ ਆਇਦ ਕੀਤੇ ਰਿਹਾਅ ਕਰ ਦਿੱਤਾ ਗਿਆ ਹੈ। ਪੁਲੀਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ 'ਪੁਲੀਸ ਤੇ ਐ-ਮਆਈ5 ਨੂੰ ਬੱਟ ਬਾਰੇ ਜਾਣਕਾਰੀ ਸੀ', ਪਰ ਇਹ ਨਹੀਂ ਸੀ ਪਤਾ ਕਿ ਉਹ ਹਮਲੇ ਦੀ ਯੋਜਨਾ ਬਣਾ ਰਹੇ ਸਨ। ਜ਼ਾਗਬਾ ਬਾਰੇ ਪੁਲੀਸ ਨੂੰ ਕੋਈ ਸੂਹ ਨਹੀਂ ਸੀ। ਇਸ ਦੌਰਾਨ ਪਾਕਿਸਤਾਨੀ ਸੁਰੱਖਿਆ ਏਜੰਸੀਆਂ ਨੇ ਹਮਲਾਵਰ ਬੱਟ ਦੇ ਰਿਸ਼ਤੇਦਾਰਾਂ ਦੇ ਲਹਿੰਦੇ ਪੰਜਾਬ ਦੇ ਜਿਹਲਮ ਇਲਾਕੇ ਵਿੱਚ ਸਥਿਤ ਹੋਟਲ ਉਤੇ ਛਾਪਾ ਮਾਰ ਕੇ ਤਲਾਸ਼ੀ ਲਈ।

# ਪੰਜਾਬੀ ਅਮਰੀਕਨ ਹੈਰੀਟੇਜ ਸੁਸਾਇਟੀ ਯੂਬਾ ਸਿਟੀ ਵੱਲੋਂ ਕਰਵਾਏ ਗਏ ਸਭਿਆਚਾਰਕ ਪ੍ਰੋਗਰਾਮ 'ਚ ਵੱਖ-ਵੱਖ ਵੰਨਗੀਆਂ ਦੇਖਣ ਨੂੰ ਮਿਲੀਆਂ

**ਯੂਬਾ ਸਿਟੀ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ–** ਹਰ ਵਰ੍ਹੇ ਯੂਬਾ ਸਿਟੀ ਵਿਚ ਕਰਵਾਏ ਜਾਂਦੇ ਵਿਸ਼ਾਲ ਸਭਿਆਚਾਰਕ ਪ੍ਰੋਗਰਾਮ ਵਚ ਐਤਕਾਂ ਵੀ ਪ੍ਰਭਾਵਸ਼ਾਲੀ ਆਈਟਮਾਂ ਦੇਖਣ ਨੂੰ ਮਿਲੀਆਂ। ਇਕ ਪਾਸੇ ਜਿੱਥੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ। ਉਥੇ ਦੂਸਰੇ ਪਾਸੇ ਪੰਜਾਬੀ ਗਾਇਕਾਂ, ਜਿਹਨਾਂ 'ਚ ਜੈਜ਼ੀ ਬੈਂਸ, ਕੌਰ ਬੀ, ਪ੍ਰਭ ਗਿੱਲ ਨੇ ਆਪਣਾ ਪਿੜ ਮੱਲੀ ਰੱਖਿਆ। ਇਸ ਵਿਸ਼ਾਲ ਸਮਾਗਮ ਦੌਰਾਨ ਕੁਝ ਖਾਸ ਗੱਲਾਂ ਨੇ ਸਮਾਗਮ ਨੂੰ ਸਦੀਵੀ ਬਣਾ ਦਿੱਤਾ, ਜਿਹਨਾਂ 'ਚ ਉਸ ਗੋਰੇ ਨੌਜਵਾਨ ਇਆਨ ਗਰਿਲੋਟ ਜਿਸਨੇ ਪਿਛਲੇ ਦਿਨੀਂ ਕਨਸਾਸ ਸ਼ਹਿਰ ਦੇ ਬਾਰ ਤੇ ਗਰਿੱਲ ਵਿਚ ਦੋ ਭਾਰਤੀ ਲੋਕਾਂ ਉਪਰ ਨਸਲੀ ਵਿਤਕਰੇ ਵਜੋਂ ਚਲਾਈ ਗੋਲੀ ਨੂੰ ਮੂਹਰੇ ਹੋ ਕੇ ਰੋਕਿਆ, ਜਿਸਦੀ ਛਾਤੀ ਤੇ ਹੱਥ ਵਿਚ ਗੋਲੀ ਲੱਗ ਗਈ ਸੀ, ਨੂੰ ਮੁੱਖ ਮਹਿਮਾਨ ਵਜੋਂ ਸੱਦਿਆ ਗਿਆ। ਦੂਸਰਾ ਇਸ ਸਮਾਗਮ ਦੌਰਾਨ ਇਕ ਹਾਲ ਵਿਚ ਦੋ ਡਾਕੂਮੈਂਟਰੀ ਫਿਲਮਾਂ ਦਿਖਾਈਆਂ ਗਈਆਂ, ਜਿਹਨਾਂ ਵਿਚ ਇਕ ਬਾਇਓਗ੍ਰਾਫੀ ਸ. ਭਗਤ ਸਿੰਘ ਥਿੰਦ ਉਤੇ ਬਣੀ ਹੋਈ ਤੇ ਦੂਸਰੀ ਕੋਰਟ ਕੇਸ ਜੋ ਹਾਲੀਵੁੱਡ ਐਕਟਰ ਵਾਰਿਸ ਆਹਲੂਵਾਲੀਆ ਤੇ ਦਿਖਾਈ ਗਈ, ਸਲਾਹੁਣਯੋਗ ਸੀ। ਇਸ ਸਮਾਗਮ ਵਿਚ ਹੋਰ ਵੱਖ-ਵੱਖ ਸਭਿਆਚਾਰਕ ਆਈਟਮਾਂ ਵਿਚ ਵਿਸ਼ੇਸ਼ ਤੌਰ ਤੇ 'ਨੱਚਦਾ ਸੰਸਾਰ, ਪੰਜਾਬ ਦਾ ਮਾਣ, ਰੰਗਲਾ ਪੰਜਾਬ, ਗੱਭਰੂ ਪੰਜਾਬ ਦੇ, ਸਿੱਖ ਪਾਉਂਦੇ ਧਮਾਲ, ਮਾਣ ਪੰਜਾਬ ਦਾ, ਸ਼ਾਨ ਮੁਟਿਆਰਾਂ ਦੀ, ਵਿਰਸਾ ਪੰਜਾਬ ਦਾ, ਸ਼ੌਕੀਨ ਮਜਾਜਣਾਂ, ਨੱਚਦੀਆਂ ਕਲੀਆਂ,



ਪੰਜਾਬੀ ਬੁਆਏਜ਼, ਨਖਰਾ ਮੁਟਿਆਰਾਂ ਦਾ, ਪੰਜਾਬੀ ਡ੍ਰੀਮ, ਯਾਰ ਅਣ-ਮੁੱਲੇ, ਅਸ਼ੋਕ ਟਾਂਕਰੀ ਦੀ ਕਾਮੇਡੀ, ਮਹਿਕ ਪੰਜਾਬ ਦੀ, ਫੈਸ਼ਨ ਸ਼ੋਅ, ਰੌਣਕ ਪੰਜਾਬ ਦੀ ਤੋਂ ਇਲਾਵਾ ਗਿੱਧਾ ਮੁਟਿਆਰਾਂ ਦਾ ਜੋ ਯੂਬਾ ਸਿਟੀ ਦੀ ਔਰਤਾਂ ਵੱਲੋਂ ਤਿਆਰ ਕੀਤਾ ਗਿਆ ਸੀ, ਸਲਾਹੁਣਯੋਗ ਸੀ। ਇਸ ਮੌਕੇ ਪੰਜਾਬੀ ਅਮਰੀਕਨ ਹੈਰੀਟੇਜ਼ ਸੁਸਾਇਟੀ ਵੱਲੋਂ ਹੋਣਾਰ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ, ਜਿਹਨਾਂ ਨੇ ਸਕਾਲਰਸ਼ਿਪ ਪ੍ਰਾਪਤ ਕੀਤਾ ਹੈ। ਪ੍ਰੋਗਰਾਮ ਦੇ ਅਖੀਰ ਵਿਚ ਮੁੱਖ ਕਲਾਕਾਰਾਂ ਨੂੰ ਪੇਸ਼ ਕੀਤਾ ਗਿਆ, ਜਿਹਨਾਂ 'ਚ ਪ੍ਰਭ ਗਿੱਲ, ਕੌਰ ਬੀ ਤੇ ਜੈਜੀ ਬੈਂਸ ਨੇ ਆਪੋ ਆਪਣੇ ਚਰਚਿਤ ਗੀਤ ਪੇਸ਼ ਕੀਤੇ। ਜੈਜੀ ਬੈਂਸ ਨੇ ਆਪੋ ਆਪਣੇ ਚਰਚਿਤ ਗੀਤ ਪੇਸ਼ ਕੀਤੇ। ਜੈਜ਼ੀ ਬੈਂਸ ਵੱਲੋਂ ਪਾਈ ਪੁਸ਼ਾਕ ਨੇ ਸੂਝਵਾਨ ਦਰਸ਼ਕਾਂ ਦੇ ਮੱਥੇ ਤੇ ਤਿਊੜੀਆਂ ਜ਼ਰਗੂਰ ਲਿਆਂਦੀਆਂ। ਜੈਜੀ ਬੈਂਸ ਦੇ ਪਾਏ ਕਾਲੇ ਰੰਗ ਦੇ ਕੁੜਤੇ ਉਪਰ ਲਿਖਿਆ ਜਾਤੀ ਸੂਚਕ 'ਬਿਲੋ ਤੇਰਾ ਜੱਟ' ਦਰਸ਼ਕਾਂ ਦੇ ਨੱਕ ਚੜ੍ਹਾਉਂਦਾ ਸੀ। ਇਸ ਮੌਕੇ ਸਟੇਜ ਦੀ ਸੰਚਾਲਨਾ ਹਰਜੀਤ ਕੌਰ ਤੇ ਜਸਵੰਤ ਸ਼ਾਦ ਨੇ ਕੀਤੀ।ਯੂਬਾ ਸਿਟੀ ਦੇ ਮੇਅਰ ਸਟੇਨਲੀ ਕਲੀਵਲੈਂਡ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ, ਜਿਹਨਾਂ ਨੇ ਡਾ. ਗੁਰਪ੍ਰੀਤ ਧੁੱਗਾ ਵੱਲੋਂ ਵੱਖ ਵੱਖ ਬਿਮਾਰੀਆਂ ਦੇ ਸੌਖੇ ਇਲਾਜਾਂ ਉਪਰ ਲਿਖੀ ਕਿਤਾਬ 'ਹੈਲਥ ਗਾਈਡ' ਭੇਂਟ ਕੀਤੀ ਗਈ। ਇਸ ਮੌਕੇ ਸੰਸਥਾ ਦੇ ਪ੍ਰਬੰਧਕ ਡਾ. ਜਸਬੀਰ ਸਿੰਘ ਕੰਗ ਨੇ ਆਏ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ ਤੇ ਸੰਸਥਾ ਵੱਲੋਂ ਕੁਝ ਨਾਮਵਰ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

**ਕੁਝ ਤਕਨੀਕੀ ਖਾਮੀਆਂ ਅਤੇ ਸੰਪਾਦਕ ਦੇ ਇੰਡੀਆ ਦੌਰੇ ਕਾਰਨ ਅਸੀਂ ਦੇਸ਼ ਦੁਆਬਾ ਦਾ 31 ਮਈ 2017 ਦਾ ਅੰਕ ਨਹੀਂ ਦੇ ਸਕੇ। ਪਾਠਕਾਂ ਦੀ ਅਸੁਵਿਧਾ ਲਈ ਮੁਆਫੀ ਚਾਹੁੰਦੇ ਹਾਂ। ਹੁਣ ਦੇਸ਼ ਦੁਆਬਾ ਦੇ ਵੀਕਲੀ ਐਡੀਸ਼ਨ ਲਗਾਤਾਰ ਛਪਦੇ ਰਹਿਣਗੇ। – ਸੰਪਾਦਕ**

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਸੈਲਮਾ ਵਿਖੇ ਬਾਬਾ ਸਾਹਿਬ ਡਾ.ਅੰਬੇਡਕਰ ਦਾ ਜਨਮ ਦਿਨ ਮਨਾਇਆ








## ਪ੍ਰਨੀਤ ਕੌਰ ਨੇ ਸਕੂਲ ਅਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ

**ਸੰਗਰੂਰ (ਕੁਲਵੰਤ ਸਿੰਘ ਟਿੱਬਾ)–** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਿੱਬਾ ਦੀ ਹੋਣਹਾਰ ਵਿਦਿਆਰਥਣ ਪ੍ਰਨੀਤ ਕੌਰ ਪੁੱਤਰੀ ਹਰਬੰਸ ਸਿੰਘ ਵਾਸੀ ਗੁਰਬਖਸਪੁਰਾ ਨੇ ਦਸਵੀਂ ਦੀ ਪ੍ਰੀਖਿਆ ਵਿਚੋਂ 87% ਨੰਬਰ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਂ ਰੌਸ਼ਨ ਕੀਤਾ ਹੈ। ਜ਼ਿਕਰਯੋਗ ਹੈ ਕਿ ਪ੍ਰਨੀਤ ਕੌਰ ਇੱਕ ਦਲਿਤ ਮਜ਼ਦੂਰ ਪਰਿਵਾਰ ਨਾਲ ਸਬੰਧਿਤ ਹੈ ਅਤੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਨੂੰ ਆਪਣਾ ਪ੍ਰੇਰਨਾ ਸ੍ਰੋਤ ਮੰਨਦੀ ਹੈ। ਪ੍ਰਨੀਤ ਕੌਰ ਨੇ ਇਸ ਤੋਂ ਪਹਿਲਾ ਵੀ ਪ੍ਰਬੁੱਧ ਭਾਰਤ ਫਾਊਡੇਸਨ ਵੱਲੋਂ ਸਾਲ 2016



ਵਿੱਚ ਡਾ. ਅੰਬੇਡਕਰ ਸਬੰਧੀ ਹੋਏ ਸੂਬਾ ਪੱਧਰੀ ਪ੍ਰੀਖਿਆ ਵਿੱਚ ਇਨਾਮ ਜਿੱਤਿਆ ਸੀ। ਸਕੂਲ ਪ੍ਰਿੰਸੀਪਲ ਸ੍ਰੀ ਰਾਜਿੰਦਰ ਕੁਮਾਰ ਸਮੇਤ ਇਲਾਕਾ ਨਿਵਾਸੀਆਂ ਨੇ ਵਧਾਈ ਪੇਸ਼ ਕਰਦਿਆਂ ਆਸ ਕੀਤੀ ਕਿ ਭਵਿੱਖ ਵਿੱਚ ਵੀ ਪ੍ਰਨੀਤ ਕੌਰ ਇਸੇ ਤਰਾਂ ਦਾ ਸ਼ਾਨਦਾਰ ਪ੍ਰਦਰਸ਼ਨ ਕਰੇਗੀ। ਸਕੂਲ ਅੰਦਰ ਆਯੋਜਿਤ ਇੱਕ ਸਲਮਾਨ ਸਮਾਗਮ ਦੌਰਾਨ ਪ੍ਰਨੀਤ ਕੌਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ।






**ਸੈਲਮਾ–** ਸ੍ਰੀ ਗੁਰੂ ਰਵਿਦਾਸ ਗੁਰੂ ਘਰ ਸੈਲਮਾ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਨੇ ਬੀਤੇ ਦਿਨੀਂ ਗੁਰੂ ਘਰ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦਾ 126ਵਾਂ ਜਨਮ ਦਿਨ ਬਹੁਤ ਉਤਸ਼ਾਹ ਨਾਲ ਮਨਾਇਆ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਜਿਹਨਾਂ ਵਿਚ ਭਾਈ ਹਰਬਲਾਸ ਸਿੰਘ ਝਿੰਗੜ, ਅਵਤਾਰ ਸਿੰਘ, ਰਜਿੰਦਰ ਗੰਗੜ, ਜਸਵੀਰ ਮੋਮੀ, ਰਾਜ ਗੁਰੂ, ਮਨਦੀਪ ਕੌਰ ਅਤੇ ਅਮਰ ਦੜੌਚ ਆਦਿ ਦੇ ਨਾਂ ਵਰਣਨਯੋਗ ਹਨ, ਨੇ ਆਈ ਸੰਗਤ ਨੂੰ ਬਾਬਾ ਸਾਹਿਬ ਦੇ ਮਿਸ਼ਨ, ਪ੍ਰਾਪਤੀਆਂ ਅਤੇ ਉਹਨਾਂ ਦੇ ਉਦੇਬਾਂ ਬਾਰੇ ਚਾਨਣਾ ਪਾਇਆ।


33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com



Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:

Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

Capital services

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us

# ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਵੱਲੋਂ ਕਰਵਾਇਆ ਦਸਵਾਂ ਸੱਭਿਆਚਾਰਕ ਮੇਲਾ ਯਾਦਗਾਰੀ ਹੋ ਨਿਬੜਿਆ












**ਫਰਿਜਨੋਂ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਵੱਲੋਂ ਫਰਿਜਨੋਂ ਦੇ ਵੁਡਵਰਡ ਪਾਰਕ ਵਿੱਚ ਕਰਵਾਇਆ ਦਸਵਾਂ ਸਲਾਨਾ ਸੱਭਿਆਚਾਰਿਕ ਮੇਲਾ ਯਾਦਗਾਰੀ ਹੋ ਨਿਬੜਿਆ। ਕਿਰਨ ਮਹਿੰਮੀ ਤੇ ਰੂਬੀ ਸਰਾਂ ਵੱਲੋਂ ਵੱਲੋਂ ਤਿਆਰ ਕੀਤੀਆਂ ਗਿੱਧੇ ਭੰਗੜੇ ਦੀਆਂ ਟੀਮਾਂ ਨੇ ਖੂਬ ਰੰਗ ਬੰਨਿਆ। ਜੋਤ ਰਣਜੋਤ, ਜਗਦੀਪ ਰੰਧਵਾ, ਹਰਮਨ ਦੀਪ, ਪ੍ਰਿੰਸ਼ ਰੌਸ਼ਨ ਅਤੇ ਮਿੱਸ ਪੂਜਾ ਨੇ ਆਪਣੀ ਗਾਇਕੀ ਰਾਂਹੀ ਸਰੋਤੇ ਕੀਲੀ ਰੱਖੇ। ਚੰਗੇ ਮਿਊਜ਼ਿਕ ਅਤੇ ਵਧੀਆ ਸਾਂਊਡ ਸਿਸਟਮ ਲਈ ਪੁਨੀਤ ਦੀ ਪੂਰੀ ਟੀਮ ਵਧਾਈ ਦੀ ਪਾਤਰ ਹੈ। ਮੇਲੇ ਵਿੱਚ ਲੱਗੇ ਸਾਜੋ ਸਮਾਨ ਅਤੇ ਖਾਣ ਪੀਣ ਦੇ ਸਟਾਲ ਵੀ ਦਰਸ਼ਕਾਂ ਲਈ ਖਾਸ ਖਿੱਚ ਦਾ ਕੇਂਦਰ ਬਣੇ ਰਹੇ। ਸਕਿਉਰਟੀ ਦੇ ਪੁਖਤਾ ਪ੍ਰਬੰਧਾਂ ਦੀ ਸਿਫਤ ਕਰਨੀ ਬਣਦੀ ਹੈ। ਕੁਝ ਕੁ ਸੱਜਣ ਇਸ ਗੱਲੋਂ ਖਫ਼ਾ ਸਨ ਕਿ ਮਿੱਸ ਪੂਜਾ ਗਾਉਣ ਦੀ ਬਜਾਏ ਗੱਲਾਂ ਜਿਆਦਾ ਸਣਾਉਦੀ ਰਹੀ। ਰੇਡੀਓ ਪੰਜਾਬ ਵੱਲੋਂ ਰੈਫਲ ਵੀ ਕੱਢੇ ਗਏ। ਸ਼ਿਆਰਾ ਸਿੰਘ ਢੀਡਸਾ ਓਮਨੀ ਵੀਡੀਓ ਬੇਕਰਸਫੀਲਡ ਵਾਲਿਆ ਨੇ ਮੇਲੇ ਦੇ ਯਾਦਗਾਰੀ ਪਲ੍ਹਾਂ ਨੂੰ ਕੈਮਰਾਬੰਧ ਕੀਤਾ। ਲੋੜਵੰਦ ਲੋਕਾਂ ਦੀ ਨਿਰਸਵਾਰਥ ਸੇਵਾ ਕਰ ਰਹੀ ਸਹਾਇਤਾ ਸੰਸਥਾਂ ਦੇ ਮੋਢੀ ਮੈਬਰ ਡਾ. ਹਰਕੇਸ਼ ਸੰਧੂ ਤੇ ਸਰੂਪ ਸਿੰਘ ਜੀ ਦਾ ਪੀਸੀਏ ਮੈਂਬਰਾ ਵੱਲੋਂ ਸਨਮਾਨ ਵੀ ਕੀਤਾ ਗਿਆ। ਸਟੇਜ ਸੰਚਾਲਨ ਸ਼ਕਤੀ ਮਾਣਕ ਨੇ ਬਾਖੂਬੀ ਕੀਤਾ। ਮਿੱਕੀ ਸਰਾਂ ਅਤੇ ਪੀਸੀਏ ਦੀ ਪੂਰੀ ਟੀਮ ਇਸ ਕਾਮਯਾਬ ਮੇਲੇ ਲਈ ਵਧਾਈ ਦੀ ਪਾਤਰ ਹੈ। ਸਮੂਹ ਸਪਾਂਸਰ ਅਤੇ ਦਰਸਕਾਂ ਦਾ ਮੇਲੇ ਨੂੰ ਕਾਮਯਾਬ ਬਣਾਉਣ ਲਈ ਪੀਸੀਏ ਵੱਲੋਂ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ ਗਿਆ। ਮੇਲੇ ਵਿੱਚ ਆਮ ਲੋਕਾਂ ਲਈ ਮੁਫਤ ਦਾਖਲਾ ਹੋਣ ਕਰਕੇ ਦਰਸ਼ਕਾਂ ਦਾ ਰਿਕਾਰਡ ਤੋੜ ਇਕੱਠ ਪੰਜਾਬ ਦੇ ਕਿਸੇ ਸੱਭਿਆਚਾਰਿਕ ਮੇਲੇ ਦਾ ਭੁਲੇਖਾ ਪਾ ਰਿਹਾ ਸੀ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਮੇਲਾ ਯਾਦਗਾਰੀ ਹੋ ਨਿਬੜਿਆ।

# ਫਰਿਜ਼ਨੋ ਵਿਖੇ ਐਸ. ਐਮ. ਬ੍ਰਦਰਜ਼ ਇਨਕਲਿਵ ਵੱਲੋਂ ਕਰਵਾਏ ਗਏ ਨਾਮਵਰ ਗਾਇਕਾਂ ਦੇ ਸ਼ੋਅ ਨੂੰ ਭਰਵਾਂ ਹੁੰਗਾਰਾ

## ਜ਼ੈਜ਼ੀ ਬੀ, ਕੌਰ ਬੀ, ਪ੍ਰਭ ਗਿੱਲ ਅਤੇ ਮੈਡੀ ਤੱਖਰ ਨੇ ਕੀਤਾ ਮੰਨੋਰੰਜਨ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ):** ਸ਼ੈਂਟਰਲ ਵੈਲੀ ਦਾ ਸ਼ਹਿਰ ਫਰਿਜ਼ਨੋ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਿੱਚ ਸਭ ਤੋਂ ਅੱਗੇ ਹੈ। ਜਿੱਥੇ ਹਰ ਹਫਤੇ ਪੰਜਾਬੀਅਤ ਨਾਲ ਸੰਬੰਧਤ ਸਰਗਰਮੀਆਂ ਚਲਦੀਆਂ ਰਹਿੰਦੀਆਂ ਹਨ। ਇਸੇ ਲੜੀ ਅਧੀਨ ਵਿਸਾਖੀ ਸੈਲੀਵਰੇਸ਼ਨ ਦੇ ਨਾਮ ਹੇਠ ਫਰਿਜ਼ਨੋ ਵਿਖੇ ਵੱਡੇ ਵੇਅਰਹਾਊਸ ਐੱਸ.ਐਮ. ਬ੍ਰਦਰਜ਼ ਇਨਕਲਿਵ (S.M. Brothers Inc.) ਦੇ ਮਾਲਕ ਜਸਬੀਰ ਸਿੰਘ ਸਰਾਏ ਅਤੇ ਸੰਨਦੀਪ ਮੇਹਟ ਨੇ ਗਰੈਂਡ ਸਪਾਂਸ਼ਰ ਨਵਜੀਤ ਚਾਹਲ ਅਤੇ ਹੋਰ ਸ਼ਹਿਯੋਗੀਆ ਨਾਲ ਰਲ ਕੇ ਫਰਿਜ਼ਨੋ ਦੇ ਵਾਰਨਰ ਥੀਏਟਰ ਵਿੱਚ ਪੰਜਾਬੀ ਗਾਇਕੀ ਦੀ ਬੁਲੰਦ ਅਵਾਜ਼ ਦੇ ਮਾਲਕ ਜ਼ੈਜ਼ੀ ਬੀ, ਕੌਰ ਬੀ, ਪ੍ਰਭ ਗਿੱਲ ਅਤੇ ਮੈਡੀ ਤੱਖਰ ਦਾ ਕਾਮਯਾਬ ਸ਼ੋ ਕਰਵਾਇਆ। ਜਿਸ ਦੇ ਪਹਿਲੇ ਦਿਨ ਕਲਾਕਾਰਾ ਨਾਲ ਉਨ੍ਹਾਂ ਦੇ ਚਾਹਵਾਨ ਸਰੋਤਿਆ ਨੂੰ ਮਿਲਾਇਆ ਗਿਆ। ਜਿਸ ਸਮੇਂ ਫੋਟੋ ਸ਼ੈਸ਼ਨ ਬਾਅਦ ਸਭ ਨੇ ਸ਼ਾਨਦਾਰ ਡਿਨਰ ਦਾ ਅਨੰਦ ਮਾਣਿਆ। ਇਸ ਉਪਰੰਤ ਅਗਲੇ ਦਿਨ ਹੋਏ ਗਾਇਕੀ ਦੇ ਸ਼ੋ ਵਿੱਚ ਇਨ੍ਹਾਂ ਨਾਮਵਰ ਗਾਇਕਾ ਨੇ ਖਚਾ-ਖਚ ਭਰੇ ਹਾਲ ਵਿੱਚ ਇੰਨ੍ਹਾਂ ਕਲਾਕਾਰਾ ਨੇ ਚਾਰ ਘੰਟੇ ਤੋਂ ਵਧੀਕ ਲਗਾਤਾਰ ਹਾਜ਼ਰੀਨ ਦਾ ਮੰਨੋਰੰਜਨ ਕੀਤਾ। ਜਿਸ ਦੀ ਸੁਰੂਆਤ ਪ੍ਰਭ ਗਿੱਲ ਨੇ ਪ੍ਰਮਾਤਮਾ ਦੇ ਸੁਕਰਾਨੇ ਦੇ ਗੀਤ ਨਾਲ ਕੀਤੀ ਅਤੇ ਆਪਣੇ ਹੋਰ ਗੀਤ ਗਾਏ। ਇਸ ਉਪਰੰਤ ਕੌਰ ਬੀ. ਨੇ ਆਪਣੇ




ਗੀਤਾਂ ਰਾਹੀ ਰੰਗ ਬੰਨਿਆਂ। ਜਦ ਕਿ ਪ੍ਰੋਗਰਾਮ ਨੂੰ ਸਿਖਰਾਂ 'ਤੇ ਜ਼ੈਜ਼ੀ ਬੀ. ਦੀ ਗਾਇਕੀ ਨੇ ਪਹੁੰਚਾਇਆ। ਜਿਸ ਨੇ ਮਰਹੂਮ ਉਸਤਾਦ ਗਾਇਕ ਕੁਲਦੀਪ ਮਾਣਕ ਨੂੰ ਯਾਦ ਕਰਦੇ ਹੋਏ, ਉਨ੍ਹਾਂ ਨਾਲ ਬਿਤਾਏ ਯਾਦਗਰੀ ਪਲਾਂ ਅਤੇ ਗਾਇਕੀ ਨੂੰ ਵੀ ਸਾਂਝਾ ਕੀਤਾ। ਇਸੇ ਦੌਰਾਨ ਜ਼ੈਜ਼ੀ ਬੀ. ਅਤੇ ਕੌਰ ਬੀ. ਨੇ ਦੋਗਾਣੇ ਗਾ ਕੇ ਵੀ ਬੱਲੇ-ਬੱਲੇ ਕਰਵਾਈ। ਇਸੇ ਦੌਰਾਨ ਪੰਜਾਬੀ ਫਿਲਮਾਂ ਦੀ ਅਦਾਕਾਰਾ ਮੈਡੀ ਤੱਖਰ ਦੀਆਂ ਫਿਲਮਾ ਵਿੱਚੋਂ ਝਾਕੀਆਂ ਦਿਖਾਉਣ ਉਪਰੰਤ ਉਸ ਹਾਜ਼ਰੀਨ ਕਲਾਕਾਰਾ ਦੇ ਗੀਤਾਂ 'ਤੇ ਆਪਣੀਆਂ ਅਦਾਵਾ ਅਤੇ ਡਾਂਸ਼ ਕਰ ਭਰੇ ਹਾਲ ਅੰਦਰ ਖੂਬ ਰੌਣਕ ਲਾਈ। ਫਰਿਜ਼ਨੋ ਦੇ ਇਤਿਹਾਸ ਵਿੱਚ ਅੱਜ ਤੱਕ ਹੋਏ ਸਾਰੇ ਸ਼ੋਆ ਵਿੱਚ ਇਸ ਸ਼ੋ ਦੀ ਇਹ ਖਾਸੀਅਤ ਰਹੀ ਕਿ ਸੁਰੂ ਤੋਂ ਅੰਤ ਤੱਕ ਪ੍ਰਬੰਧਕ, ਸ਼ਪਾਂਸਰ ਅਤੇ ਕਿਸੇ ਹੋਰ ਨੂੰ ਸਟੇਜ਼ ਤੋਂ ਕਿਸੇ ਤਰ੍ਹਾਂ ਦਾ ਭਾਸ਼ਨ, ਸਨਮਾਨ ਪੱਤਰ ਜਾਂ ਪਲੈਕ ਆਦਿਕ ਦਾ ਦਿਖਾਵਾ ਕਰਕੇ ਰੁਕਾਵਟ ਨਹੀਂ ਕੀਤੀ ਗਈ।

ਸਗੋਂ ਪਰਿਵਾਰਕ ਅਤੇ ਸੱਭਿਆਚਾਰਕ ਗੀਤਾਂ ਨਾਲ ਸਭ ਦਾ ਮੰਨੋਰੰਜ਼ਨ ਕਰਦਾ ਹੋਇਆ ਇਹ ਸ਼ੋ ਨਿਰੰਤਰ ਚਲਣ ਕਰਕੇ ਲਗਾਤਾਰ ਸਰੋਤਿਆ ਅਤੇ ਗਾਇਕਾ ਦੇ ਤਾਲਮੇਲ ਨਾਲ ਇਹ ਸ਼ੋ ਯਾਦਗਾਰੀ ਹੋ ਨਿਬੜਿਆ। ਇਸ ਸਮੁੱਚੇ ਸ਼ੋ ਨੂੰ ਪੂਰੀ ਕਾਮਯਾਬੀ ਨਾਲ ਨੇਪਰੇ ਚਾੜਨ ਲਈ ਜਸਬੀਰ ਸਿੰਘ ਸਰਾਏ ਅਤੇ ਸੰਨਦੀਪ ਮੇਹਟ ਵਧਾਈ ਦੇ ਪਾਤਰ ਹਨ।

# ਘੱਲੂਘਾਰਾ ਸਮਾਗਮ ਦੌਰਾਨ ਕੌਮ ਦੇ ਨਾਂ ਦੋ ਸੰਦੇਸ਼

(ਸਫਾ 1 ਦੀ ਬਾਕੀ)

ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ। ਹਾਲਾਂਕਿ ਨਾਅਰੇਬਾਜ਼ੀ ਕਰ ਕੇ ਜਥੇਦਾਰ ਦੀ ਆਵਾਜ਼ ਬਾਹਰ ਨਹੀਂ ਆ ਸਕੀ।

ਇਸੇ ਤਰ੍ਹਾਂ ਜਦੋਂ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਅਕਾਲ ਤਖ਼ਤ ਦੇ ਸਾਹਮਣੇ ਖੜ੍ਹੇ ਹੋ ਕੇ ਸਿੱਖ ਕੌਮ ਦੇ ਨਾਂ ਸੰਦੇਸ਼ ਪੜ੍ਹਨਾ ਸ਼ੁਰੂ ਕੀਤਾ ਤਾਂ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਹਰਿਮੰਦਰ ਸਾਹਿਬ ਵਿੱਚ ਚੱਲ ਰਹੇ ਗੁਰਬਾਣੀ ਕੀਰਤਨ ਦੀ ਆਵਾਜ਼ ਤੇਜ਼ ਕਰ ਦਿੱਤੀ ਤੇ ਮੁਤਵਾਜ਼ੀ ਜਥੇਦਾਰਾਂ ਦਾ ਸੰਦੇਸ਼ ਵੀ ਕੀਰਤਨ ਦੀ ਆਵਾਜ਼ ਵਿੱਚ ਦੱਬ ਗਿਆ। ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ ਤੋਂ ਖ਼ਫ਼ਾ ਕੁਝ ਨੌਜਵਾਨਾਂ ਨੇ ਉਥੇ ਲੱਗੇ ਸਪੀਕਰ ਤੋੜਨ ਦਾ ਵੀ ਯਤਨ ਕੀਤਾ, ਪਰ ਉਹ ਕੀਰਤਨ ਦੀ ਆਵਾਜ਼ ਘੱਟ ਕਰਨ ਵਿੱਚ ਨਾਕਾਮ ਰਹੇ। ਰੌਲੇ ਰੱਪੇ ਕਰ ਕੇ ਅਕਾਲ ਤਖ਼ਤ ਦੇ ਜਥੇਦਾਰ ਅਤੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਸਿੱਖ ਕੌਮ ਦੇ ਨਾਂ ਪੜ੍ਹਿਆ ਸੰਦੇਸ਼ ਕੋਈ ਨਾ ਸੁਣ ਸਕਿਆ। ਇਸ ਦੌਰਾਨ ਕੋਈ ਹੋਰ ਅਣਸੁਖਾਵੀਂ ਘਟਨਾ ਨਹੀਂ ਵਾਪਰੀ, ਜਿਸ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਪਣੇ ਸੰਦੇਸ਼ ਵਿੱਚ ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਸਮੁੱਚੇ ਸਿੱਖ ਪੰਥ ਨੂੰ ਇਕਜੁਟ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਠੋਸ ਪ੍ਰੋਗਰਾਮ ਉਲੀਕਣ ਅਤੇ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੇ ਉਪਰਾਲੇ ਕਰਨ ਦੀ ਲੋੜ ਹੈ। ਉਨ੍ਹਾਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਵੀ ਪ੍ਰੋਗਰਾਮ ਉਲੀਕਣ ਦਾ ਸੱਦਾ ਦਿੱਤਾ। ਉਪਰੰਤ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਵੱਖ ਵੱਖ ਸ਼ਹੀਦ ਪਰਿਵਾਰਾਂ ਦੇ ਜੀਆਂ ਨੂੰ ਸਨਮਾਨਿਤ ਕੀਤਾ। ਇਨ੍ਹਾਂ ਵਿੱਚ ਸੰਤ ਭਿੰਡਰਾਂਵਾਲਿਆਂ ਦਾ ਬੇਟਾ ਭਾਈ ਈਸ਼ਰ ਸਿੰਘ, ਭਾਈ ਅਮਰੀਕ ਸਿੰਘ ਦੀ ਪਤਨੀ ਹਰਪ੍ਰੀਤ ਕੌਰ ਅਤੇ ਭਰਾ ਭਾਈ ਮਨਜੀਤ ਸਿੰਘ, ਭਾਈ ਨਛੱਤਰ ਸਿੰਘ ਭਲਵਾਨ ਦਾ ਬੇਟਾ ਭੁਪਿੰਦਰ ਸਿੰਘ ਤੇ ਹੋਰ ਸ਼ਾਮਲ ਸਨ।

ਉਧਰ ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਭਾਈ ਅਮਰੀਕ ਸਿੰਘ ਅਜਨਾਲਾ ਨੇ ਸ਼ਹੀਦੀ ਯਾਦਗਾਰ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸਮੁੱਚੀ ਪੰਥਕ ਏਕਤਾ ਦੀ ਲੋੜ 'ਤੇ ਜ਼ੋਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸੰਗਤਾਂ ਨੂੰ ਸੰਬੋਧਨ ਕੀਤਾ, ਪਰ ਉਨ੍ਹਾਂ ਦੀ ਆਵਾਜ਼ ਵੀ ਲੋਕਾਂ ਤਕ ਨਾ ਪਹੁੰਚ ਸਕੀ। ਇਸ ਤੋਂ ਪਹਿਲਾਂ ਅੱਜ ਸਵੇਰੇ ਸ਼ਹੀਦੀ ਸਮਾਗਮ ਸਬੰਧੀ ਅਕਾਲ ਤਖ਼ਤ 'ਤੇ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਹਜ਼ੂਰੀ ਰਾਗੀ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਨੇ ਕੀਤੀ ਜਦਕਿ ਹੁਕਮਨਾਮਾ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਲਿਆ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਦੇ ਬਾਬਾ ਬਲਬੀਰ ਸਿੰਘ, ਤਰਨਾ ਦਲ ਦੇ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਦਲ ਖਾਲਸਾ ਦੇ ਹਰਪਾਲ ਸਿੰਘ ਚੀਮਾ, ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਗਿਆਨੀ ਪੂਰਨ ਸਿੰਘ, ਭਾਈ ਜਸਬੀਰ ਸਿੰਘ ਰੋਡੇ ਤੇ ਹੋਰ ਪਤਵੰਤੇ ਹਾਜ਼ਰ ਸਨ।

ਇਸ ਦੌਰਾਨ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਹਰਿਮੰਦਰ ਸਾਹਿਬ ਸਮੂਹ ਵਿੱਚ ਵੱਡੀ ਗਿਣਤੀ ਚਿਟਕੱਪੜੀਏ ਪੁਲੀਸ ਵਾਲੇ ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਸਮੁੱਚੇ ਪ੍ਰੋਗਰਾਮ ਦੀ ਨਿਗਰਾਨੀ ਵੀ ਕੀਤੀ ਗਈ।

### ਅੰਮ੍ਰਿਤਸਰ ਬੰਦ ਨੂੰ ਮਿਲਿਆ ਜ਼ਬਰਦਸਤ ਹੁੰਗਾਰਾ

ਅੰਮ੍ਰਿਤਸਰ – ਸੰਨ '84 'ਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨੀਲਾ ਤਾਰਾ ਸਾਕੇ ਦੌਰਾਨ ਵਾਪਰੇ ਘੱਲੂਘਾਰੇ ਦੀ 33ਵੀਂ ਬਰਸੀ ਮੌਕੇ ਦਲ ਖ਼ਾਲਸਾ ਜਥੇਬੰਦੀ ਵੱਲੋਂ ਦਿੱਤੇ ਗਏ ਅੱਜ ਬੰਦ ਦੇ ਸੱਦੇ ਨੂੰ ਜ਼ਬਰਦਸਤ ਹੁੰਗਾਰਾ ਮਿਲਿਆ ਹੈ। ਸ਼ਹਿਰ ਦੇ ਬਾਜਾਰ ਤੇ ਕਾਰੋਬਾਰੀ ਅਦਾਰੇ ਲਗਪਗ ਬੰਦ ਰਹੇ। ਦਲ ਖ਼ਾਲਸਾ ਦੇ ਮੁੱਖ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਬੰਦ ਦੌਰਾਨ ਮੈਡੀਕਲ ਸਟੋਰ ਅਤੇ ਆਵਾਜਾਈ 'ਤੇ ਕੋਈ ਰੋਕ ਨਹੀਂ ਹੈ। ਉਨ੍ਹਾਂ ਬੰਦ ਨੂੰ ਸਫਲ ਬਣਾਉਣ ਲਈ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ।

### ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਮੁਤਵਾਜ਼ੀ ਜਥੇਦਾਰਾਂ ਨੇ ਜਾਰੀ ਕੀਤਾ ਕੌਮ ਦੇ ਨਾਂ ਸੰਦੇਸ਼

ਜੂਨ 1984 ਦੇ ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਸਿੰਘਾ ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ਘੱਲੂਘਾਰਾ ਦਿਵਸ ਅੱਜ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮਨਾਇਆ ਗਿਆ। ਅੱਜ ਸਥਿਤੀ ਉਸ ਵੇਲੇ ਕੁੱਝ ਵਕਤ ਲਈ ਤਣਾਅ ਗ੍ਰਸਤ ਹੋ ਗਈ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਿੱਖ ਕੌਮ ਦੇ ਨਾਂ ਸੰਦੇਸ਼ ਪੜਨ ਲੱਗੇ। ਇਸ ਦੇ ਵਿਰੋਧ ਪ੍ਰਗਟ ਕਰਦਿਆਂ ਗਰਮ ਖਿਆਲੀ ਜਥੇਬੰਦੀਆਂ ਨਾਲ ਸਬੰਧਿਤ ਸੰਗਤ ਤੇ ਆਗੂ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਸਮਾਗਮ 'ਚੋਂ ਉੱਠ ਕੇ ਬਾਹਰ ਆ ਗਏ। ਜਿੱਥੇ ਗਿਆਨੀ ਗੁਰਬਚਨ ਸਿੰਘ ਵਲੋਂ ਕੌਮ ਦੇ ਨਾਂ ਸੰਦੇਸ਼ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੜਿਆ ਗਿਆ, ਉਥੇ ਹੀ ਸਰਬੱਤ ਖ਼ਾਲਸਾ ਦੇ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਸੰਤ ਬਲਜੀਤ ਸਿੰਘ ਦਾਦੂਵਾਲ ਤੇ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਨੇ ਸੰਗਤਾਂ ਨੂੰ ਤਖਤ ਸਾਹਿਬ ਦੀ ਫ਼ਸੀਲ ਦੇ ਹੇਠਾਂ ਬਣੇ ਥੜ੍ਹੇ ਤੋਂ ਸੰਬੋਧਨ ਕੀਤਾ ਤੇ ਭਾਈ ਮੰਡ ਨੇ ਕੌਮ ਦੇ ਨਾਂ ਸੰਦੇਸ਼ ਵੀ ਪੜਿਆ। ਇਸ ਮੌਕੇ ਜ਼ੋਰਦਾਰ ਨਾਅਰੇਬਾਜ਼ੀ ਹੋਈ ਪਰ ਆਖਿਰ ਵਿਚ ਅਮਨ ਅਮਾਨ ਨਾਲ ਘੱਲੂਘਾਰਾ ਦਿਵਸ ਸਮਾਗਮ ਸਮਾਪਤ ਹੋ ਗਿਆ।

### ਘੱਲੂਘਾਰਾ ਦਿਵਸ: ਸੰਗਤਾਂ ਗੁਰਦੁਆਰੇ 'ਚ ਅਤੇ ਪੁਲੀਸ ਸੜਕਾਂ 'ਤੇ

ਬਠਿੰਡਾ– ਮਾਲਵਾ ਖਿੱਤੇ ਵਿੱਚ ਅੱਜ ਸਖ਼ਤ ਪੁਲੀਸ ਪਹਿਰੇ ਹੇਠ ਘੱਲੂਘਾਰਾ ਦਿਵਸ ਅਮਨ ਅਮਾਨ ਨਾਲ ਮਨਾਇਆ ਗਿਆ। ਅਰਧ ਸੈਨਿਕ ਬਲਾਂ ਤੇ ਪੁਲੀਸ ਮੁਲਾਜ਼ਮਾਂ ਨੇ ਤਪਸ਼ ਦਾ ਪੂਰਾ ਦਿਨ ਸੜਕਾਂ 'ਤੇ ਖੜ੍ਹ ਕੇ ਲੰਘਾਇਆ। ਘੱਲੂਘਾਰਾ ਦਿਵਸ ਦੀ ਸਮਾਪਤੀ ਮਗਰੋਂ ਪੁਲੀਸ ਨੇ ਸੁੱਖ ਦਾ ਸਾਹ ਲਿਆ। ਇਸ ਦੌਰਾਨ ਅੱਜ ਪੰਜਾਬ ਦੀ ਹਰਿਆਣਾ ਤੇ ਰਾਜਸਥਾਨ ਨਾਲ ਲੱਗਦੀ ਸੀਮਾ 'ਤੇ ਚੌਕਸੀ ਰਹੀ। ਦਰਜਨਾਂ ਗੁਰੂ ਘਰਾਂ ਵਿੱਚ ਅੱਜ ਇਸ ਦਿਵਸ ਦੇ ਮੌਕੇ ਸੰਗਤ ਨੇ ਜਾਪ ਕੀਤਾ। ਗੁਰਦੁਆਰਾ ਕਿਲ੍ਹਾ ਮੁਬਾਰਕ, ਸਿੰਘ ਸਭਾ ਤੇ ਹਾਜ਼ੀ ਰਤਨ ਬਠਿੰਡਾ, ਭਗਤਾ ਤੇ ਹੋਰ ਸ਼੍ਰੋਮਣੀ ਕਮੇਟੀ ਦੇ ਗੁਰੂ ਘਰਾਂ ਵਿੱਚ ਅੱਜ 1984 ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਅਰਦਾਸਾਂ ਹੋਈਆਂ ਪਰ ਕਿਸੇ ਵੀ ਗੁਰੂ ਘਰ ਵਿੱਚ ਕਿਸੇ ਵੱਡੇ ਨੇਤਾ ਨੇ ਸ਼ਮੂਲੀਅਤ ਨਹੀਂ ਕੀਤੀ। ਮੁਕਤਸਰ ਸ਼ਹਿਰ ਤੇ ਪਿੰਡ ਦੋਦਾ ਵਿੱਚ ਜੂਨ '84 ਦੇ ਸ਼ਹੀਦਾਂ ਦੀ ਯਾਦ ਵਿੱਚ ਛਬੀਲਾਂ ਲੱਗੀਆਂ। ਬਠਿੰਡਾ ਸ਼ਹਿਰ ਵਿੱਚ 3 ਜੂਨ ਨੂੰ ਹੀ ਸ਼ਹੀਦਾਂ ਦੀ ਯਾਦ ਵਿੱਚ ਸਥਾਨਕ ਬੱਲਾ ਰਾਮ ਨਗਰ ਵਿੱਚ ਸਮਾਗਮ ਹੋ ਗਏ ਸਨ। ਭਾਵੇਂ ਪੁਲੀਸ ਨੂੰ ਡਰ ਬਣਿਆ ਹੋਇਆ ਸੀ ਪਰ ਮਾਲਵੇ ਦੇ ਸੱਤ ਜ਼ਿਲ੍ਹਿਆਂ ਵਿੱਚ ਕਿਧਰੇ ਵੀ ਕੋਈ ਅਣਸੁਖਾਵੀਂ ਘਟਨਾ ਵਾਪਰਨ ਦਾ ਸਮਾਚਾਰ ਨਹੀਂ ਹੈ। ਸ਼ਿਵ ਸੈਨਾ (ਹਿੰਦੁਸਤਾਨ) ਦੇ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਕੁਮਾਰ ਜਿੰਦਲ ਦੀ ਅਗਵਾਈ ਹੇਠ ਸਥਾਨਕ ਧੋਬੀਆਣਾ ਬਸਤੀ ਦੇ ਹਨੂੰਮਾਨ ਮੰਦਰ ਵਿੱਚ ਸ਼ਿਵ ਸੈਨਿਕਾਂ ਨੇ 6 ਜੂਨ ਨੂੰ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਹਵਨ ਕੀਤਾ।

### ਭਾਰਤ ਸਰਕਾਰ ਕੋਲ ਨਹੀਂ ਸਾਕਾ ਨੀਲਾ ਤਾਰਾ ਦੇ ਹੁਕਮਾਂ ਦਾ ਰਿਕਾਰਡ

ਪ੍ਰਬੰਧ ਕਮੇਟੀ ਨੇ ਵੀ ਫ਼ੌਜੀ ਹਮਲੇ ਸਬੰਧੀ ਦਸਤਾਵੇਜ਼ਾਂ ਨੂੰ ਜਨਤਕ ਕਰਨ ਦੀ ਮੰਗ ਕੀਤੀ ਸੀ। ਬਲਦੇਵ ਸਿੰਘ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਵੀ ਦੋ ਵੱਡੇ ਫ਼ੈਸਲੇ ਜ਼ੁਬਾਨੀ ਕੀਤੇ ਸਨ। ਪਹਿਲਾ ਫ਼ੈਸਲਾ 1947-48 'ਚ ਸਿਰਦਾਰ ਕਪੂਰ ਸਿੰਘ ਖ਼ਿਲਾਫ਼ ਕੀਤਾ ਸੀ, ਜਿਸ ਤਹਿਤ ਉਨ੍ਹਾਂ ਨੂੰ ਸਿਵਲ ਸੇਵਾਵਾਂ ਤੋਂ ਮੁਅੱਤਲ ਕੀਤਾ ਗਿਆ ਸੀ। ਇਸ ਤੋਂ ਬਾਅਦ 1953 'ਚ ਜੰਮੂ-ਕਸ਼ਮੀਰ ਦੀ ਸ਼ੇਖ ਅਬਦੁੱਲਾ ਸਰਕਾਰ ਨੂੰ ਵੀ ਜ਼ੁਬਾਨੀ ਹੁਕਮਾਂ 'ਤੇ ਮੁਅੱਤਲ ਕਰ ਕੇ ਸ਼ੇਖ ਅਬਦੁੱਲਾ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਇਨ੍ਹਾਂ ਫ਼ੈਸਲਿਆਂ ਦਾ ਵੀ ਭਾਰਤ ਸਰਕਾਰ ਕੋਲ ਕੋਈ ਰਿਕਾਰਡ ਨਹੀਂ ਹੈ। ਇਸ ਦਾ ਖ਼ੁਲਾਸਾ ਪ੍ਰਧਾਨ ਮੰਤਰੀ ਨਹਿਰੂ ਦੇ ਲੰਮਾ ਸਮਾਂ ਪੀ.ਏ. ਰਹੇ ਐਮ.ਓ. ਮਥਾਈ ਨੇ ਵੀ ਆਪਣੀ ਕਿਤਾਬ 'ਚ ਕੀਤਾ ਹੈ।

ਦੇਸ਼ ਦੁਆਬਾ

# ਭਾਰਤ 'ਚ ਮਨੂੰਵਾਦ ਸਮਾਜਿਕ ਸਮਾਨਤਾ ਲਈ ਖਤਰਾ

ਸਾਰੀ ਦੁਨੀਆਂ ਨੇ ਨਸਲਵਾਦ, ਖੇਤਰਵਾਦ, ਰੰਗ-ਭੇਦ ਅਤੇ ਗੁਲਾਮਾਂ ਨੂੰ ਗੁਲਾਮੀ ਤੋਂ ਆਜਾਦ ਕਰਾਉਣ ਦੀ ਲੜਾਈ ਲੜੀ ਹੈ। ਅਮੀਰ ਅਤੇ ਗਰੀਬ ਦੀ ਲੜਾਈ ਜੋ ਸਦੀਆਂ ਤੋਂ ਜਾਰੀ ਸੀ, ਅੱਜ ਵੀ ਚੱਲੀ ਰਹੀ ਹੈ। 20ਵੀਂ ਸਦੀ ਵਿਚ ਸਮੇਂ ਨੇ ਕਰਵਟ ਬਦਲੀ ਅਤੇ ਰਾਸ਼ਟਰਵਾਦ ਦਾ ਰੁਝਾਨ ਸਾਹਮਣੇ ਆਇਆ। ਕਮਿਊਨਿਜ਼ਮ ਦੇ ਉਭਾਰ ਨੇ ਸਮਾਜ ਨੂੰ ਗਰੀਬ ਅਤੇ ਅਮੀਰ ਦੇ ਵਿਤਕਰੇ ਖਿਲਾਫ ਲੜਨ ਦੀ ਤਾਕਤ ਦਿੱਤੀ। ਲੋਕਰਾਜ ਨੇ ਸਭ ਲੋਕਾਂ ਨੂੰ ਇੱਕ ਸਮਾਨ ਅਧਿਕਾਰ ਅਤੇ ਇਕ ਸਮਾਨ ਜੀਵਨ ਦੇਣ ਦਾ ਸਿਧਾਂਤ ਦਿੱਤਾ। ਅਜਿਹੇ ਸੰਘਰਸ਼ ਵਿਚਕਾਰ ਭਾਰਤ ਵਿਚ ਵੀ ਇਕ ਸਮਾਜਿਕ ਲੜਾਈ ਅਛੂਤ ਅਤੇ ਉਚ ਜਾਤੀ ਵਿਚਕਾਰ ਲੜੀ ਗਈ। ਸਦੀਆਂ ਪੁਰਾਣੀ ਜਾਤੀ ਵਿਵਸਥਾ ਦੇ ਖਿਲਾਫ ਭਾਰਤ ਵਿਚ ਲੜੀ ਗਈ ਇਸ ਲੜਾਈ ਦਾ ਨਤੀਜਾ 26 ਜਨਵਰੀ 1950 ਨੂੰ ਭਾਰਤ ਵਿਚ ਲਾਗੂ ਕੀਤੇ ਗਏ ਭਾਰਤੀ ਸੰਵਿਧਾਨ ਦੇ ਰੂਪ ਵਿਚ ਸਾਹਮਣੇ ਆਇਆ। ਇਹ ਸੰਵਿਧਾਨ ਭਾਰਤੀ ਇਤਿਹਾਸ ਦਾ ਦਰਪਣ ਹੈ। ਕਿਸੇ ਨੂੰ ਜ਼ਿਆਦਾ ਗਹਿਰਾਈ ਨਾਲ ਭਾਰਤੀ ਸਮਾਜਿਕ ਇਤਿਹਾਸ ਪੜ੍ਹਨ ਦੀ ਲੋੜ ਨਹੀਂ ਬਲਕਿ ਭਾਰਤੀ ਸੰਵਿਧਾਨ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਭਾਰਤ ਦੀ ਸਮਾਜਿਕ ਬਣਤਰ ਕਿਹੋ ਜਿਹੀ ਸੀ ਅਤੇ ਇਸ ਨੂੰ ਦਰੁੱਸਤ ਕਰਨ ਲਈ ਕੀ ਉਪਾਅ ਕੀਤੇ ਗਏ ਹਨ।

ਪਰ ਅਫਸੋਸ ਦੀ ਗੱਲ ਇਹ ਹੈ ਕਿ ਭਾਰਤੀ ਸਮਾਜ ਅੱਜ ਵੀ ਉਸੇ ਪੁਰਾਤਨ ਸੋਚ ਉਤੇ ਖੜ੍ਹਾ ਹੈ, ਜਿਸ ਸੋਚ ਨੇ ਭਾਰਤ ਨੂੰ ਵਿਦੇਸ਼ੀਆਂ ਦਾ ਗੁਲਾਮ ਬਣਾਇਆ, ਭਾਰਤ ਉਤੇ ਵਿਦੇਸ਼ਾਂ ਤੋਂ ਆ ਕੇ ਹਮਲਾਵਰਾਂ ਨੇ ਹਮਲੇ ਕੀਤੇ ਅਤੇ ਰੱਜ ਕੇ ਲੁੱਟ-ਖਸੁੱਟ ਕੀਤੀ। ਭਾਰਤੀ ਸਮਾਜ ਉਦੋਂ ਵੀ ਆਪਸ ਵਿਚ ਲੜਦਾ ਰਿਹਾ ਅਤੇ ਅੱਜ ਵੀ ਆਪਸ ਵਿਚ ਹੀ ਲੜ ਰਿਹਾ ਹੈ। ਭਾਰਤ ਵਿਚ ਅੱਜ ਲੜਾਈ ਅਮੀਰ-ਗਰੀਬ ਦੀ ਨਹੀਂ ਬਲਕਿ ਜਾਤੀਵਾਦੀ ਦੀ ਹੈ। ਜਾਤੀਵਾਦ ਭਾਰਤ ਵਿਚ ਇਕ ਅਜਿਹੀ ਭਿਆਨਕ ਸਮੱਸਿਆ ਹੈ, ਜਿਸ ਨੇ 5 ਹਜ਼ਾਰ ਸਾਲ ਤੋਂ ਭਾਰਤ ਦਾ ਬੇੜਾ ਗਰਕ ਕਰ ਰੱਖਿਆ ਹੈ। ਇਸ ਸਮੱਸਿਆ ਨੂੰ ਸੁਲਝਾਉਣ ਲਈ ਦਲਿਤ ਅਤੇ ਗਰੀਬ ਵਰਗ ਨੇ ਬਹੁਤ ਸੰਘਰਸ਼ ਕੀਤਾ ਅਤੇ ਉਸੇ ਸੰਘਰਸ਼ ਦੀ ਬਦੌਲਤ ਆਜ਼ਾਦ ਭਾਰਤ ਵਿਚ ਭਾਰਤੀ ਸੰਵਿਧਾਨ ਵਿਚ ਉਹ ਸਾਰੇ ਉਪਾਅ ਕੀਤੇ ਗਏ, ਤਾਂ ਜੋ ਹਰੇਕ ਭਾਰਤੀ ਆਪਣਾ ਜੀਵਨ ਸਨਮਾਨ ਨਾਲ ਜਿਉਂ ਸਕੇ। ਪਰ ਅਫਸੋਸ ਕਿ ਕੁਝ ਸਿਆਸੀ ਅਤੇ ਗੈਰ ਸਿਆਸੀ ਜਮਾਤਾਂ ਅੱਜ ਵੀ ਉਹੀ ਪੁਰਾਣੀ ਗੰਦੀ ਵਿਚਾਰਧਾਰਾ ਤੇ ਚੱਲ ਰਹੀਆਂ ਹਨ, ਜਿਸ ਦਾ ਨਤੀਜਾ ਸਹਾਰਨਪੁਰ ਵਿਚ ਹਾਲ ਹੀ ਵਿਚ ਵਾਪਰੇ ਦੰਗੇ ਹਨ। ਦਲਿਤ ਵਰਗ ਦੇ ਘਰ ਸਾੜ ਦਿੱਤੇ। ਇਹ ਤਾਂ ਅੱਜ ਦੀ ਘਟਨਾ ਹੈ, ਦਲਿਤ ਵਰਗ ਨਾਲ ਜੋ ਜ਼ੁਲਮ ਭਾਰਤ ਵਿਚ ਹੋ ਰਹੇ ਹਨ, ਉਹਨਾਂ ਦੀ ਜੇਕਰ ਇਕ ਲਿਸਟ ਬਣਾਈ ਜਾਵੇ ਤਾਂ ਭਾਰਤ ਇਕ ਲੋਕਤੰਤਰ ਦੀ ਥਾਂ ਜੰਗਲਰਾਜ ਨਜ਼ਰ ਆਉਂਦਾ ਹੈ।

ਅਮਰੀਕਾ ਵਿਚ ਭਾਰਤੀ ਮੂਲ ਦੇ ਲੋਕ ਨਸਲੀ ਹਿੰਸਾ ਤੋਂ ਪੀੜਤ ਹਨ। ਯਾਦ ਕਰੋ ਨਸਲੀ ਹਿੰਸਾ ਦੀ ਪੀੜ ਅਤੇ ਇਸ ਦੀ ਕਲਪਨਾ ਕਰੋ ਭਾਰਤ ਵਿਚ ਵੱਸ ਰਹੇ ਦਲਿਤ ਵਰਗ 'ਤੇ ਇਹੋ ਜਿਹੇ ਹੀ ਜ਼ੁਲਮਾਂ ਦੀ ਦਸਤਾਨ ਨਾਲ। ਕੀ ਨਸਲੀ ਹਿੰਸਾ ਜਾਇਜ਼ ਹੈ? ਜੇਕਰ ਅਮਰੀਕਾ ਵਿਚ ਸਾਡੇ 'ਤੇ ਹੋ ਰਹੀ ਨਸਲੀ ਹਿੰਸਾ ਨਜਾਇਜ਼ ਹੈ ਤਾਂ ਭਾਰਤ ਵਿਚ ਜਾਤੀ ਹਿੰਸਾ ਕਿਵੇਂ ਜਾਇਜ਼ ਹੋ ਸਕਦੀ ਹੈ? ਅਸੀਂ ਇਕ ਰਾਸ਼ਟਰ ਦਾ ਨਿਰਮਾਣ ਕਰ ਰਹੇ ਹਾਂ ਜਾਂ ਮੱਧ ਵਰਗੀ ਗੁਲਾਮ ਸੋਚ ਨੂੰ ਹੱਲਾਸ਼ੇਰੀ ਦੇ ਰਹੇ ਹਾਂ?

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-33

## ਪੰਜ ਗਿਆਨ ਇੰਦਰਿਆਂ ਚੋਂ ਕੰਨਾਂ (ਸ੍ਰਵਣਾਂ) ਦੀ ਮਹੱਤਤਾ



ਅਵਤਾਰ ਸਿੰਘ ਮਿਸ਼ਨਰੀ
510-432-5827

ਕੰਨ ਸੁਣਨ ਵਾਸਤੇ ਕੁਦਰਤੀ ਤੋਹਫਾ ਹਨ। ਇਨਹਾਂ ਦੀ ਮਹਾਤਤਾ ਤਾਂ ਨਾਂ ਸੁਣ ਸੱਕਣ ਵਾਲੇ ਬੋਲੇ ਹੀ ਦੱਸ ਸਕਦੇ ਹਨ। ਮਹਾਨ ਕੋਸ਼ ਅਨੁਸਾਰ ਕੰਨ ਦੀ ਸੰਗਿਆ ਕ੍ਰਣ ਤੇ ਇਸ ਦੇ ਵੱਖ ਵੱਖ ਰੂਪ ਕਰਨ, ਕਾਂਨ, ਸ਼੍ਰਵਣ ਆਦਿਕ ਹਨ। ਕੰਨ ਗਿਣਤੀ ਵਿੱਚ ਦੋ ਨੇ ਇੱਕ ਸੱਜੇ ਅਤੇ ਦੂਜਾ ਖੱਬੇ। ਕੰਨਾਂ ਦਾ ਮੁੱਖ ਕੰਮ ਸ੍ਰਵਣ ਕਰਨ ਕਰਕੇ ਦਿਮਾਗ ਨੂੰ ਪਚਾਉਣਾ ਹੈ। ਕੰਨ ਸਰੀਰ ਦਾ ਉਹ ਇੰਦ੍ਰਾ ਹਨ ਜੋ ਅਵਾਜ਼ ਦੀ ਸੂਹ ਕੱਢਣ ਤੇ ਫੜਨ। ਇਹ ਅਵਾਜ਼ ਹੀ ਨਹੀਂ ਫੜਦੇ ਸਗੋਂ ਸੰਤੁਲਨ ਤੇ ਸਰੀਰਕ ਦਸ਼ਾ ਬਣਾਈ ਰੱਖਦੇ ਹਨ। ਕੰਨ ਦੇ ਤਿੰਨ ਹਿੱਸੇ ਬਡਾਰੀ, ਵਿਚਕਾਰਲਾ ਤੇ ਅੰਦਰਲਾ ਹੁੰਦੇ ਹਨ। ਬਾਹਰੀ ਹਿੱਸੇ ਰਾਹੀਂ ਅਵਾਜ਼ ਦੀਆਂ ਤਰੰਗਾਂ ਕੰਨ ਦੇ ਪਰਦੇ ਤੇ ਪੈਂਦੀਆਂ ਹਨ। ਕੰਨ ਦੇ ਵਿਚਕਾਰਲੇ ਹਿੱਸੇ ਵਿੱਚ ਤਿੰਨ ਨਿੱਕੀਆਂ ਹੱਡੀਆਂ, ਇਨ੍ਹਾਂ ਤਰੰਗਾਂ ਨੂੰ ਥੋੜਾ ਵਧਾ ਕੇ, ਅੰਦਰਲੇ ਹਿੱਸੇ ਤੱਕ ਪੰਹੁਚਾ ਦਿੰਦੀਆਂ ਹਨ। ਅੰਦਰਲੇ ਹਿੱਸੇ ਵਿੱਚ ਇਹ ਤਰੰਗਾਂ ਕੌਕਲੀਆ ਵਿੱਚ ਪਏ ਪਾਣੀ ਵਿੱਚੋਂ ਲੰਗਦੀਆਂ ਨੇ, ਨਰਵ ਸੈਲਾਂ 'ਤੇ ਹਜ਼ਾਰਾਂ ਨਿੱਕੇ ਨਿੱਕੇ ਵਾਲ ਇਨ੍ਹਾਂ ਤਰੰਗਾਂ ਨੂੰ ਇਲੈਕਟ੍ਰਿਕ ਸਿਗਨਲ ਵਿੱਚ ਬਦਲ ਕੇ, ਦਿਮਾਗ ਤੱਕ ਸੁਨੇਹਾ ਪੰਚਾਉਂਦੇ ਹਨ। ਇਹ ਥੋੜੀ ਜਿਹੀ ਉਪ੍ਰੋਕਤ ਜਾਣਕਾਰੀ ਦਾਸ ਨੇ ਗੁਗਲ ਤੋਂ ਲਈ ਹੈ।

ਕੰਨ ਤਾਂ ਇੱਕ ਸੁਣਨ ਦਾ ਜਰੀਆ ਹਨ। ਇਹ ਫੈਸਲਾ ਅਸੀਂ ਖੁਦ ਕਰਨਾ ਹੈ ਕਿ ਕੀ ਸੁਣਨਾ ਤੇ ਕੀ ਨਹੀਂ ਸੁਣਨਾ। ਜੇ ਅਸੀਂ ਗੁਰਬਾਣੀ, ਚੰਗਾ ਸੰਗੀਤ, ਚੰਗੀ ਕਥਾ ਅਤੇ ਚੰਗੀਆਂ ਗੱਲਾਂ ਸੁਣਾਗੇ ਤਾਂ ਸਾਨੂੰ ਫਾਇਦਾ ਵਰਨਾ ਮਨੋ ਕਲਪਿਤ ਕਥਾ ਕਹਾਣੀਆਂ, ਲਚਰ ਗੀਤ ਸੰਗੀਤ, ਚੁਗਲੀ ਨਿੰਦਿਆ ਤੇ ਊਟ ਪਟਾਂਗ ਸੁਣਨ ਨਾਲ ਨੁਕਸਾਨ ਹੋਵੇਗਾ। ਸੋ ਜਿੱਥੇ ਸਾਨੂੰ ਪ੍ਰਦੂਸ਼ਿਤ ਸੁਣਨ ਤੋਂ ਬਚਣਾ ਚਾਹੀਦੈ ਓਥੇ ਕੰਨਾਂ ਦੀ ਫਿਜੀਕਲ ਦੇਖ ਭਾਲ ਵੀ ਕਰਨੀ ਚਾਹੀਦੀ ਹੈ। ਕੰਨਾਂ ਵਿੱਚ ਤੀਲੇ ਜਾਂ ਸੂਈਆਂ ਨਹੀਂ ਮਾਰਨੀਆਂ ਚਾਹੀਦੀਆਂ। ਬਹੁਤਾ ਲਾਊਡ ਵੀ ਨਹੀਂ ਸੁਣਨਾ ਚਾਹੀਦਾ। ਜੇ ਕੰਨਾਂ ਵਿੱਚ ਮਾਮੂਲੀ ਖਾਜ ਹੋਵੇ ਤਾਂ ਸਾਫ ਕਰਕੇ, ਥੋੜਾ ਸਰੋਂ ਦਾ ਤੇਲ ਲਗਾਓ ਜੇ ਜਿਆਦਾ ਤਕਲੀਫ ਜਾਂ ਸੁਣਨ ਵਿੱਚ ਦਿੱਕਤ ਆਵੇ ਤਾਂ ਨੀਮਾਂ ਹਕੀਮਾਂ ਨੂੰ ਦਿਖਾਉਣ ਨਾਲੋਂ ਮਾਹਰ ਡਾਕਟਰ ਜਾਂ ਵੈਦ ਨੂੰ ਦਿਖਾਉਣਾ ਚਾਹੀਦਾ ਹੈ।

ਕੰਨਾਂ (ਸ੍ਰਵਣਾਂ) ਪ੍ਰਤੀ ਗੁਰਬਾਣੀ ਉਪਦੇਸ਼-ਕੁਦਰਤ ਨੇ ਜੋ ਬਣਤਰ ਕੰਨਾਂ ਦੀ ਬਣਾਈ ਉਹ ਵਿਗਾੜਨੀ ਨਹੀਂ ਚਾਹੀਦੀ ਭਾਵ ਕੰਨਾਂ ਵਿੱਚ ਛੇਕ ਨਹੀਂ ਕਰਨੇ ਚਾਹੀਦੇ ਕਿਉਂਕਿ ਮਖੱਟੂ (ਹੱਡ ਹਰਾਮੀ) ਹੀ ਕੰਨ ਪੜਾਉਂਦੇ ਹਨ-ਮਖਟੂ ਹੋਇ ਕੈ ਕੰਨ ਪੜਾਏ॥ (੧੨੪੬) ਰਾਜੇ ਤੇ ਜੋਗੀ ਵੀ ਕੰਨ ਪੜਾਂਦੇ ਸਨ-ਰੋਵਹਿ ਰਾਜੇ ਕੰਨ ਪੜਾਏ॥ ਘਰਿ ਘਰਿ ਮਾਗਹਿ ਭੀਖਿਆ ਜਾਇ॥(੯੫੪) ਉਸਤਤ ਨਿੰਦਾ ਸੁਣਨ ਕਰਕੇ ਕੰਨ ਪੂਜਨਯੋਗ ਨਹੀਂ-ਉਚੇ ਕੰਨ ਨ ਪੂਜੀਅਨਿ ਉਸਤਤਿ ਨਿੰਦਾ ਭਲੀ ਭਲੇਰੀ॥(ਭਾ.ਗੁ) ਸ੍ਰਵਣਾਂ ਨਾਲ ਸੱਚ ਅਤੇ ਚੰਗਾ ਹੀ ਸੁਣਨਾ ਚਾਹੀਦਾ ਹੈ-ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥ ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥(੯੨੨) ਕੰਨਾਂ ਨਾਲ ਆਤਮਕ ਜੀਵਨ ਦੇਣ ਵਾਲੀ ਅੰਮ੍ਰਿਤ ਕਥਾ ਹੀ ਸੁਣਨੀ ਚਾਹੀਦੀ ਹੈ-ਸ੍ਰਵਨ ਸੁਨੀਜੈ ਅੰਮ੍ਰਿਤ ਕਥਾ॥(੩੯੬) ਜਿੱਥੇ ਕੰਨਾਂ ਨਾਲ ਪ੍ਰਭੂ ਦੀ ਸੱਚੀ ਕਥਾ ਨਹੀਂ ਸੁਨੀ ਜਾਂਦੀ ਉਹ ਘਰ ਮਾਨੋ ਭਾਰੀ ਜੰਗਲ ਸਮਾਨ ਹਨ-ਜਹਾ ਸ੍ਰਵਨ ਹਰਿ ਕਥਾ ਨ ਸੁਣੀਐ ਤਹ ਮਹਾਂ ਭਇਆਨ ਉਦਿਆਨਦ॥(੧੨੦੪) ਪਰਾਈ ਨਿੰਦਿਆ ਸੁਣਨ ਵਾਲੇ ਕੰਨ ਵਿਅਰਥ ਹਨ-ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ॥(੨੬੯) ੨੭ਵੀਂ ਵਾਰ ਦੀ ੧੦ਵੀਂ ਪੌੜੀ ਵਿੱਚ ਭਾਈ ਗੁਰਦਾਸ ਜੀ ਦਰਸਾਉਂਦੇ ਹਨ ਕਿ ਉਹ ਕੰਨ ਜੋ ਗੁਰ ਉਪਦੇਸ਼ ਨੂੰ ਸੁਣਨਾ ਛੱਡ ਕੇ ਹੋਰ ਹੀ ਸੁਣਦੈ ਉਹ ਧ੍ਰਿਗ ਹਨ-ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।(ਭਾ.ਗੁ)

ਅਜੋਕੀ ਬਹੁਤੀ ਲੋਕਾਈ ਮੋਹ ਮਾਇਆ ਵਿੱਚ ਅੰਨ੍ਹੀ ਹੋਈਸ਼ੇ ਵਿਕਾਰਾਂ ਵਾਲੇ ਨਾਦ ਹੀ ਸੁਣਦੀ ਆ। ਕੰਨ ਅਜਿਹਾ ਸੁਣਨ ਵਿੱਚ ਹੀ ਮਸਤ ਹਨ-ਬਿਖੇ ਨਾਦ ਕਰਨ ਸੁਣਿ ਭੀਨਾ॥ ਹਰਿ ਜਸੁ ਸੁਣਤ ਆਲਸੁ ਮਨਿ ਕੀਨਾ॥(੭੩੯) ਸੁਣਨ ਦੇ ਮਾੜੇ ਰਸ ਵਿੱਚ ਵੀ ਮਗਨ ਨਹੀਂ ਹੋਣਾ ਚਾਹੀਦਾ ਕਿਉਂਕਿ ਮਿਰਗ ਨੂੰ ਘੰਡੇ ਹੇੜੇ ਦਾ ਨਾਦ ਸੁਣਨ ਕਰਕੇ ਮਸਤ ਪਏ ਨੂੰ ਸ਼ਿਕਾਰੀ ਦਬੋਚ ਲੈਂਦਾ ਹੈ। ਇਵੈਂ ਹੀ ਮਾੜਾ ਤੇ ਲਚਰ ਸੁਣਨ ਨਾਲ ਵਿਸ਼ੇ ਵਿਕਾਰ ਸਾਨੂੰ ਦਬੋਚ ਲੈਂਦੇ ਹਨ। ਸੁਚੇਤ ਹੋ ਕੇ ਚੰਗਾ ਹੀ ਸੁਣਨਾ ਚਾਹੀਦਾ ਹੈ। ਜੋ ਪੜ੍ਹ ਨਹੀਂ ਸਕਦੇ ਉਹ ਗਿਆਨ ਇੰਦਰੇ ਕੰਨਾਂ ਰਾਹੀਂ ਸੁਣ ਸੁਣ ਗਿਆਨ ਮਾਰਗ ਪਰਮਾਰਥ ਦੇ ਰਾਹੇ ਪੈ ਜਾਂਦੇ ਹਨ-ਸੁਣਿ ਸੁਣਿ ਅੰਧੇ ਪਾਵਹਿ ਰਾਹੁ॥(ਜਪੁਜੀ) ਜਦ ਪੜਾਈ ਲਿਖਾਈ ਨਹੀਂ ਸੀ ਓਦੋਂ ਲੋਕ ਸੁਣ ਸੁਣ ਯਾਦ ਕਰ ਕਰ ਹੀ ਜੀਵਨ ਗੱਡੀ ਚਲਾਉਂਦੇ ਸਨ। ਕੋਈ ਸਮਾਂ ਸੀ ਜਦ ਭਾਰਤ ਵਿੱਚ ਮਨੂੰ ਬ੍ਰਾਹਮਣ ਵੱਲੋਂ ਘੋਸ਼ਿਤ ਕੀਤੇ ਗਏ ਸੂਦਰ, ਧਰਮ ਗ੍ਰੰਥ ਸੁਣ ਨਹੀਂ ਸਨ ਸਕਦੇ, ਉਨਾਂ ਦੇ ਕੰਨਾਂ 'ਚ ਸਿੱਕਾ ਢਾਲ ਕੇ ਪਾਇਆ ਜਾਂਦਾ ਸੀ। ਭਾਰਤ ਵਿੱਚ ਸਭ ਮਾਈ ਭਾਈ ਨੂੰ ਧਰਮ ਗ੍ਰੰਥ ਸੁਣਨ ਦੀ ਖੁੱਲ੍ਹ ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਦਿੱਤੀ ਹੈ। ਸੋ ਸਾਨੂੰ ਕੰਨਾਂ ਨਾਲ ਸਮਾਜ ਵਿੱਚ ਹਰ ਥਾਂ ਆਪਣੀ ਅਤੇ ਲੋਕਾਂ ਦੀ ਭਲਾਈ ਵਾਲਾ ਹੀ ਸੁਣਨਾ ਅਤੇ ਕਰਨ ਹਮੇਸ਼ਾਂ ਖੁੱਲ੍ਹੇ ਰੱਖਣੇ ਅਤੇ ਕੰਨਾਂ ਦੀ ਲੁੜੀਂਦੀ ਦੇਖ ਭਾਲ ਕਰਦੇ ਰਹਿਣਾ ਚਾਹੀਦਾ ਹੈ।

# 'ਮਨੂੰਵਾਦੀ' ਵਿਵਸਥਾ ਨੂੰ ਮੁੜ ਜੀਵਤ ਕਰਨ ਦੇ ਇਰਾਦਿਆਂ ਨੂੰ ਭਾਂਜ ਦੇਣਾ ਜ਼ਰੂਰੀ



ਮੰਗਤ ਰਾਮ ਪਾਸਲਾ

ਜਦੋਂ ਦੇਸ਼ ਦੇ ਸ਼ਾਸਕ ਅਤੇ ਉਨ੍ਹਾਂ ਦੇ ਪ੍ਰੇਰਨਾ ਸਰੋਤ ਆਰ. ਐਸ. ਐਸ., ਦੇਸ਼ ਨੂੰ ਪੁਰਾਣੀਆਂ ਵੇਲਾ ਵਿਹਾ ਚੁੱਕੀਆਂ ਪ੍ਰੰਪਰਾਵਾਂ ਤੇ ਸਮਾਜਿਕ ਕਦਰਾਂ ਕੀਮਤਾਂ ਵਿਚ ਮੁੜ ਧਕੇਲਣ ਦੀ ਵਕਾਲਤ ਕਰ ਰਹੇ ਹੋਣ, ਤਦ ਫੇਰ ਮੱਧ ਕਾਲੀਨ ਯੁਗ ਤੋਂ ਦਲਿਤਾਂ ਨਾਲ ਹੋ ਰਹੇ ਅਣਮਨੁੱਖੀ ਤੇ ਅਤਿਆਚਾਰੀ ਵਿਵਹਾਰ ਨੂੰ ਮੁੜ ਵਾਪਰਨ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ? ਉਤਰ ਪ੍ਰਦੇਸ਼ ਦੇ ਸ਼ਹਿਰ ਸਹਾਰਨਪੁਰ ਵਿਚ ਸੰਘ ਪਰਿਵਾਰ ਦੇ ਮੈਂਬਰਾਂ ਤੇ ਦੂਸਰੇ ਹੜਦੁੰਗ ਮਚਾਉਣ ਵਾਲੇ ਸ਼ਰਾਰਤੀ ਤੱਤਾਂ ਵਲੋਂ ਦਲਿਤ ਸਮਾਜ ਉਪਰ ਕੀਤੇ ਕਹਿਰ ਤੋਂ ਮਨੁੱਖਤਾ ਤੜਪ ਉਠੀ ਹੈ। ਜਬਰ ਦੀ ਇਹ ਕੋਈ ਪਹਿਲੀ ਜਾਂ ਅੰਤਮ ਘਟਨਾ ਨਹੀਂ ਹੈ। ਯੂ.ਪੀ. ਦੇ ਮੁੱਖ ਮੰਤਰੀ ਅਦਿਤਿਆ ਨਾਥ ਯੋਗੀ ਦੇ ਪਦ ਸੰਭਾਲਣ ਤੋਂ ਬਾਅਦ ਗਊ ਹੱਤਿਆ ਦੇ ਨਾਂਅ ਉਪਰ ਆਪੂੰ ਸਜੇ 'ਗਊ ਰਕਸ਼ਕਾਂ' ਦੁਆਰਾ ਸਧਾਰਣ ਲੋਕਾਂ, ਖਾਸਕਰ ਮੁਸਲਮਾਨ ਘੱਟ ਗਿਣਤੀ ਵਿਰੁੱਧ ਵਿੱਢੀ ਗਈ ਅਤਿਆਚਾਰੀ ਮੁਹਿੰਮ, 'ਰੋਮਿਊ ਸੁਕਵੈਡਾਂ' ਵਲੋਂ ਬੇਕਸੂਰ ਲੜਕੇ ਲੜਕੀਆਂ ਨਾਲ ਕੀਤੇ ਜਾ ਰਹੇ ਦੁਰਵਿਵਹਾਰ ਅਤੇ ਗਊ ਮਾਸ ਦਾ ਸੇਵਨ ਕਰਨ ਦੇ ਇਲਜ਼ਾਮ ਲਗਾ ਕੇ ਨਿਰਦੋਸ਼ ਮੁਸਲਿਮ ਭਾਈਚਾਰੇ ਵਿਰੁੱਧ ਖੇਡੇ ਜਾ ਰਹੇ ਤਾਂਡਵ ਨਾਚ ਨਾਲ 'ਆਰ.ਐਸ.ਐਸ.' ਦੇ ਅਸਲੀ ਮਨਸੂਬਿਆਂ ਤੇ ਫਾਸ਼ੀ ਪ੍ਰਵਿਰਤੀ ਦਾ ਪਤਾ ਲੱਗਦਾ ਹੈ। ਉਂਝ ਇਹ ਵਰਤਾਰਾ ਪਿਛਲੀ ਸਰਕਾਰ ਦੇ ਕਾਰਜ ਕਾਲ ਵਿਚ ਵੀ ਚਲਦਾ ਰਿਹਾ ਹੈ। ਸਾਰੇ ਦੇਸ਼ ਵਿਚ ਮੀਡੀਏ ਉਪਰ ਯੋਜਨਾਬੱਧ ਢੰਗ ਨਾਲ ਕੀਤੇ ਜਾ ਰਹੇ ਦੁਸ਼ਟ ਪ੍ਰਚਾਰ ਰਾਹੀਂ ਸਰਕਾਰ ਵਿਰੋਧੀ ਕੋਈ ਵੀ ਸ਼ਬਦ ਜਾਂ ਜਮਹੂਰੀ ਧਿਰਾਂ ਵਲੋਂ ਮੋਦੀ ਸਰਕਾਰ ਵਿਰੁੱਧ ਕਿਹਾ ਗਿਆ ਹਰ ਸ਼ਬਦ ਦੇਸ਼ ਧ੍ਰੋਹੀ ਹੈ ਅਤੇ ਪਾਕਿਸਤਾਨ ਤੇ ਚੀਨ ਸਮੇਤ ਸਾਰੇ ਗੁਆਂਢੀ ਦੇਸ਼ਾਂ ਨਾਲ ਗੱਲਬਾਤ ਰਾਹੀਂ ਝਗੜੇ ਵਾਲੇ ਮੁੱਦੇ ਹੱਲ ਕਰਕੇ ਅਮਨ ਸ਼ਾਂਤੀ ਦੀ ਸਥਾਪਤੀ ਲਈ ਕੀਤੀ ਗਈ ਹਰ ਗੁਹਾਰ ਨੂੰ "ਕੌਮ ਵਿਰੋਧੀ" ਕਾਰਾ ਗਰਦਾਨਿਆ ਜਾ ਰਿਹਾ ਹੈ। ਅੱਤਵਾਦੀ ਤੱਤਾਂ ਵਲੋਂ ਕੀਤੀ ਜਾਂਦੀਆਂ ਹਿੰਸਕ ਕਾਰਵਾਈਆਂ ਨੂੰ ਬਿਨਾਂ ਕੋਈ ਪੁਛ ਪੜਤਾਲ ਕੀਤਿਆਂ ਤੁਰੰਤ ਹੀ ਇਕ ਖਾਸ ਫਿਰਕੇ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ, ਹਾਲਾਂਕਿ ਅਜਿਹੀਆਂ ਸਮਾਜ ਵਿਰੋਧੀ ਹਿੰਸਕ ਕਾਰਵਾਈਆਂ ਕਰਨ ਵਾਲੇ ਭੱਦਰਪੁਰਸ਼ ਹਰ ਫਿਰਕੇ, ਪ੍ਰਾਂਤ, ਜਾਤ ਤੇ ਧਰਮ ਨਾਲ ਹੀ ਸੰਬੰਧਤ ਹਨ। ਹਜ਼ਾਰਾਂ ਦੀ ਗਿਣਤੀ ਵਿਚ ਬੇਕਸੂਰ ਮੁਸਲਿਮ ਨੌਜਵਾਨਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਸਾਲਾਂ ਬੱਧੀ ਜੇਲ੍ਹਾਂ ਵਿਚ ਡੱਕ ਦਿੱਤਾ ਜਾਂਦਾ ਹੈ। ਜਦੋਂ ਕੋਈ ਅਦਾਲਤ ਅਜਿਹੇ ਕਿਸੇ ਨੌਜਵਾਨ ਨੂੰ ਬੇਗੁਨਾਹ ਕਰਾਰ ਦੇ ਕੇ ਰਿਹਾਈ ਦੇ ਹੁਕਮ ਸੁਣਾ ਦਿੰਦੀ ਹੈ, ਉਦੋਂ ਜ਼ਿੰਦਗੀ ਦੇ ਕੀਮਤੀ ਸਾਲ ਜੇਲ੍ਹ ਵਿਚ ਬਿਤਾ ਕੇ ਬਾਹਰ ਆਇਆ ਵਿਅਕਤੀ ਕਿਵੇਂ ਜ਼ਿੰਦਗੀ ਗੁਜ਼ਾਰੇਗਾ, ਇਸਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਿਲ ਹੈ। ਪਾਕਿਸਤਾਨੀ ਹਾਕਮਾਂ, ਫੌਜ, ਤੇ ਅੱਤਵਾਦੀਆਂ ਵਲੋਂ ਕੀਤੀ ਜਾਂਦੀ ਹਰ ਕਾਰਵਾਈ ਨੂੰ ਮੁਸਲਮਾਨ ਘੱਟ ਗਿਣਤੀ ਦੇ ਲੋਕਾਂ ਨਾਲ ਰਲਗੱਡ ਕੀਤਾ ਜਾ ਰਿਹਾ ਹੈ, ਜੋ ਅੱਗੋਂ ਫਿਰਕੂ ਨਫ਼ਰਤ ਵਿਚ ਸੌਖਿਆਂ ਹੀ ਤਬਦੀਲ ਹੋ ਜਾਂਦਾ ਹੈ। ਸਮਾਜ ਦਾ ਫਿਰਕੂ ਲੀਹਾਂ 'ਤੇ ਧਰੁਵੀਕਰਨ ਕਰਨ ਦੇ ਮਨਸ਼ੇ ਪਿੱਛੇ ਦੇਸ਼ ਨੂੰ ਇਕ ਧਰਮ ਅਧਾਰਤ 'ਹਿੰਦੂ ਰਾਸ਼ਟਰ' ਵਿਚ ਤਬਦੀਲ ਕਰਨਾ ਹੈ। ਜਿਸ ਦਾ ਸੰਘ ਪਰਿਵਾਰ ਐਲਾਨ ਵੀ ਕਰ ਚੁੱਕਾ ਹੈ। ਇਹ ਨਾਮ ਨਿਹਾਦ ਧਰਮ ਅਧਾਰਤ 'ਹਿੰਦੂ ਰਾਸ਼ਟਰ' ਬਿਨ੍ਹਾਂ ਸ਼ੱਕ ਧਰਮ ਅਧਾਰਤ ਕਿਸੇ ਕੱਟੜਵਾਦੀ ਮੁਸਲਮ ਦੇਸ਼ ਅਤੇ 1980 ਵਿਆਂ ਵਿਚ ਪੰਜਾਬ 'ਚ 'ਖਾਲਿਸਤਾਨ' ਦੀ ਤਰਜ਼ ਤੇ ਕਾਇਮ ਕਰਨ ਵਾਲੇ ਰਾਸ਼ਟਰ ਦੀ ਮੰਗ ਵਰਗਾ ਹੀ ਹੋਵੇਗਾ। ਭਾਰਤ ਦੀ 85ਗ ਹਿੰਦੂ ਵੱਸੋਂ ਦਾ ਵੱਡਾ ਹਿੱਸਾ ਪਹਿਲਾਂ ਹੀ ਇਕੋ ਜਮਾਤ ਦੇ ਵੱਖ ਵੱਖ ਹਿੰਦੂ ਪ੍ਰਧਾਨ ਮੰਤਰੀਆਂ ਤੇ ਹਿੰਦੂ ਬਹੁਗਿਣਤੀ ਵਾਲੇ ਕੇਂਦਰੀ ਮੰਤਰੀ ਮੰਡਲਾਂ ਦੀਆਂ ਲੋਕ ਮਾਰੂ ਆਰਥਿਕ ਨੀਤੀਆਂ ਦਾ ਫਲ ਗਰੀਬੀ, ਬੇਕਾਰੀ, ਅਨਪੜ੍ਹਤਾ ਤੇ ਹਰ ਕਿਸਮ ਦੀਆਂ ਤੰਗੀਆਂ ਤੁਰਛੀਆਂ ਦੇ ਰੂਪ ਵਿਚ ਚੱਖ ਰਿਹਾ ਹੈ। ਸੰਘ ਪਰਿਵਾਰ ਦੀ ਅਯੁਧਿਆ ਵਿਚ ਝਗੜੇ ਵਾਲੀ ਜਗ੍ਹਾ ਉਪਰ ਰਾਮ ਮੰਦਰ ਬਣਾਉਣ ਦੀ ਰੱਟ ਧਾਰਮਿਕ ਆਸਥਾ ਨਾਲੋਂ ਬਿਲਕੁਲ ਅਲੱਗ ਰਾਜਨੀਤਕ ਤੇ ਵਿਚਾਰਧਾਰਕ ਸੰਕੀਰਨਤਾ ਭਰੀ ਜ਼ਿੱਦ ਜ਼ਿਆਦਾ ਹੈ। ਮੋਦੀ ਸਰਕਾਰ ਵਲੋਂ 'ਸਭਕਾ ਸਾਥ, ਸਭਕਾ ਵਿਕਾਸ' ਦਾ ਰਟਣ ਮੰਤਰ ਸਿਰਫ ਲੋਕਾਂ ਦੇ ਅੱਖੀਂ ਘੱਟਾ ਪਾਉਣ ਦਾ ਹੀ ਯਤਨ ਮਾਤਰ ਹੈ।

ਬਹੁਤ ਹੀ ਲੁਕਵੇਂ ਤੇ ਧੋਖੇ ਭਰੇ ਸ਼ਬਦ ਜਾਲ ਨਾਲ ਸੰਘੀ ਆਗੂ ਵੇਲਾ ਵਿਹਾ ਚੁੱਕੀ ਅਮਾਨਵੀ ਮਨੂੰਵਾਦੀ ਵਿਵਸਥਾ ਦਾ ਗੁਣਗਾਨ ਕਰਕੇ ਇਸ ਦੀ ਮੁੜ ਸਥਾਪਤੀ ਨੂੰ ਹੱਕ ਵਜਾਨਬ ਠਹਿਰਾ ਰਹੇ ਹਨ। ਹਾਲਾਂਕਿ ਅਸਲੀਅਤ ਇਹ ਹੈ ਕਿ ਇਹ ਮਨੂੰਵਾਦੀ ਸਮਾਜਿਕ ਵਿਵਸਥਾ ਹੀ ਸੀ, ਜਿਸ ਨੇ ਸਮਾਜ ਵਿਚ ਸਥਾਪਤ ਕੀਤੇ ਚਾਰੇ ਵਰਣਾਂ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਨਾਮੀ ਜਾਤਾਂ ਪਾਤਾਂ ਵਿਚੋਂ ਸਭ ਤੋਂ ਹੇਠਲੀ ਜਾਤੀ ਦੇ "ਸ਼ੂਦਰ" ਲੋਕਾਂ ਨੂੰ ਬਾਕੀ ਸਮਾਜ ਦੀ ਸੇਵਾ ਕਰਨ ਦਾ ਸਾਰਾ ਜ਼ਿੰਮਾ ਦਿੱਤਾ ਹੋਇਆ ਸੀ। ਇਸਦੇ ਬਦਲੇ "ਸ਼ੂਦਰ ਭਾਈਚਾਰੇ" ਦੇ ਕੰਨਾਂ ਵਿਚ ਢਾਲਿਆ ਸਿੱਕਾ ਪਾ ਕੇ, ਪਿੱਠ ਨਾਲ ਕੰਡਿਆਂ ਵਾਲੀਆਂ ਝਾੜੀਆਂ ਬੰਨ੍ਹ ਕੇ ਅਤੇ ਹਰ ਕਿਸਮ ਦੇ ਅਪਮਾਨਾਂ ਭਰੀ ਜ਼ਿੰਦਗੀ ਨੂੰ ਚੁੱਪ ਚਾਪ ਜੀਵੀ ਜਾਣ ਵਰਗਾ ਇਵਜਾਨਾ ਮਿਲਦਾ ਸੀ। ਪੜ੍ਹਾਈ, ਚੰਗਾ ਨਿਵਾਸ, ਪੌਸ਼ਟਿਕ ਖੁਰਾਕ ਤੇ ਰਹਿਣ ਸਹਿਣ ਲਈ ਚੰਗੇ ਜੀਵਨ ਤੋਂ ਮਹਿਰੂਮ ਦਲਿਤ (ਸ਼ੂਦਰ) ਸਮਾਜ ਹਰ ਕੁਦਰਤੀ ਸਾਧਨ ਤੋਂ ਵਿਰਵਾ ਕਰ ਦਿੱਤਾ ਗਿਆ। ਇਸ ਅਵਸਥਾ ਵਿਚੋਂ ਦਲਿਤ ਭਾਈਚਾਰੇ ਦੇ ਵੱਖਰੇ ਮੁਹੱਲੇ, ਅਲੱਗ ਜਲ ਸਰੋਤ,ਵੱਖਰੇ ਧਾਰਮਿਕ ਅਸਥਾਨ, ਅਤੇ ਇੱਥੋਂ ਤੱਕ ਕਿ ਮੁਰਦਾ ਸਾੜਨ ਲਈ ਦਲਿਤਾਂ ਦੇ ਵੱਖਰੇ ਸ਼ਮਸ਼ਾਨ ਘਾਟ ਸਮਾਜ ਵਿਚ ਪਸਰੇ ਇਸ ਜਾਤੀਪਾਤੀ ਕੋਹੜ ਦਾ ਹੀ ਇਕ ਨਮੂੰਨਾ ਹਨ। ਜਾਤਪਾਤ ਦੇ ਇਸ ਘਣ ਚੱਕਰ ਵਿਚੋਂ ਬਾਹਰ ਨਿਕਲਣ ਵਾਸਤੇ ਬਹੁਤ ਸਾਰੀਆਂ ਧਾਰਮਿਕ ਸ਼ਖਸ਼ੀਅਤਾਂ, ਸੰਤਾਂ, ਭਗਤਾਂ, ਸਮਾਜ ਸੁਧਾਰਕਾਂ ਤੇ ਅਗਾਂਹਵਧੂ ਲੋਕਾਂ ਨੇ ਜ਼ਿੰਦਗੀ ਭਰ ਲਹੂ ਵੀਟਵੇਂ ਘੋਲ ਕੀਤੇ। ਦਲਿਤ ਸਮਾਜ ਦੇ ਚੇਤਨ ਹਿੱਸਿਆਂ ਨੇ ਵੀ ਇਨ੍ਹਾਂ ਅੰਦੋਲਨਾਂ ਵਿਚ ਕੁਦਕੇ ਭਾਰੀ ਕੁਰਬਾਨੀਆਂ ਕੀਤੀਆਂ ਅਤੇ ਉਚ ਜਾਤੀਆਂ ਤੇ ਸ਼ਾਸ਼ਕਾਂ ਦੇ ਜਬਰ ਨੂੰ ਸਹਾਰਿਆ। ਅਜੇ ਤੱਕ ਵੀ ਦਲਿਤਾਂ ਉਪਰ ਇਹ ਜ਼ੁਲਮਾਂ ਦੀ ਕਹਾਣੀ ਅਮੁੱਕ ਖੜ੍ਹੀ ਦਿਖਾਈ ਦੇ ਰਹੀ ਹੈ। ਦਲਿਤ ਸਮਾਜ ਦੇ ਯਤਨਾਂ ਤੇ ਘੋਲਾਂ ਸਦਕਾ, ਜੋ ਥੋੜ੍ਹੀ ਬਹੁਤ ਸਹੂਲਤ ਜਾਂ ਰਾਹਤ ਅੱਜ ਤੱਕ ਪ੍ਰਾਪਤ ਵੀ ਹੋਈ ਹੈ, ਮੋਦੀ ਸਰਕਾਰ ਤੇ ਸੰਘ ਪਰਿਵਾਰ ਉਸਨੂੰ ਵੀ ਝਪਟ ਮਾਰਕੇ ਖੋਹਣਾ ਚਾਹੁੰਦਾ ਹੈ ਤੇ ਸਮੁੱਚੇ ਦਲਿਤ ਸਮਾਜ ਨੂੰ ਪੂਰੀ ਤਰ੍ਹਾਂ ਗੰਦਗੀ ਵਿਚ ਰੀਂਘਦੇ ਹੋਏ ਕੀੜਿਆਂ ਵਰਗੀ ਹਯਾਤੀ ਵਿਚ ਮੁੜ ਧਕੇਲਣਾ ਚਾਹੁੰਦਾ ਹੈ। ਰਾਖਵੇਂਕਰਨ (ਰੀਜਰਵੇਸ਼ਨ) ਨਾਲ ਦਲਿਤ ਤੇ ਦੂਸਰੇ

(ਬਾਕੀ ਸਫਾ 8 ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

### ਅਮਰੀਕਾ ਤੋਂ ਬਹੁਜਨਾਂ ਨੂੰ ਸੰਦੇਸ਼

# ਇੱਕਜੁਟ ਹੋ ਜਾਓ, ਸਾਡੀ ਜਿੱਤ ਨੂੰ ਕੋਈ ਨਹੀਂ ਰੋਕ ਸਕਦਾ









ਕੈਲੇਫੋਰਨੀਆ- ਬਹੁਜਨ ਸਮਾਜ ਦੇ ਅਜਿਹੇ ਹਜ਼ਾਰਾਂ ਲੋਕ ਹਨ, ਜੋ ਕਿ ਵਿਦੇਸ਼ੀ ਧਰਤੀ 'ਤੇ ਰਹਿ ਕੇ ਵੀ ਭਾਰਤ ਵਿਚ ਆਪਣੇ ਸਮਾਜ, ਮਹਾਂਪੁਰਸ਼ਾਂ ਨਾਲ ਡੂੰਘਾ ਲਗਾਅ ਰੱਖਦੇ ਹਨ। ਭਾਰਤ ਵਿਚ ਬਹੁਜਨ ਸਮਾਜ 'ਤੇ ਹੋਣ ਵਾਲੇ ਅੱਤਿਆਚਾਰ ਉਹਨਾਂ ਨੂੰ ਪੀੜ ਦਿੰਦੇ ਹਨ ਤਾਂ ਬਹੁਜਨ ਮਹਾਂਪੁਰਸ਼ਾਂ ਦੇ ਵਿਚਾਰ ਅੱਗੇ ਵਧਣ ਦੀ ਪ੍ਰੇਰਨਾ। ਇਹਨਾਂ ਬਹੁਜਨ ਸਮਾਜ ਦੇ ਮਹਾਂਪੁਰਸ਼ਾਂ ਨਾਲ ਜੁੜੇ ਖਾਸ ਦਿਨ ਹੁਣ ਵਿਦੇਸ਼ੀ ਧਰਤੀ ਤੇ ਖ਼ੂਬ ਮਨਾਏ ਜਾਣ ਲੱਗੇ ਹਨ। ਖਾਸ ਤੌਰ ਤੇ ਆਧੁਨਿਕ ਭਾਰਤ ਦੇ ਨਿਰਮਾਤਾ, ਸ਼ੋਸ਼ਿਤ ਬਹੁਜਨ ਸਮਾਜ ਦੇ ਮਸੀਹਾ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਨਾਲ ਸਬੰਧਤ ਵਿਸ਼ੇਸ਼ ਦਿਵਸ ਮੌਕੇ ਵੱਡੇ ਪੱਧਰ ਤੇ ਪ੍ਰੋਗਰਾਮ ਆਯੋਜਿਤ ਹੋਣ ਲੱਗੇ ਹਨ।

ਕੁਝ ਇਸੇ ਕਿਸਮ ਦਾ ਪ੍ਰੋਗਰਾਮ ਇੱਥ ਬੀਤੇ ਦਿਨੀਂ ਆਯੋਜਿਤ ਕੀਤਾ ਗਿਆ, ਜਿਸ ਵਿਚ ਬਹੁਤ ਸਾਰੇ ਪ੍ਰਵਾਸੀ ਭਾਰਤੀ ਬੁੱਧੀਜੀਵੀ ਇਕੱਠੇ ਹੋਏ। ਕੈਲੇਫੋਰਨੀਆ ਦੇ ਫਰਿਜ਼ਨੋ ਸਥਿਤ ਗਰੂ ਘਰ ਵਿਚ ਜਨਮ ਦਿਨ ਸਮਾਗਮ ਵਿਚ ਪਹੁੰਚੇ ਪ੍ਰਵਾਸੀ ਭਾਰਤੀਆਂ ਨੇ ਇਕ ਸੁਰ ਵਿਚ ਭਾਰੀਤ ਬਹੁਜਨ ਸਮਾਜ ਨੂੰ ਇੱਕਜੁਟ ਹੋ ਕੇ ਸੱਤਾ ਆਪਣੇ ਹੱਕਾਂ ਵਿਚ ਲੈਣ ਦਾ ਸੱਦਾ ਦਿੱਤਾ। ਇਸਦੇ ਨਾਲ ਹੀ ਉਹਨਾਂ ਨੇ ਅੰਬੇਡਕਰ ਨੂੰ ਜਿੰਦਾ ਰੱਖਣ ਦੇ ਲਈ ਅੰਬੇਡਕਰਵਾਦ ਨੂੰ ਫੈਲਾਉਣ ਦੀ ਲੋੜ ਤੇ ਜ਼ੋਰ ਦਿੱਤਾ। ਸਮਾਗਮ ਦੇ ਦੌਰਾਨ ਪ੍ਰਵਾਸੀ ਭਾਰਤੀਆਂ ਨੇ ਭਾਰਤ ਵਿਚ ਸ਼ੋਸ਼ਣ ਦਾ ਸ਼ਿਕਾਰ ਬਹੁਜਨ ਸਮਾਜ 'ਤੇ ਹੋਣ ਵਾਲੇ ਅੱਤਿਆਚਾਰਾਂ ਨੂੰ ਲੈ ਕੇ ਚਿੰਤਤ ਨਜ਼ਰ ਆਏ। ਖਾਸ ਤੌਰ ਤੇ ਉਹਨਾਂ ਨੇ ਸਹਾਰਨਪੁਰ ਵਿਚ ਦਲਿਤਾਂ ਤੇ ਹੋਏ ਜ਼ੁਲਮ ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਨਾਲ ਹੀ ਕਿਹਾ ਕਿ ਜੇਕਰ ਇਹਨਾਂ ਅੱਤਿਆਚਾਰਾਂ ਤੋਂ ਪੱਕੇ ਤੌਰ ਤੇ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਬਹੁਜਨਾਂ ਨੂੰ ਸੱਤਾ ਦੀ ਚਾਬੀ ਆਪਣੇ ਹੱਥਾਂ ਵਿਚ ਲੈਣੀ ਹੋਵੇਗੀ।

**ਬਹੁਜਨ ਮੂਵਮੈਂਟ ਲਈ ਸਾਡੀਆਂ ਕੋਸ਼ਿਸ਼ਾਂ ਕਦੀ ਰੁਕਣੀਆਂ ਨਹੀਂ ਚਾਹੀਦੀਆਂ- ਅਮਰ ਦੜੌਚ**

ਸਮਾਜ ਸੇਵਕ ਅਤੇ ਪ੍ਰਵਾਸੀ ਭਾਰਤੀ ਅਮਰ ਦੜੌਚ ਨੇ ਆਪਣੀ ਗੱਲ ਰੱਖਦੇ ਹੋਏ ਕਿਹਾ ਕਿ ਜੇਕਰ ਅਸੀਂ ਬਾਬਾ ਸਾਹਿਬ ਨੂੰ ਜਿੰਦਾ ਰੱਖਣਾ ਹੈ ਤਾਂ ਉਹਨਾਂ ਦੇ ਵਿਚਾਰਾਂ ਨੂੰ ਅੱਗੇ ਵਧਾਉਣਾ ਹੋਵੇਗਾ। ਅਸੀਂ ਭਾਰਤ ਦੇ ਮੂਲ ਨਿਵਾਸੀ ਹਾਂ ਅਤੇ ਸਾਨੂੰ ਆਪਣਾ ਮੂਲ ਪਛਾਨਣਾ ਚਾਹੀਦਾ ਹੈ। ਜਾਤੀਵਾਦੀ ਵਿਵਸਥਾ ਨੂੰ ਸਮਾਜ ਨੂੰ ਵੰਡਣ ਵਾਲਾ ਦੱਸਦੇ ਹੋਏ ਸ੍ਰੀ ਦੜੌਚ ਨੇ ਕਿਹਾ ਕਿ ਮਨੂੰਵਾਦੀ ਵਿਵਸਥਾ ਨੇ ਸਮਾਜ ਨੂੰ 6743 ਜਾਤੀਆਂ ਵਿਚ ਵੰਡਿਆ ਹੈ ਤਾਂ ਜੋ ਅਸੀਂ ਵੰਡੇ ਰਹੀਏ।ਇਹਨਾਂ ਜਾਤੀਆਂ ਨੂੰ ਇਕੱਠਾ ਕਰ ਸਕਣਾ ਮੁਸ਼ਕਿਲ ਟੀਚਾ ਹੈ, ਪਰ ਅਸੰਭਵ ਨਹੀਂ ਹੈ।

ਬਸਪਾ ਨੂੰ ਬਹੁਜਨ ਸਮਾਜ ਦਾ ਅਸਲੀ ਰਾਜਨੀਤਿਕ ਮੰਚ ਦੱਸਦੇ ਹੋਏ ਸ੍ਰੀ ਅਮਰ ਦੜੌਚ ਨੇ ਕਿਹਾ ਕਿ ਈ. ਵੀ. ਐਮ. ਵਿਚ ਧਾਂਦਲੀ ਦੇ ਕਾਰਨ ਸਾਡੀ ਹਾਰ ਹੋਈ ਹੈ। ਪਰ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਅਸੀਂ ਬੇਸ਼ੱਕ ਕਾਮਯਾਬ ਨਹੀਂ ਹੋ ਸਕੇ ਪਰ ਸਾਡੀਆਂ ਕੋਸ਼ਿਸ਼ਾਂ ਕਦੀ ਰੁਕਣੀਆਂ ਨਹੀਂ ਚਾਹੀਦੀਆਂ।

ਬਾਬਾ ਸਾਹਿਬ ਡਾ. ਅੰਬੇਡਕਰ ਦੇ ਸੰਦੇਸ਼ ਦਾ ਜ਼ਿਕਰ ਕਰਦੇ ਹੋਏ ਉਹਨਾਂ ਕਿਹਾ ਕਿ ਤੁਹਾਡੀਆਂ ਕੋਸ਼ਿਾਂ ਸਫਲ ਹੋਣ ਜਾਂ ਨਾ, ਤੁਹਾਡੇ ਕੰਮ ਦੀ ਕੋਈ ਸ਼ਲਾਘਾ ਕਰੇ ਜਾਂ ਨਾ, ਚਾਹੇ ਤੁਹਾਨੂੰ ਸਫਲਤਾ ਮਿਲੇ ਜਾਂ ਨਾ ਪਰ ਆਪਣਾ ਕੰਮ ਕਰਦੇ ਰਹਿਣਾ ਚਾਹੀਦਾ ਹੈ। ਹਾਲ ਹੀ ਵਿਚ ਵਿਧਾਨ ਸਭਾ ਚੋਣਾਂ ਦੌਰਾ ਆਪਣੇ ਪੰਜਾਬ ਦੌਰੇ ਦਾ ਤਜਰਬਾ ਸਾਂਝਾ ਕਰਦੇ ਹੋਏ ਅਮਰ ਦੜੌਚ ਨੇ ਕਿਹਾ ਕਿ ਉਹਨਾਂ ਨੂੰ ਉਥੇ ਅਜਿਹੇ ਕਈ ਲੋਕ ਮਿਲੇ, ਜਿਹਨਾਂ ਨੇ ਬਹੁਜਨ ਮੂਵਮੈਂਟ ਦੇ ਲਈ ਸੰਘਰਸ਼ ਕਰਦੇ ਹੋਏ ਲੰਮਾ ਸਮਾਂ ਬੀਤ ਚੁੱਕਾ ਹੈ। ਬਸਪਾ ਦੇ ਰੂਪ ਵਿਚ ਬਹੁਜਨ ਮੂਵਮੈਂਟ ਨੂੰ ਅੱਗ ਵਧਾਉਣ ਦੇ ਲਈ ਉਹਨਾਂ ਦੀਆਂ ਕੋਸ਼ਿਸ਼ਾਂ ਜਾਰੀ ਹਨ ਵੈਸੇ ਵੀ ਜੋ ਲੋਕ ਬਹੁਜਨ ਸਮਾਜ ਦੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਸਮਝ ਲੈਂਦੇ ਹਨ, ਉਹ ਕਦੀ ਰੁਕਦੇ ਨਹੀਂ ਹਨ।

ਅਮਰ ਦੜੌਚ ਨੇ ਕਿਹਾ ਕਿ ਬਾਬਾ ਸਾਹਿਬ ਦਾ ਵਿਚਾਰ ਸੀ ਕਿ ਜਦੋਂ ਤੱਕ ਵਿਰੋਧੀ ਧਿਰ ਮਜ਼ਬੂਤ ਨਹੀਂ ਹੋਵੇਗੀ, ਉਦੋਂ ਤੱਕ ਲੋਕਤੰਤਰੀ ਵਿਵਸਥਾ ਕਾਮਯਾਬ ਨਹੀਂ ਹੋਵੇਗੀ। ਸਾਨੂੰ ਵਿਰੋਧੀ ਦੇ ਤੌਰ ਤੇ ਮਜ਼ਬੂਤ ਭੂਮਿਕਾ ਨਿਭਾਉਣੀ ਹੋਵੇਗੀ। ਭਾਰਤ ਵਿਚ ਸਾਡੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਦੇ ਉਲਟ ਹੋ ਰਿਹਾ ਹੈ। ਸਾਨੂੰ ਇਸ ਸਥਿਤੀ ਦਾ ਮਜ਼ਬੂਤੀ ਨਾਲ ਸਾਹਮਣਾ ਕਰਨਾ ਹੈ।

**ਅਛੂਤ ਦਾ ਕਲੰਕ ਨਹੀਂ ਮਿਟੇਗਾ, ਜਦੋਂ ਤੱਕ ਰਾਜ ਸੱਤਾ ਪ੍ਰਾਪਤ ਨਹੀਂ ਕਰੋਗੇ: ਰਾਜਗੁਰੂ**

ਪ੍ਰਵਾਸੀ ਭਾਰਤੀ ਰਾਜਗੁਰੂ ਨੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੇ ਜਨਮ ਦਿਨ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਬਾਬਾ ਸਾਹਿਬ ਨੇ ਆਪਣਾ ਸਾਰਾ ਜੀਵਨ ਸ਼ੋਸ਼ਿਤ ਸਮਾਜ ਦੇ ਲਈ ਲਗਾ ਦਿੱਤਾ। ਬਾਬਾ ਸਾਹਿਬ ਅੰਬੇਡਕਰ ਨੇ ਸ਼ੋਸ਼ਿਤ ਬਹੁਜਨ ਸਮਾਜ ਨੂੰ ਅਧਿਕਾਰ ਲੈ ਕੇ ਦਿੱਤੇ, ਜਿਹਨਾਂ ਦੀ ਬਦੌਲਤ ਅਸੀਂ ਪੜ੍ਹ ਲਿਖ ਸਕੇ। ਰਿਜ਼ਰਵੇਸ਼ਨ ਲੈ ਕੇ ਦਿੱਤੀ, ਜਿਸ ਕਾਰਨ ਸਾਨੂੰ ਨੌਕਰੀਆਂ ਮਿਲੀਆਂ। ਬਰਾਬਰੀ ਦਾ ਹੱਕ ਲੈ ਕੇ ਦਿੰਤਾ। ਬਾਬਾ ਸਾਹਿਬ ਨੇ ਵਿਦੇਸ਼ ਵਿਚ ਜਾ ਕੇ ਉਚ ਸਿੱਖਿਆ ਪ੍ਰਾਪਤ ਕੀਤੀ ਪਰ ਪੜ੍ਹ-ਲਿਖ ਕੇ ਵੀ ਉਹਨਾਂ ਦੇ ਮੱਥੇ ਤੇ ਲੱਗਿਆ ਅਛੂਤ ਦਾ ਕਲੰਕ ਨਹੀਂ ਮਿਟ ਸਕਿਆ। ਫਿਰ ਉਹਨਾਂ ਨੇ ਮਹਿਸੂਸ ਕੀਤੀ ਕਿ ਸ਼ੋਸ਼ਿਤ ਸਮਾਜ ਇਹ ਕਲੰਕ ਉਦੋਂ ਤੱਕ ਮੱਥੇ ਤੋਂ ਨਹੀਂ ਉਤਾਰ ਸਕਦਾ, ਜਦੋਂ ਤੱਕ ਰਾਜ ਸੱਤਾ ਪ੍ਰਾਪਤ ਨਹੀਂ ਕਰ ਲੈਂਦਾ।

**ਬਾਬਾ ਸਾਹਿਬ ਦੀ ਵਿਰਾਸਤ ਨੂੰ ਬਚਾਈ ਰੱਖਣ ਲਈ ਸੋਚਣਾ ਹੋਵੇਗਾ: ਮਲਕੀਤ ਬੰਗੜ**

ਇਸ ਮੌਕੇ ਮਲਕੀਤ ਸਿੰਘ ਬੰਗੜ ਨੇ ਵਿਚਾਰ ਰੱਖਦੇ ਹੋਏ ਕਿਹਾ ਕਿ ਲੋਕਤੰਤਰ ਦੀ ਸਫਲਤਾ ਤਾਂ ਹੋਵੇਗੀ, ਜਦੋਂ ਚੋਣ ਸਿਸਟਮ ਵਿਚ ਅਮੀਰ ਲੋਕ ਨਾ ਹੋਣ। ਉਹਨਾਂ ਨੇ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਈ. ਵੀ. ਐਮ. ਹੇਰਾਫੇਰੀ ਨੂੰ ਲੈ ਕੇ ਵੀ ਚਿੰਤਾ ਪ੍ਰਗਟ ਕੀਤੀ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਪੰਜਾਬ ਦੌਰੇ ਦਾ ਜ਼ਿਕਰ ਕਰਦੇ ਹੋਏ ਸ੍ਰੀ ਬੰਗੜ ਨੇ ਕਿਹਾ ਕਿ 27 ਅਕਤੂਬਰ 1951 ਨੂੰ ਬਾਬਾ ਸਾਹਿਬ ਜਲੰਧਰ ਗਏ ਸਨ। ਪੰਜਾਬ ਭਰ ਤੋਂ ਲੱਖਾਂ ਲੋਕ ਆਏ, ਜਿਹਨਾਂ ਨੇ ਬਾਬਾ ਸਾਹਿਬ ਦਾ ਭਾਸ਼ਣ ਸੁਣਿਆ। ਅਗਲੇ ਦਿਨ ਉਹ ਡੀ. ਏ. ਵੀ. ਕਾਲਜ ਜਲੰਧਰ ਗਏ। ਇੱਥੇ ਉਹਨਾਂ ਨੇ ਵਿਦਿਆਰਥੀਆਂ ਨੂੰ ਲੋਕਤੰਤਰੀ ਸਿਸਟਮ ਨੂੰ ਬਰਕਰਾਰ ਰੱਖਣ ਲਈ ਮਹੱਤਵਪੂਰਨ ਬਿੰਦੂ ਦੱਸੇ। ਬਾਬਾ ਸਾਹਿਬ ਨੇ ਕਿਹਾ ਕਿ ਲੋਕਤੰਤਰ ਸਿਸਟਮ ਤਾਂ ਹੀ ਬਚਿਆ ਰਹਿ ਸਕਦਾ ਹੈ, ਜਦੋਂ ਵਿਰੋਧੀ ਧਿਰ ਮਜ਼ਬੂਤ ਹੋਵੇਗੀ। ਉਹ ਮਜ਼ਬੂਤ ਨਾ ਹੋਇਆ ਤਾਂ ਸੱਤਾਧਾਰੀ ਪਾਰਟੀ ਮਨਮਰਜ਼ੀ ਕਰੇਗੀ। ਲੋਕਤੰਤਰ ਦੀ ਸਫਲਤਾ ਤਾਂ ਹੀ ਹੋਵੇਗੀ, ਜੇਕਰ ਚੋਣ ਸਿਸਟਮ ਵਿਚ ਅਮੀਰ ਲੋਕ ਕਾਬਜ ਨਹੀਂ ਰਹਿਣਗੇ। ਬਾਬਾ ਸਾਹਿਬ ਨੇ ਨੌਜਵਾਨਾਂ ਨੂੰ ਕਿਹਾ ਕਿ ਤੁਹਾਡਾ ਵੋਟ ਤੁਹਾਡਾ ਹਥਿਆਰ ਹੈ। ਇਸ ਹਥਿਆਰ ਨੂੰ ਦੂਜੇ ਦੇ ਹੱਕੀਂ ਇਸਤੇਮਾਲ ਨਾ ਹੋਣ ਦਿਓ, ਜੇਕਰ ਅਜਿਹਾ ਹੋਇਆ ਤਾਂ ਦੇਸ਼ ਫਿਰ ਤੋਂ ਗੁਲਾਮ ਹੋ ਸਕਦਾ ਹੈ।

ਸ੍ਰੀ ਬੰਗੜ ਨੇ ਇਕ ਘਟਨਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਜਦੋਂ ਬਾਬਾ ਸਾਹਿਬ ਅੰਬੇਡਕਰ ਸਾਨੂੰ ਵੋਟ ਦਾ ਅਧਿਕਾਰ ਦਿਵਾ ਕੇ ਸੰਸਦ ਤੋਂ ਬਾਹਰ ਆ ਰਹੇ ਸਨ ਤਾਂ ਉਹ ਬਹੁਤ ਖੁਸ਼ ਸਨ। ਉਦੋਂ ਉਹਨਾਂ ਨੂੰ ਦੇਖ ਕੇ ਇਕ ਅਲੱਗ ਵਿਚਾਰਧਾਰਾ ਦੇ ਵਿਅਕਤੀ ਕ੍ਰਿਪਾਲਾਨੀ ਨੇ ਸਵਾਲ ਪੁੱਛਿਆ ਕਿ ਅੱਜ ਤੁਸੀਂ ਬਹੁਤ ਖੁਸ਼ ਨਜ਼ਰ ਆ ਰਹੇ ਹੋ, ਕੀ ਗੱਲ ਹੈ। ਇਸ ਤੇ ਬਾਬਾ ਸਾਹਿਬ ਨੇ ਜਵਾਬ ਦਿੱਤਾ ਕਿ ਅੱਜ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲ ਗਿਆ ਹੈ। ਕ੍ਰਿਪਲਾਨੀ ਨੇ ਕਿਹਾ ਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡੇ ਲੋਕਾਂ ਨੂੰ ਵੋਟ ਦਾ ਅਧਿਕਾਰ ਮਿਲ ਗਿਆ ਹੈ, ਤੁਹਾਡੇ ਲੋਕ ਤਾਂ ਹਰ ਵਕਤ ਵਿਕ ਜਾਂਦੇ ਹਨ। ਤਾਂ ਬਾਬਾ ਸਾਹਿਬ ਨੇ ਕਿਹਾ ਕਿ ਜਿਸ ਦਿਨ ਮੇਰੇ ਲੋਕਾਂ ਨੂੰ ਵੋਟ ਦੀ ਕੀਮਤ ਦਾ ਪਤਾ ਲੱਗ ਗਿਆ, ਉਸ ਦਿਨ ਉਹ ਇਸ ਮੁਲਕ ਦੇ ਸ਼ਾਸਕ ਬਣਨਗੇ।

**ਬਾਬਾ ਸਾਹਿਬ ਨੇ ਸ਼ੋਸ਼ਿਤ ਸਮਾਜ ਨੂੰ ਨਵਾਂ ਜੀਵਨ ਦਾਨ ਦਿੱਤਾ: ਹਰਬਲਾਸ ਝਿੰਗੜ**

ਹਰਬਲਾਸ ਝਿੰਗੜ ਨੇ ਕਿਹਾ ਕਿ ਅੱਜ ਜੇਕਰ ਅਸੀਂ ਅੱਗੇ ਵੱਧ ਸਕੇ ਹਾਂ ਤਾਂ ਇਹ ਸਿਰਫ ਬਾਬਾ ਸਾਹਿਬ ਦੀ ਬਦੌਲਤ ਹੀ ਹੈ। ਬਾਬਾ ਸਾਹਿਬ ਦੇ ਆਉਣ ਤੋਂ ਪਹਿਲਾਂ ਭਾਰਤ ਵਿਚ ਸ਼ੋਸ਼ਿਤ ਸਮਾਜ ਦੇ ਲਈ ਹਾਲਾਤ ਬਹੁਤ ਖਰਾਬ ਸਨ। ਅਛੂਤਾਂ ਦੀ ਸਥਿਤੀ ਜਾਨਵਰਾਂ ਤੋਂ ਵੀ ਬਦੱਤਰ ਸੀ। ਜਾਨਵਰ ਤਲਾਬਾਂ ਤੋਂ ਪਾਣੀ ਪੀ ਸਕਦੇ ਸਨ ਪਰ ਸ਼ੋਸ਼ਿਤ ਸਮਾਜ ਦੇ ਲੋਕਾਂ ਨੂੰ ਇਹ ਮਨਜ਼ੂਰੀ ਨਹੀਂ ਸੀ।

ਬਾਬਾ ਸਾਹਿਬ ਨੇ ਉਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਸ਼ੋਸ਼ਿਤ ਸਮਾਜ ਦੇ ਲਈ ਲਗਾਤਾਰ ਸੰਘਰਸ਼ ਕੀਤਾ। ਉਹਨਾਂ ਨੇ ਸ਼ੋਸ਼ਿਤਾਂ ਨੂੰ ਅਧਿਕਾਰ ਦਿਵਾਏ। ਸੰਵਿਧਾਨ ਦੇ ਜ਼ਰੀਏ ਉਹਨਾਂ ਨੂੰ ਸਮਾਨਤਾ ਦਾ ਅਧਿਕਾਰ ਮਿਲਿਆ। ਅੱਗੇ ਵਧਣ ਦੇ ਬਰਾਬਰ ਮੌਕੇ ਦਿੱਤੇ। ਬਾਬਾ ਸਾਹਿਬ ਨੇ ਸ਼ੋਸ਼ਿਤਾਂ ਨੂੰ ਇਕ ਨਵਾਂ ਜੀਵਨ ਦਾਨ ਦਿੱਤਾ।

ਉਹਨਾਂ ਕਿਹਾ ਕਿ ਦੇਸ਼ ਵਿਚ ਸ਼ੋਸ਼ਿਤ ਸਮਾਜ ਦੀ ਵੱਡੀ ਗਿਣਤੀ ਹੋਣ ਦੇ ਬਾਵਜੂਦ ਉਹ ਟੁਕੜਿਆਂ ਵਿਚ ਵੰਡੇ ਹਨ । ਉਹਨਾਂ ਦੇ ਘਰਾਂ ਵਿਚ ਅੱਗ ਲਗਾਈ ਜਾਂਦੀ ਹੈ, ਉਹਨਾਂ ਦੇ ਕਤਲ ਹੋ ਰਹੇ ਹਨ। ਉਹਨਾਂ ਨੇ ਕਿਹਾ ਕਿ ਕੋਈ ਕਿਸੇ ਨੂੰ ਅਧਿਕਾਰ ਨਹੀਂ ਦਿੰਦਾ ਹੈ, ਅਧਿਕਾਰ ਖੋਹਣੇ ਪੈਂਦੇ ਹਨ। ਬਾਬਾ ਸਾਹਿਬ ਨੇ ਕਿਹਾ ਕਿ ਤੁਹਾਡੇ ਸਾਰੇ ਦੁੱਖਾਂ ਦਾ ਹੱਲ ਰਾਜ ਸੱਤਾ ਦੀ ਚਾਬੀ ਹੈ, ਜਿਸ ਨਾਲ ਸ ਾਰੇ ਜਿੰਦਰੇ ਖੁੱਲ੍ਹ ਸਕਦੇ ਹਨ ।

**ਸ਼ੋਸ਼ਿਤ ਸਮਾਜ ਨੂੰ ਅੰਬੇਡਕਰ ਦੇ ਦਿਖਾਏ ਰਸਤੇ ਤੇ ਚੱਲਣਾ ਹੋਵੇਗਾ: ਜਸਵੀਰ ਮੰਨਣ**

ਪ੍ਰਵਾਸੀ ਭਾਰਤੀ ਜਸਵੀਰ ਮੰਨਣ ਨੇ ਕਿਹਾ ਕਿ ਅੱਜ ਅਸੀਂ ਬਾਬਾ ਸਾਹਿਬ ਅੰਬੇਡਕਰ ਦੀ ਬਦੌਲਤ ਹੀ ਆਪਣੇ ਪੈਰਾਂ ਤੇ ਖੜ੍ਹੇ ਹੋ ਸਕੇ ਹਾਂ। ਪਹਿਲਾਂ ਜਾਤੀਵਾਦੀ ਵਿਵਸਥਾ ਦੇ ਕਾਰਨ ਅਸੀਂ ਘਰ ਤੋਂ ਬਾਹਰ ਵੀ ਨਹੀਂ ਨਿਕਲ ਸਕਦੇ ਸੀ। ਅਛੂਤਾਂ ਦੀ ਪਰਛਾਈ ਉਚੀ ਜਾਤੀ ਦੇ ਵਿਅਕਤੀ 'ਤੇ ਨਾ ਪੈ ਜ ਾਵੇ, ਇਸ ਕਾਰਨ ਉਹਨਾਂ ਨੂੰ ਦਿਨ ਦੇ ਵਕਤ ਘਰਾਂ ਤੋਂ ਬਾਰਹ ਨਿਕਲਣ ਦੀ ਵੀ ਆਜ਼ਾਦੀ ਨਹੀਂ ਸੀ। ਬਾਬਾ ਸਾਹਿਬ ਅੰਬੇਡਕਰ ਬਹੁਜਨ ਸਮਾਜ ਨੂੰ ਜੋ ਸੰਦੇਸ਼ ਦੇ ਕੇ ਗਏ ਹਨ, ਸਮਾਜ ਨੂੰ ਉਸਦੇ ਮੁਤਾਬਕ ਚੱਲਣਾ ਚਾਹੀਦਾ ਹੈ। ਬਾਬਾ ਸਾਹਿਬ ਨੇ ਬੁੱਧ ਧਰਮ ਅਪਣਾਇਆ। ਜੇਕਰ ਬਹੁਜਨ ਸਮਾਜ ਇਯ ਧਰਮ ਦੀ ਪਹਿਲੀਆਂ ਚਾਰ ਪ੍ਰਤੀਗਿਆਵਾਂ ਤੇ ਹੀ ਅਮਰ ਕਰ ਲਵੇ ਤਾਂ ਉਹਨਾਂ ਦੀ ਜ਼ਿੰਦਗੀ ਵਿਚ ਬਹੁਤ ਸਕਾਰਾਤਮਕ ਬਦਲਾਅ ਆ ਜਾਵੇਗਾ।

ਸਹਾਰਨਪੁਰ ਵਿਚ ਸ਼ੋਸ਼ਿਤ ਸਮਾਜ 'ਤੇ ਹੋਏ ਅੱਤਿਆਚਾਰ ਦਾ ਜ਼ਿਕਰ ਕਰਦੇ ਹੋਏ ਜਸਵੀਰ ਮੰਨਣ ਨੇ ਕਿਹਾ ਕਿ ਸਾਡੇ ਸਮਾਜ ਤੇ ਬਹੁਤ ਜ਼ੁਲਮ ਹੋ ਰਹੇ ਹਨ ਜੋ ਕਿ ਦੁਖਦਾਇਕ ਹਨ।

**ਤਕਦੀਰ ਨਹੀਂ, ਬਾਬਾ ਸਾਹਿਬ ਦੇ ਕਾਰਨ ਹੋਈ ਸਾਡੀ ਤਰੱਕੀ: ਰਾਜਿੰਦਰ ਗੰਗੜ**

ਇਸ ਮੌਕੇ ਰਾਜਿੰਦਰ ਗੰਗੜ ਨੇ ਇਕ ਛੋਟੀ ਜਿਹੀ ਕਵਿਤਾ ਦੇ ਜ਼ਰੀਏ ਦੱਸਿਆ ਕਿ ਅੱਜ ਜੇਕਰ ਸ਼ੋਸ਼ਿਤ ਬਹੁਜਨ ਸਮਾਜ ਅੱਗੇ ਵੱਧ ਸਕਿਆ ਹੈ ਤਾਂ ਇਹ ਸਭ ਕੁਝ ਬਾਬਾ ਸਾਹਿਬ ਅੰਬੇਡਕਰ ਦੀ ਮਿਹਨਤ ਦਾ ਫਲ ਹੈ, ਨਾ ਕਿ ਕਿਸੇ ਤਕਦੀਰ ਦਾ। ਸ਼ੋਸ਼ਿਤ ਸਮਾਜ ਦੇ ਬੱਚੇ ਜੇਕਰ ਪੜ੍ਹ ਰਹੇ ਹਨ, ਉਚ ਸਿੱਖਿਆ ਪ੍ਰਾਪਤ ਕਰ ਰਹੇ ਹਨ, ਵੱਡੇ ਵੱਡੇ ਅਹੁਦਿਆਂ ਤੇ ਪਹੁੰਚੇ ਹਨ ਤਾਂ ਇਹ ਸਭ ਬਾਬਾ ਸਾਹਿਬ ਦੀ ਦੇਣ ਹੈ। ਉਹਨਾਂ ਕਿਹਾ ਕਿ ਜੋ ਲੋਕ ਬਾਬਾ ਸਾਹਿਬ ਦਾ ਦਿੱਤਾ ਖਾ ਕੇ ਹੀ ਉਹਨਾਂ ਦੀ ਅਣਦੇਖੀ ਕਰਦੇ ਹਨ, ਉਹ ਲੋਕ ਅਹਿਸਾਨ ਫਰਾਮੋਸ਼ ਹਨ, ਦੁਨੀਆਂ ਤੇ ਬੋਝ ਹਨ।

**ਬੱਚਿਆਂ ਨੂੰ ਪੜ੍ਹਾਓ ਅਤੇ ਬਾਬਾ ਸਾਹਿਬ ਬਾਰੇ ਦੱਸੋ: ਸ਼ੀਲਾ ਮਹੇ**

ਬਾਬਾ ਸਾਹਿਬ ਅੰਬੇਡਕਰ ਦੇ ਜਨਮ ਦਿਨ ਦੀ ਵਧਾਈ ਦਿੰਦੇ ਹੋਏ ਸ਼ੀਲਾ ਮਹੇ ਨੇ ਕਿਹਾ ਕਿ ਬਹੁਜਨ ਸਮਾਜ ਨੂੰ ਬਾਬਾ ਸਾਹਿਬ ਦੀ ਕਲਮ ਤੇ ਪਹਿਰਾ ਦੇਣਾ ਹੋਵੇਗਾ। ਸਮਾਜ ਦੇ ਬੱਚਿਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਡੀ ਕੌਮ ਵਿਚ ਇਕ ਅਜਿਹਾ ਮਹਾਨ ਯੋਧਾ ਆਇਆ ਸੀ, ਜੋ ਕਿ ਸਾਨੂੰ ਗੁਲਾਮੀ ਦੀਆਂ ਬੇੜੀਆਂ ਤੋਂ ਮੁਕਤੀ ਦਿਵਾ ਗਏ। ਉਹਨਾਂ ਕਿਹਾ ਕਿ ਲੋਕ ਆਪਣੇ ਬੱਚਿਆਂ ਨੂੰ ਪੜ੍ਹਾਉਣ, ਉਚ ਸਿੱਖਿਆ ਦਿਵਾਉਣ। ਨਾਲ ਹੀ ਉਹਨਾਂ ਨੂੰ ਬਾਬਾ ਸਾਹਿਬ ਦੇ ਬਾਰੇ ਜ਼ਰੂਰ ਦੱਸਿਆ।

**ਅੱਜ ਵੀ ਬਿਖਰਿਆ ਪਿਆ ਹੈ ਬਹੁਜਨ ਸਮਾਜ: ਮਨਦੀਪ ਕੌਰ**

ਆਪਣੇ ਵਿਚਾਰ ਰੱਖਦੇ ਹੋਏ ਮਨਦੀਪ ਕੌਰ ਨੇ ਕਿਹਾ ਕਿ ਅੱਜ ਉਹ ਜੋ ਕੁਝ ਵੀ ਹਨ ਸਭ ਬਾਬਾ ਸਾਹਿਬ ਦੀ ਬਦੌਲਤ ਹੈ। ਬਾਬਾ ਸਾਹਿਬ ਨੇ ਕਿਹਾ ਕਿ ਪੜ੍ਹ-ਲਿਖ ਕੇ ਨੌਕਰੀ ਪ੍ਰਾਪਤ ਕਰਨਾ ਹੀ ਸਾਡਾ ਟੀਚਾ ਨਹੀਂ ਹੈ। ਸਮਾਜ ਦੇ ਪ੍ਰਤੀ ਜ਼ਿੰਮੇਵਾਰੀ ਦਾ ਨਿਰਵਾਹ ਕਰਨਾ ਹੀ ਸਾਡਾ ਟੀਚਾ ਹੋਣਾ ਚਾਹੀਦਾ ਹੈ।

ਉਹਨਾਂ ਨੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਬਹੁਜਨ ਸਮਾਜ ਦੇ ਲੋਕ ਅੱਜ ਵੀ ਬਿਖਰੇ ਹੋਏ ਹਨ। ਉਹ ਮਨੂੰਵਾਦੀਆਂ ਦਾ ਸਾਥ ਦੇ ਰਹੇ ਹਨ, ਜਦਕਿ ਉਹੀ ਬਹੁਜਨ ਸਮਾਜ ਨੂੰ ਕੁਚਲੇ ਰਹੇ ਹਨ। ਮਨੂੰਵਾਦੀ ਰਾਜਨੀਤਿਕ ਪਾਰਟੀਆਂ ਸਮਾਨਤਾ ਦਾ ਅਧਿਕਾਰ ਕਿਉਂ ਨਹੀਂ ਦਿੰਦੀਆਂ? ਉਹ ਜਾਤੀਵਾਦੀ ਵਿਵਸਥਾ ਨੂੰ ਖਤਮ ਕਰਨ ਦੀ ਗੱਲ ਕਿਉਂ ਨਹੀਂ ਕਰਦੀਆਂ? ਜਦਕਿ ਜਾਤੀਵਾਦ ਦੇ ਖਾਤਮੇ ਨਾਲ ਹੀ ਸਾਰੇ ਝਗੜੇ ਖਤਮ ਹੋਣਗੇ।

**ਬਾਬਾ ਸਾਹਿਬ ਦੇ ਸੰਘਰਸ਼ ਨੂੰ ਦੁਨੀਆ ਯਾਦ ਕਰ ਰਹੀ ਹੈ: ਡਾ. ਸਤਨਾਮ ਬੰਗੜ**

ਪ੍ਰਵਾਸੀ ਭਾਰਤੀ ਡਾ. ਸਤਨਾਮ ਸਿੰਘ ਬੰਗੜ ਨੇ ਹਾਜ਼ਰ ਸਮੂਹ ਲੋਕਾਂ ਨੂੰ ਬਾਬਾ ਸਾਹਿਬ ਦੇ ਜਨਮ ਦਿਨ ਦੀ ਵਧਾਈ ਦਿੱਤੀ। ਆਪਣੇ ਸੰਬੋਧਨ ਵਿਚ ਉਹਨਾਂ ਨੇ ਕਿਹਾ ਕਿ ਬਾਬਾ ਸਾਹਿਬ ਨੇ ਔਰਤਾਂ ਦੇ ਅਧਿਕਾਰਾਂ ਲਈ ਲਗਾਤਾਰ ਸੰਘਰਸ਼ ਕੀਤਾ। ਉਹਨਾਂ ਦੀ ਬਦੌਲਤ ਅੱਜ ਔਰਤਾਂ ਪੜ੍ਹ ਸਕੀਆਂ ਹਨ, ਅੱਗੇ ਵੱਧ ਸਕੀਆਂ ਹਨ। ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਨੂੰ ਅੱਜ ਦੁਨੀਆਂ ਯਾਦ ਕਰ ਰਹੀ ਹੈ। ਦੂਜੇ ਦੇਸ਼ ਬਾਬਾ ਸਾਹਿਬ ਦੁਆਰਾ ਤਿਆਰ ਕੀਤੇ ਗਏ ਭਾਰਤੀ ਸੰਵਿਧਾਨ ਤੋਂ ਪ੍ਰੇਰਨਾ ਲੈਂਦੇ ਹਨ। ਡਾ. ਸਤਨਾਮ ਨੇ ਕਿਹਾ ਕਿ ਲੋਕ ਆਪਣੇ ਬੱਚਿਆਂ ਨੂੰ ਬਾਬਾ ਸਾਹਿਬ ਦੇ ਬਾਰੇ ਜ਼ਰੂਰ ਦੱਸਣ। ਉਹਨਾਂ ਨੂੰ ਅੱਗੇ ਵਧਣ ਦੀ ਪ੍ਰੇਰਨਾ ਦੇਣ।

**ਮਨੂੰਵਾਦੀ ਵਿਵਸਥਾ ਨੇ ਸਮਾਜ ਨੂੰ ਵੰਡ ਕੇ ਰੱਖ ਦਿੱਤਾ: ਪ੍ਰੇਮ ਸੋਢੀ**

ਇਸ ਮੌਕੇ ਪ੍ਰੇਮ ਸੋਢੀ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਨੇ ਸ਼ੋਸ਼ਿਤ ਸਮਾਜ ਦੇ ਲੋਕਾਂ ਲਈ ਸੰਘਰਸ਼ ਕੀਤਾ। ਇੱਥੋਂ ਤੱਕ ਕਿ ਇਸ ਦੌਰਾਨ ਉਹਨਾਂ ਦੇ ਬੱਚਿਆਂ ਦੀ ਵੀ ਮੌਤ ਹੋ ਗਈ। ਇਸ ਤਰ੍ਹਾਂ ਸਾਹਿਬ ਕਾਂਸ਼ੀ ਰਾਮ ਨੇ ਸਮਾਜ ਦੇ ਲਈ ਜੀਵਨ ਭਰ ਸੰਘਰਸ਼ ਜਾਰੀ ਰੱਖਿਆ, ਪਰ ਇਹ ਚਿੰਤਾਜਨਕ ਹੈ ਕਿ ਸਮਾਜ ਉਹਨਾਂ ਨੂੰ ਸਹੀ ਤਰੀਕੇ ਨਾਲ ਸਮਝ ਨਹੀਂ ਸਕਿਆ। ਮਨੂੰਵਾਦੀ ਵਿਵਸਥਾ ਨੇ ਸਮਾਜ ਨੂੰ ਵੰਡ ਕੇ ਰੱਖ ਦਿੱਤਾ ਹੈ। ਪ੍ਰੇਮ ਸੋਢੀ ਨੇ ਕਿਹਾ ਕਿ ਮੋਹਨ ਦਾਸ ਕਰਮਚੰਦ ਗਾਂਧੀ ਨੇ ਸਾਨੂੰ ਹਰੀਜਨ ਬਸ਼ਦ ਦਿੱਤਾ ਜੋ ਕਿ ਬਹੁਤ ਹੀ ਗਲਤ ਹੈ। ਜੇਕਰ ਹਰਿ ਸਾਡਾ ਨਹੀਂ ਤਾਂ ਅਸੀਂ ਉਸਦੇ ਜਨ ਕਿਵੇਂ ਹੋ ਸਕਦੇ ਹਾਂ। ਉਹਨਾਂ ਨੇ ਕਿਹਾ ਕਿ ਅਨਪੜ੍ਹਤਾ ਸਾਡੇ ਸਮਾਜ ਦੀ ਵੱਡੀ ਕਮਜ਼ੋਰੀ ਹੈ।

ਇਸ ਕਰਕੇ ਸਾਨੂੰ ਆਪਣੇ ਬੱਚਿਆਂ ਨੂੰ ਪੜ੍ਹਾਉਣ ਤੇ ਜ਼ੋਰ ਦੇਣਾ ਹੋਵੇਗਾ ਤਾਂ ਜੋ ਉਹ ਚੰਗਾ ਸੋਚ ਸਕਣ। ਉਹਨਾਂ ਨੇ ਬਹੁਜਨ ਸਮਾਜ ਦੇ ਲੋਕਾਂ ਨੂੰ ਭਾਈਚਾਰਾ ਕਾਇਮ ਕਰਨ ਦਾ ਸੱਦਾ ਦਿੱਤਾ। ਨਾਲ ਹੀ ਉਹਨਾਂ ਨੇ ਅਪੀਲ ਕੀਤੀ ਕਿ ਬਹੁਜਨ ਸਮਾਜ ਦੇ ਲੋਕ ਖੁਦ ਨੂੰ ਮੂਲਨਿਵਾਸੀ ਕਹਿਣਾ ਆਰੰਭ ਕਰਨ। ਇਸ ਨਾਲ ਇੱਕਜੁਟਤਾ ਵਧੇਗੀ। ਇਹੀ ਸਾਡੀ ਪਛਾਣ ਹੈ।

# ਕਾਮਰੇਡ ਮਦਨ ਲਾਲ ਨਹੀਂ ਰਹੇ- ਦੇਸ਼ ਭਗਤ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ



**ਜਲੰਧਰ–** ਕਮਿਨਿਸਟ ਇਨਕਲਾਬੀ ਹਲਕਿਆਂ ਵਿੱਚ ਕਾਮਰੇਡ ਗੋਪਾਲ ਕਰਕੇ ਜਾਣੇ ਜਾਂਦੇ ਰਹੇ ਕਾਮਰੇਡ ਮਦਨ ਲਾਲ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਮ੍ਰਿਤਕ ਦੇਹ ਅੱਜ ਨਕੋਦਰ ਰੋਡ 'ਤੇ ਦਿਓਲ ਨਗਰ (ਨੇੜੇ ਅੰਬੇਦਕਰ ਭਵਨ) ਮੁਰਦਾ ਘਰ ਵਿੱਚ ਪੂਰੇ ਇਨਕਲਾਬੀ ਸਨਮਾਨ ਨਾਲ ਰੱਖੀ ਗਈ। ਇਸ ਮੌਕੇ ਕਾਮਰੇਡ ਅਜਮੇਰ, ਪਰਿਵਾਰ ਦੇ ਮੈਂਬਰ ਅਤੇ ਉਨ੍ਹਾਂ ਦੇ ਸੰਗੀ ਸਾਥੀਆਂ ਨੇ ਕਾਮਰੇਡ ਮਦਨ ਲਾਲ ਨੂੰ ਸਲਾਮੀ ਦਿੱਤੀ।

ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਵਿਦੇਸ਼ ਤੋਂ ਆਉਣ 'ਤੇ 3 ਜੂਨ ਦਿਨੇ 11:00 ਵਜੇ ਦਿਓਲ ਨਗਰ ਸ਼ਮਸ਼ਾਨ ਘਾਟ ਵਿੱਚ ਹੀ ਅੰਤਿਮ ਸੰਸਕਾਰ ਕੀਤਾ ਜਾਏਗਾ। ਢੇਸੀਆਂ ਕਾਹਨਾਂ ਦੇ ਜੰਮਪਲ ਕਾਮਰੇਡ ਮਦਨ ਲਾਲ ਨੇ ਜੀਵਨ ਦਾ ਲੰਮਾ ਅਰਸਾ ਆਪਣੇ ਨਾਨਕੇ ਪਿੰਡ ਸਮਰਾਵਾਂ ਵਿਖੇ ਬਿਤਾਇਆ। ਉਹ 1973 ਤੋਂ ਕਮਿਊਨਿਸਟ ਇਨਕਲਾਬੀ ਲਹਿਰ ਵਿੱਚ ਬਤੌਰ ਕੁਲਵਕਤੀ ਕਾਮੇ, ਦੱਬੇ ਕੁੱਚਲੇ ਲੋਕਾਂ ਨੂੰ ਜਗਾਉਣ, ਜਮਾਤੀ ਸੰਗਰਾਮ ਦੇ ਰਾਹ ਅਗੇ ਤੋਰਨ, ਗ਼ਦਰੀ ਦੇਸ਼ ਭਗਤਾਂ ਅਤੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਲੋਕ-ਪੱਖੀ ਨਵਾਂ ਨਰੋਆ ਜਮਹੂਰੀ ਸਮਾਜ ਸਿਰਜਣ ਲਈ ਕੰਮ ਕਰਦੇ ਰਹੇ। ਅੱਜ ਦੇਸ਼ ਭਗਤ ਯਾਦਗਾਰ ਹਾਲ ਵਿਖੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਦੇ ਸਮੇਤ ਹਾਜ਼ਰ ਕਮੇਟੀ ਮੈਂਬਰਾਂ ਨੇ ਕਾਮਰੇਡ ਮਦਨ ਲਾਲ ਦੇ ਅਚਨਚੇਤ ਵਿਛੋੜੇ 'ਤੇ ਪਰਿਵਾਰ ਅਤੇ ਸਾਕ ਸਬੰਧੀਆਂ ਨਾਲ ਦੁੱਖ ਵਿੱਚ ਸ਼ਰੀਕ ਹੁੰਦਿਆਂ ਵਿਛੜੇ ਸਾਥੀ ਨੂੰ ਸ਼ਰਧਾਂਜ਼ਲੀ ਅਰਪਿਤ ਕੀਤੀ।

# ਬੋਲੀਨਾ ਲੈਂਡਸਕੇਪਿੰਗ ਦੇ ਮਾਲਕ ਬਲਦੇਵ ਬੋਲੀਨਾ ਨਹੀਂ ਰਹੇ



ਸੈਕਰਾਮੈਂਟੋ (ਕੈਲੇਫੋਰਨੀਆ)– ਸੈਕਰਾਮੈਂਟੋ ਇਲਾਕੇ ਦੇ ਪੰਜਾਬੀ ਭਾਈਚਾਰੇ ਵਿਚ ਹਰਮਨ ਪਿਆਰੀ ਸ਼ਖਸੀਅਤ ਤੇ ਬੋਲੀਨਾ ਲੈਂਡ ਸਕੇਪਿੰਗ ਦੇ ਮਾਲਕ ਬਲਦੇਵ ਸਿੰਘ ਬੋਲੀਨਾ ਸਾਡੇ ਵਿਚਕਾਰ ਨਹੀਂ ਰਹੇ, ਉਹ ਅਜੇ 47 ਵਰ੍ਹਿਆਂ ਦੇ ਸਨ ਤੇ ਅਚਾਨਕ ਸੰਖੇਪ ਬਿਮਾਰੀ ਤੋਂ ਬਾਅਦ ਚੱਲ ਵੱਸੇ।

ਉਹ ਆਪਣੇ ਪਿੱਛੇ ਘੁੱਗ ਵੱਸਦੇ ਪਰਿਵਾਰ ਨੂੰ ਛੱਡ ਗਏ, ਜਿਹਨਾਂ ਵਿਚ ਪਤਨੀ ਹਰਵਿੰਦਰ ਕੌਰ ਬੋਲੀਨਾ, ਬੇਟਾ ਐਸ਼ਵੀਰ ਬੋਲੀਨਾ, ਬੇਟੀ ਸਿਮਰਨ ਕੌਰ ਬੋਲੀਨਾ, ਪਿਤਾ ਦਰਸ਼ਨ ਸਿੰਘ ਬੋਲੀਨਾ ਤੇ ਹੋਰ ਭਰੇ ਪਰਿਵਾਰ ਨੂੰ ਛੱਡ ਗਏ। ਸ੍ਰੀ ਬਲਦੇਵ ਬੋਲੀਨਾ ਦਾ ਪਿਛਲਾ ਜੱਦੀ ਪਿੰਡ ਬੋਲੀਨਾ ਨੇੜੇ ਜਲੰਧਰ ਹੈ ਤੇ ਉਹ 1988 ਵਿਚ ਅਮਰੀਕਾ ਆਏ ਤੇ ਰੱਜ ਕੇ ਮਿਹਨਤ ਕੀਤੀ ਤੇ ਬਾਦ ਵਿਚ ਸ਼ੁਰੂ ਕੀਤੇ ਬਿਜਨਸ ਵਿਚ ਸਫਲ ਹੋਏ ਤੇ ਭਾਈਚਾਰੇ ਨਾਲ ਹਰ ਪੱਖੋਂ ਸਾਂਝ ਵਧਾਈ। ਉਹਨਾਂ ਦਾ ਅੰਤਿਮ ਸਸਕਾਰ ਐਨ ਕਮੀਨੋ, ਸੈਕਰਾਮੈਂਟੋ ਵਿਚ 10 ਜੂਨ ਸ਼ਨੀਵਾਰ ਦੁਪਹਿਰ ਦੋ ਤੋਂ ਚਾਰ ਵਜੇ ਤੱਕ ਹੋਵੇਗਾ ਤੇ ਉਸਤੋਂ ਬਾਅਦ ਦਸ਼ਮੇਸ਼ ਦਰਬਾਰ ਸਾਊਥ ਸੈਕਰਾਮੈਂਟੋ ਗੁਰਦੁਆਰਾ ਸਾਹਿਬ 'ਚ ਅੰਤਿਮ ਅਰਦਾਸ ਹੋਵੇਗੀ।

# 'ਮਨੂੰਵਾਦੀ' ਵਿਵਸਥਾ ਨੂੰ ਮੁੜ ਜੀਵਤ ਕਰਨ ਦੇ ਇਰਾਦਿਆਂ ਨੂੰ ਭਾਂਜ ਦੇਣਾ ਜ਼ਰੂਰੀ

**(ਸਫਾ 6 ਦੀ ਬਾਕੀ)**

ਪੱਛੜੇ ਵਰਗ, ਜੋ ਬਹੁਤ ਹੀ ਸੀਮਤ ਹੱਦ ਤੱਕ ਪੜ੍ਹਨ ਲਿਖਣ ਤੇ ਨੌਕਰੀਆਂ ਹਾਸਲ ਕਰਨ ਦੇ ਕਾਬਲ ਬਣੇ ਹਨ, ਆਰ.ਐਸ.ਐਸ. ਦੇ ਪ੍ਰਚਾਰਕ ਉਸ ਰਾਖਵੇਂਕਰਨ ਨੂੰ ਵੀ ਸਮਾਪਤ ਕਰਨ ਲਈ ਬਹੁਤ ਉਤਾਵਲੇ ਹਨ। ਰੀਜ਼ਰਵੇਸ਼ਨ ਖਤਮ ਕਰਕੇ ਸਭ ਲੋਕਾਂ ਨੂੰ ਯੋਗਤਾ ਅਨੁਸਾਰ ਵਿੱਦਿਆ ਤੇ ਨੌਕਰੀ ਪ੍ਰਾਪਤ ਕਰਨ ਦੇ ਅਧਿਕਾਰ ਦੀ ਦਲੀਲ ਅਸਲ ਵਿਚ ਦਲਿਤ ਵਰਗ ਨਾਲ ਸਦੀਆਂ ਤੋਂ ਹੋ ਰਹੇ ਸਮਾਜਿਕ ਜਬਰ ਤੇ ਅਣਮਨੁੱਖੀ ਜੀਵਨ ਹਾਲਤਾਂ ਨੂੰ ਸਮਝਣ ਤੋਂ ਪੂਰੀ ਤਰ੍ਹਾਂ ਪਾਸਾ ਵੱਟਣ ਵਾਲੀ ਤਰਕ ਰਹਿਤ ਮੰਗ ਹੈ। 'ਯੋਗਤਾ' ਦਾ ਸੰਕਲਪ ਸਭ ਲੋਕਾਂ ਲਈ ਹਰ ਖੇਤਰ ਵਿਚ ਬਰਾਬਰਤਾ ਨਾਲ ਜੁੜਿਆ ਹੋਇਆ ਹੈ, ਜਿਸਦੀ ਜਾਤਪਾਤ ਵਿਚ ਵੰਡੇ ਸਮਾਜ ਅਧੀਨ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅੱਜ ਪੂਰੇ ਦੇਸ਼ ਵਿਚ ਦਲਿਤਾਂ, ਔਰਤਾਂ, ਘੱਟ ਗਿਣਤੀਆਂ ਵਿਰੁੱਧ ਆਰ.ਐਸ.ਐਸ. ਦੇ ਕਾਰਕੁੰਨਾਂ, ਦੂਸਰੇ ਸੱਜੇ ਪੱਖੀ ਹਿੰਦੂ ਸੰਗਠਨਾਂ ਤੇ ਮੋਦੀ ਸਰਕਾਰ ਦੀ ਸਰਕਾਰੀ ਮਸ਼ੀਨਰੀ ਵਲੋਂ ਕੀਤੇ ਜਾ ਰਹੇ ਅਤਿਆਚਾਰ 'ਸੰਘ' ਦੀ ਮਨੂੰਵਾਦੀ ਸੋਚ ਦਾ ਹੀ ਅੰਗ ਹਨ। ਭਵਿੱਖ ਵਿਚ ਇਸਦੇ ਹੋਰ ਵਧਣ ਦੀਆਂ ਸੰਭਾਵਨਾਵਾਂ ਦਿਖ ਰਹੀਆਂ ਹਨ। ਇਹ ਵੀ ਇਕ ਸੱਚਾਈ ਹੈ ਕਿ ਲੁਟੇਰੇ ਵਰਗਾਂ ਦੀਆਂ ਰਾਜਨੀਤਕ ਪਾਰਟੀਆਂ, ਜੋ ਮੌਜੂਦਾ ਆਰਥਿਕ ਤੇ ਰਾਜਨੀਤਕ ਢਾਂਚੇ ਨੂੰ ਇਸੇ ਰੂਪ ਵਿਚ ਜੀਉਂਦੇ ਰੱਖਣ ਦੀਆਂ ਹਾਮੀ ਹਨ, ਦਲਿਤਾਂ ਤੇ ਘੱਟ ਗਿਣਤੀਆਂ ਉਪਰ ਹੋ ਰਹੇ ਸਮਾਜਿਕ ਜਬਰ ਉਪਰ ਸਿਰਫ ਮਗਰਮੱਛ ਦੇ ਹੰਝੂ ਹੀ ਵਹ-ਾਉਂਦੀਆਂ ਹਨ। ਉਨ੍ਹਾਂ ਦਲਾਂ ਦੇ ਕਾਰਜ ਕਾਲ ਵਿਚ ਵੀ ਇਹ ਦੁਖਾਂਤ ਜਾਰੀ ਰਿਹਾ ਹੈ। ਅਸਲ ਵਿਚ ਉਨ੍ਹਾਂ ਦੇ ਹਿੱਤ ਇਨ੍ਹਾਂ ਅਤਿਆਚਾਰਾਂ ਦੇ ਜਾਰੀ ਰਹਿਣ ਵਿਚ ਹੀ ਵੱਧਦੇ ਫੁਲਦੇ ਹਨ।

ਦੂਸਰੇ ਬੰਨ੍ਹੇ ਜਾਤੀਪਾਤੀ ਅਧਾਰ ਉਪਰ ਦਲਿਤਾਂ ਦੇ ਸੰਗਠਨ ਕਾਇਮ ਕਰਨ ਵਾਲੇ ਰਾਜਸੀ ਨੇਤਾ ਸਮੁੱਚੇ ਦਲਿਤ ਸਮਾਜ ਨੂੰ ਪੈਦਾਵਾਰੀ ਸਾਧਨਾਂ ਉਪਰ ਸਾਂਝੀ ਮਾਲਕੀ ਸਥਾਪਤ ਕਰਨ ਤੇ ਜੀਉਣ ਯੋਗ ਜ਼ਿੰਦਗੀ ਗੁਜ਼ਾਰਨ ਲਈ ਲੋੜੀਂਦੇ ਸਾਧਨ ਜੁਟਾਉਣ ਦੀ ਥਾਂ ਜਾਤੀ ਪਾਤੀ ਵੰਡ ਦਾ ਲਾਹਾ ਲੈ ਕੇ ਸਿਰਫ ਆਪ ਸੱਤਾ 'ਤੇ ਕਾਬਜ਼ ਹੋਣ ਦਾ ਜੁਗਾੜ ਹੀ ਜੁਟਾਉਣਾ ਚਾਹੁੰਦੇ ਹਨ। ਉਹ ਇਹ ਗੱਲ ਛੁਪਾ ਲੈਂਦੇ ਹਨ ਕਿ ਭਾਰਤ ਦੀਆਂ ਸਰਵ ਉਚ ਪਦਵੀਆਂ ਜਿਵੇਂ ਰਾਸ਼ਟਰਪਤੀ, ਕੇਂਦਰੀ ਮੰਤਰੀ, ਸੂਬੇ ਦੇ ਮੁੱਖ ਮੰਤਰੀ, ਗਵਰਨਰਾਂ, ਸੁਪਰੀਮ ਕੋਰਟ ਦੇ ਜੱਜਾਂ ਆਦਿ ਦੀ ਕੁਰਸੀ ਉਪਰ ਦਲਿਤ ਸਮਾਜ ਨਾਲ ਸਬੰਧਤ ਕਿਸੇ ਵਿਅਕਤੀ ਦੇ ਬੈਠਣ ਨਾਲ (ਜੋ ਵਾਪਰਦਾ ਰਿਹਾ ਹੈ), ਦੇਸ਼ ਦੇ ਸਮੁੱਚੇ ਦਲਿਤ ਤੇ ਦੂਸਰੀਆਂ ਪੱਛੜੀਆਂ ਜਾਤੀਆਂ ਨਾਲ ਸਬੰਧਤ ਲੋਕਾਂ ਦਾ ਕੁਝ ਨਹੀਂ ਸੰਵਰਿਆ। ਉਲਟਾ ਸਥਿਤੀ ਹੋਰ ਵੀ ਗੰਭੀਰ ਬਣਦੀ ਗਈ। ਦਲਿਤਾਂ ਤੇ ਦੂਸਰੀਆਂ ਕਥਿਤ ਨੀਵੀਂਆਂ ਜਾਤੀਆਂ ਨਾਲ ਸਬੰਧਤ ਲੋਕਾਈ ਦਾ ਭਲਾ ਅਤੇ ਭਵਿੱਖ ਕੁਦਰਤੀ ਸਾਧਨਾਂ 'ਤੇ ਸਾਂਝੀ ਮਾਲਕੀ ਰਾਹੀਂ ਕਾਣੀ ਵੰਡ ਦੇ ਖਾਤਮੇਂ ਨਾਲ ਬੱਝਾ ਹੋਇਆ ਹੈ। ਇਸ ਸੰਘਰਸ਼ ਵਿਚ ਦਲਿਤਾਂ ਨੂੰ ਦੂਸਰੇ ਤਬਕਿਆਂ ਦੇ ਕਿਰਤੀਆਂ ਤੇ ਮਿਹਨਤਕਸ਼ਾਂ ਦੇ ਭਰਪੂਰ ਸਹਿਯੋਗ ਦੀ ਜ਼ਰੂਰਤ ਹੈ ਜੋ ਜਲ, ਜੰਗਲ, ਜ਼ਮੀਨ ਵਰਗੇ ਕੁਦਰਤੀ ਸਾਧਨਾਂ ਤੋਂ ਵਿਰਵੇ ਹਨ। ਇਨ੍ਹਾਂ ਲੋਕਾਂ ਨੂੰ ਵੀ ਦਲਿਤ ਸਮਾਜ ਨਾਲ ਹੋ ਰਹੇ ਘੋਰ ਅਨਿਆਂ, ਸਮਾਜਕ ਜਬਰ ਤੇ ਜਾਤੀਪਾਤੀ ਵਿਤਕਰੇ ਦਾ ਅਹਿਸਾਸ ਹੋਣਾ ਚਾਹੀਦਾ ਹੈ ਤੇ ਇਸ ਦੇ ਖਾਤਮੇ ਲਈ ਆਜ਼ਾਦਾਨਾ ਤੌਰ 'ਤੇ ਆਪ ਵੀ ਅਤੇ ਦਲਿਤ ਭਾਈਚਾਰੇ ਨਾਲ ਮਿਲਕੇ ਵੀ ਸਾਂਝੀ ਲੜਾਈ ਲੜਨ ਦੀ ਜ਼ਰੂਰਤ ਹੈ।

ਹਾਕਮ ਧਿਰਾਂ ਵਲੋਂ ਦਲਿਤ ਸਮਾਜ ਨੂੰ "ਖੈਰਾਤ ਤੇ ਦਾਨ" ਦੇ ਰੂਪ ਵਿਚ ਦਿੱਤੀਆਂ ਜਾਂਦੀਆਂ ਨਿਗੂਣੀਆਂ ਰਿਆਇਤਾਂ ਉਨ੍ਹਾਂ ਦੀ ਹੀ ਕੀਤੀ ਗਈ ਲੁੱਟ ਦਾ ਛੋਟਾ ਜਿਹਾ ਹਿੱਸਾ ਹੁੰਦਾ ਹੈ। ਕਈ ਵਾਰ ਲੋਟੂ ਸਰਕਾਰਾਂ ਦੁਆਰਾ ਦਲਿਤਾਂ ਪ੍ਰਤੀ ਦਿਖਾਈ ਜਾ ਰਹੀ ਇਸ ਤਰ੍ਹਾਂ ਦੀ "ਫਰਾਖਦਿਲੀ" ਸਾਡੇ ਸਵੈਮਾਨ ਤੇ ਲੜਾਕੂ ਸ਼ਕਤੀ ਨੂੰ ਠੇਸ ਪਹੁੰਚਾਉਂਦੀ ਹੈ। ਆਰਥਿਕ ਰੂਪ ਵਿਚ ਕੀਤੀਆਂ ਜਾ ਰਹੀਆਂ ਮੰਗਾਂ ਨੂੰ ਸੰਘਰਸ਼ਾਂ ਰਾਹੀਂ ਪੂਰਾ ਕਰਕੇ ਵੀ ਦਲਿਤਾਂ ਤੇ ਹੋਰ ਲੁੱਟੀ ਪੁੱਟੀ ਜਾ ਰਹੀ ਲੋਕਾਈ ਨੂੰ ਮੋਦੀ ਸਰਕਾਰ ਤੇ ਆਰ.ਐਸ.ਐਸ. ਦੇ 'ਮਨੂੰਵਾਦੀ' ਵਿਵਸਥਾ ਨੂੰ ਮੁੜ ਜੀਵਤ ਕਰਨ ਦੇ ਇਰਾਦਿਆਂ ਨੂੰ ਭਾਂਜ ਦੇਣ ਤੇ ਮੌਜੂਦਾ ਪੂੰਜੀਵਾਦੀ ਵਿਵਸਥਾ ਨੂੰ ਮੂਲ ਰੂਪ ਵਿਚ ਬਦਲਕੇ ਸਮਾਜਵਾਦ ਦੀ ਕਾਇਮੀ ਦੇ ਮੰਤਵ ਨੂੰ ਇਕ ਪਲ ਲਈ ਵੀ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ। ਸਾਨੂੰ, ਕਿਰਤੀ ਲੋਕਾਂ ਨੂੰ, ਥੋੜ ਚਿਰੀ ਲਾਭਾਂ ਬਦਲੇ ਲੰਬੇ ਅਰਸੇ ਦੇ ਮਿੱਥੇ ਅਸਲ ਮੰਤਵ ਨੂੰ ਧੁੰਦਲਾ ਨਹੀਂ ਹੋਣ ਦੇਣਾ ਚਾਹੀਦਾ। ਦਲਿਤਾਂ ਤੇ ਹੋਰ ਲੁੱਟੇ ਪੁੱਟੇ ਜਾਂਦੇ ਵਰਗਾਂ ਲਈ ਜਨਤਕ ਘੋਲਾਂ ਨੂੰ ਤਿੱਖਿਆਂ ਕੀਤੇ ਬਿਨਾਂ ਸਮਾਜਿਕ ਤੇ ਆਰਥਿਕ ਲੁੱਟ ਖਸੁੱਟ ਤਰਾਂ ਨਿਜ਼ਾਤ ਪਾਉਣ ਦਾ ਹੋਰ ਕੋਈ ਦੂਸਰਾ ਰਾਹ ਨਹੀਂ ਹੈ।







ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸੁ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਜੂਨ ਮਹੀਨੇ ਦੇ ਪ੍ਰੋਗਰਾਮ

**Guru Piari Sadh Sangat Ji,**
**Devoted families are requesting entire sangat to attend the following functions:**

**June 11, 2017Sukhmani Sahib Path Langar Sewa by Bhai Joginder Singh and Bibi Gurmeet Kaur**

Sri Sukhmani Sahib Path and Langar sewa will be hosted by Bhai Joginder Singh ji (Delhi Wale), Bibi Gurmeet Kaur and family in the loving memory of their parents. May Waheguru keep HIS blessing on the family.

**June 18, 2017**
**Sukhmani Sahib Path and Langar Sewa by Bhai Arshdeep Singh Rattu& Bibi Priyanka Singh Rattu**

Sri Sukhmani Sahib Path and Langar Sewa will be hosted by Bhai Arshdeep Singh Rattu, Bibi Priyanka Singh Rattuand their family in celebration of their daughter Jaslene Singh Rattu's 1st Birthday. May Waheguru bless Jaslene Singh Rattu with happy, healthy and long life.

**June 25, 2017**
**126th Birth Anniversary of Dr. Bhimrao Ambedkar**

Sri Sukhmani Sahib Path and Langar sewa will be hosted by Gurughar on the occasion of 126th Birth Anniversary of Dr. B R Ambedkar.BabaSaheb was a leader, politician and a scholar. As independent India's first lawminister, he was the principal architect of the Constitution of India. Ragi Jatha and Kirtankar will adorn the occasion..

**June30-July1-2, 2017**
**Pittsburg Gurughar's 32th Anniversary**

Sri Guru Ravidass Temple Pittsburg's 32th anniversary will be celebrated on July 2, 2017. Akhand Path will start on Friday 06/30/2017 at 10am and will be concluded with Bhog ceremony on Sunday 7/02/2017. Path and Langar Sewa will be hosted by Gurughar with the help and cooperation of entire Sangat. Ragi Jatha Giani Ompal Singh, Giani Gurnam Singh ji will adorn the occasion along with Gian-iParkash Singh ji.

| Chairman | President | General Secretary | Treasurer |
|---|---|---|---|
| Shinder Pal Narabat | Kashmiri Bhatia | Gina Bhatia | Jasvir Chahal |
| (925) 683-0178 | (408)460-0262 | (925) 483-1629 | (209)627-7944 |

# MAJESTIC HOMES



## JUST LISTED

**$728,888**

**2087 Bluerock Ct CONCORD**

### 4 Bedrooms and 3 Bathrooms - Home in Concord

**LOCATION! LOCATION! LOCATION!!.** Beautiful split-level home with 4 Bedrooms and 3 bathrooms. Crown molding, stainless steel applianes. Deck in the back yard looking over the hills. Very well maintained home at the top of the hill with the view of Mt Diablo in exclusive quiet neighborhood.



## JUST LISTED

**$438,888**

**848 Fan Palm Ct Brentwood**

### 3 Bedroom, 2 Bathrooms & Huge loft - Home in Brentwood

Almost new home home with 3 bedrooms and 2.5 bathrooms. Granite counters, pergo flooring in the living room. Water softner system for the whole house. Huge loft upstairs. Close to Shopping and schools.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



**Ramesh Suman, Broker**
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



**Deo Raj "Dave" Singh, Realtor**
BRE License - 01789784
Direct: (925)766-3280
E-mail: Dave@MajesticHomes.us



**Rajbir S. Sarkaria, Realtor**
BRE License - 01499991
Direct: (925)766-5784
E-mail: Raj@MajesticHomes.us

**2006 A Street, Suite 219, Antioch, CA 94509**

**Service Excellence - Experience the Difference**

WWW.MajesticHomes.US Email: Ramesh@RameshSuman.com

# ਮੋਦੀ ਸ਼ਾਸਨ ਦਾ ਤਿੰਨ ਸਾਲਾਂ ਦਾ ਤੋਹਫਾ : ਭੀੜਾਂ ਵੱਲੋਂ ਹੱਤਿਆਵਾਂ

**ਹਿੰਦੂ ਯੁਵਾ ਵਾਹਿਨੀ 2002 ਵਿੱਚ ਬਣਾਈ ਗਈ ਸੀ,ਪਰੰਤੂ ਇਸ ਵੱਲੋਂ ਉਹਨਾਂ ਮੁਸਲਮਾਨਾਂ, ਜਿਨ੍ਹਾਂ ਦੇ ਹਿੰਦੂ ਔਰਤਾਂ ਨਾਲ ਸੰਬੰਧ ਸਨ ਜਾਂ ਹਨ, ’ਤੇ ਹਮਲੇ ਉਦੋਂ ਤੋਂ ਤਿੱਖੇ ਹੋਣੇ ਸ਼ੁਰੂ ਹੋਏ ਹਨ, ਜਦੋਂ ਤੋਂ ਯੋਗੀ ਆਦਿੱਤਿਆਨਾਥ ਯੂ ਪੀ ਦਾ ਮੁੱਖ ਮੰਤਰੀ ਬਣਿਆ ਹੈ। ਇਸ ਗਰੁੱਪ ਵੱਲੋਂ ਪਬਲਿਕ ਸਥਾਨਾਂ ਅਤੇ ਪਾਰਕਾਂ ’ਚ ਹੀ ਨਹੀਂ, ਸਗੋਂ ਐਂਟੀ ਰੋਮਿਓ ਮੁਹਿੰਮ ਨੂੰ ਲੋਕਾਂ ਦੇ ਘਰਾਂ ਤੱਕ ਪਹੁੰਚਾ ਦਿੱਤਾ ਗਿਆ ਹੈ। ਆਦਿੱਤਿਆਨਾਥ ਵਰਗੇ, ਇੱਕ ਇਹੋ ਜਿਹੇ ਸਜੱਗ ਗਰੁੱਪ ਦੇ ਨੇਤਾ ਨੂੰ ਸੂਬੇ ਦਾ ਮੁੱਖ ਮੰਤਰੀ ਬਣਾ ਕੇ ਮੋਦੀ ਨੇ ਦੇਸ਼ ਨੂੰ ਇਹ ਸੰਕੇਤ ਦਿੱਤਾ ਹੈ ਕਿ ਮੋਦੀ ਸ਼ਾਸਨ ਇਹੋ ਜਿਹੇ ਗਰੁੱਪਾਂ ਨੂੰ ਸ਼ਾਬਾਸ਼ ਦਿੰਦਾ ਹੈ ਅਤੇ ਬਹੁ-ਗਿਣਤੀ ਭਾਈਚਾਰੇ ਦੇ ਇਹਨਾਂ ਸੰਗਠਤ ਗਰੁੱਪਾਂ ਨੂੰ ਉਤਸ਼ਾਹਿਤ ਕਰਦਾ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

**ਅਸ਼ੋਕ ਸਵੈਨ**
**ਪੰਜਾਬੀ ਰੂਪ : ਗੁਰਮੀਤ ਪਲਾਹੀ**

ਹੱਤਿਆ (ਲਾਇੰਚ) ਇੱਕ ਅਭਿਆਸ (ਪ੍ਰੈਕਟਿਸ) ਹੈ, ਜਿਸ ’ਚ ਭੀੜ ਕਨੂੰਨ ਨੂੰ ਆਪਣੇ ਹੱਥਾਂ ਵਿੱਚ ਲੈ ਲੈਂਦੀ ਹੈ। ਅਭਿਆਸ ਦਾ ਆਪਣਾ ਇਤਿਹਾਸ ਹੈ, ਪਰ ਲਾਇੰਚ ਸ਼ਬਦ ਦੀ ਉਤਪਤੀ ਅਮਰੀਕੀ ਇਨਕਲਾਬ ਸਮੇਂ ਕਰਨਲ ਚਾਰਲਸ ਲਾਇੰਚ ਅਤੇ ਉਸ ਦੇ ਗਰੁੱਪ ਵੱਲੋਂ ਕੀਤੀ ਗਈ ਸੀ, ਜਿਨ੍ਹਾਂ ਇੱਕ ਅਸ਼ਾਂਤ ਅਪਰਾਧੀ ਨੂੰ ਰੋਕਣ ਲਈ ਆਪਣੇ ਹੀ ਨਿਯਮ ਉਸ ਸਮੇਂ ਬਣਾਏ, ਜਦੋਂ ਉਥੇ ਕਨੂੰਨੀ ਵਿਵਸਥਾ ਤਹਿਸ-ਨਹਿਸ ਹੋ ਚੁੱਕੀ ਸੀ।

ਸ਼ਾਇਦ ਭਾਰਤ ਵੀ ਸਮਾਜਿਕ ਰਿਸ਼ਤਿਆਂ ਦੇ ਸੰਦਰਭ ਵਿੱਚ ਅਸ਼ਾਂਤ ਕਿਸਮ ਦੇ ਸਮੇਂ ’ਚੋਂ ਗੁਜ਼ਰ ਰਿਹਾ ਹੈ, ਪਰੰਤੂ ਰਾਜ ਕੋਲ ਅਮਨ-ਕਨੂੰਨ ਦੀ ਵਿਵਸਥਾ ਕਾਇਮ ਕਰਨ ਦੇ ਸਾਧਨ ਹਨ, ਜਿੱਥੇ ਅਤੇ ਜਦੋਂ ਉਹ ਜ਼ਰੂਰਤ ਸਮਝਦਾ ਹੈ। ਭਾਵੇਂ ਮੋਦੀ ਸ਼ਾਸਨ ਦੇ ਪਿਛਲੇ ਤਿੰਨ ਵਰ੍ਹਿਆਂ ਵਿੱਚ ਭਾਰਤ ਉਹਨਾਂ ਗੰਭੀਰ ਹੱਤਿਆਵਾਂ ਦਾ ਗਵਾਹ ਬਣਿਆ ਹੈ, ਜਿਹੜੀਆਂ ਲਗਾਤਾਰ ਵਾਪਰੀ ਜਾ ਰਹੀਆਂ ਹਨ।

ਹੁਣੇ ਜਿਹੇ ਝਾਰਖੰਡ ’ਚ ਪੁਲਸ ਦੀ ਹਾਜ਼ਰੀ ’ਚ ਨੌਂ ਵਿਅਕਤੀਆਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਇਹ ਪਸ਼ੂਆਂ ਦੇ ਵਪਾਰੀਆਂ (ਮੁਸਲਮਾਨਾਂ) ਦਾ ਇੱਕ ਗਰੁੱਪ ਸੀ।

ਮੋਦੀ ਮਈ 2014 ’ਚ ਗੱਦੀ ’ਤੇ ਬੈਠਿਆ। ਇਸ ਸਮੇਂ ਤੋਂ ਹੀ ਸੰਘ ਪਰਵਾਰ ਨੂੰ ਆਪਣਾ ਰਾਸ਼ਟਰ-ਵਿਰੋਧੀ ਹਿੰਦੂਤੱਵੀ ਏਜੰਡਾ ਲਾਗੂ ਕਰਨ ਲਈ ਰਾਜਸੀ ਸੁਰੱਖਿਆ ਅਤੇ ਸਰਪ੍ਰਸਤੀ ਮਿਲੀ ਹੋਈ ਹੈ, ਜੋ ਭਾਰਤ ਦੇ ਧਰਮ-ਨਿਰਪੱਖ ਸੰਵਿਧਾਨ ਦਾ ਮੂੰਹ ਚਿੜਾਉਂਦੀ ਹੈ।

ਭੀੜਾਂ ਵੱਲੋਂ ਘੱਟ-ਗਿਣਤੀ ਭਾਈਚਾਰਿਆਂ ਦੇ ਪੂਜਾ ਸਥਾਨਾਂ ਉੱਤੇ ਲਗਾਤਾਰ ਵਿਧੀਬੱਧ ਢੰਗ ਨਾਲ ਹਮਲੇ ਹੋ ਰਹੇ ਹਨ, ਆਜ਼ਾਦ ਸੋਚ ਵਾਲੇ ਅਕਾਦਮਿਕ ਖੇਤਰ ਦੇ ਵਿੱਦਿਅਕ ਸੰਸਥਾਨਾਂ ਨੂੰ ਬੰਦ ਕਰਨ ਲਈ ਮੁਜ਼ਾਹਰੇ ਆਯੋਜਤ ਕੀਤੇ ਜਾਂਦੇ ਹਨ ਅਤੇ ਵਿਰੋਧੀ ਧਿਰ ਦੇ ਆਗੂਆਂ ਦਾ ਮੂੰਹ ਬੰਦ ਕਰਨ ਲਈ ਉਹਨਾਂ ਨੂੰ ਹਿੰਦੂ-ਵਿਰੋਧੀ ਹੋਣ ਅਤੇ ਦੇਸ਼-ਧਰੋਹ ਦੇ ਖਿਤਾਬ ਦਿੱਤੇ ਜਾ ਰਹੇ ਹਨ।

ਪਿਛਲੇ ਤਿੰਨ ਸਾਲਾਂ ’ਚ ਹਾਕਮ ਪਾਰਟੀ ਅਤੇ ਇਸ ਦੇ ਸਾਥੀਆਂ ਨੇ ਆਪਣੇ ਦੋ ਹਰਮਨ-ਪਿਆਰੇ ਸਮਾਜੀ ਰਾਜਸੀ ਪ੍ਰੋਗਰਾਮਾਂ; ਲਵ ਜਿਹਾਦ (ਰੋਮਿਓ ਜਿਹਾਦ) ਅਤੇ ਗਊ ਰੱਖਿਆ ਨੂੰ ਪਹਿਲ ਦਿੱਤੀ ਹੋਈ ਹੈ, ਜਿਨ੍ਹਾਂ ਦਾ ਮੰਤਵ ਭੀੜਾਂ ਇਕੱਠੀਆਂ ਕਰ ਕੇ ਮੌਕੇ ਉੱਤੇ ਹੀ 'ਇਨਸਾਫ' ਦੇਣਾ ਹੁੰਦਾ ਹੈ।

ਸੰਗਠਿਤ ਸਜੱਗ (ਵਿਜੀਲੈਂਟ) ਗਰੁੱਪਾਂ ਨੇ ਹਿੰਦੂ ਭੈਣਾਂ ਦੇ ਮੁਸਲਮਾਨ ਲੜਕਿਆਂ ਤੋਂ ਬਚਾਓ ਅਤੇ ਗਊਆਂ ਦੀ ਮੁਸਲਿਮ ਵਪਾਰੀਆਂ ਤੋਂ ਰੱਖਿਆ ਦੇ ਨਾਮ ਉੱਤੇ ਦੇਸ਼ ਦੇ ਬਹੁਤੇ ਹਿੱਸਿਆਂ, ਖ਼ਾਸ ਕਰ ਕੇ ਭਾਜਪਾ ਸ਼ਾਸਤ ਰਾਜਾਂ ਵਿੱਚ ਦਹਿਸ਼ਤ ਫੈਲਾਈ ਹੋਈ ਹੈ।

ਸੰਘ ਪਰਵਾਰ ਨੇ ਖੁੱਲ੍ਹੇਆਮ ਮੁਹਿੰਮ ਛੇੜੀ ਹੋਈ ਹੈ ਕਿ ਇਸਲਾਮੀ ਗਰੁੱਪਾਂ, ਜਿਹੜੇ ਮੁਸਲਿਮ ਮੁੰਡਿਆਂ ਨੂੰ ਹਿੰਦੂ ਕੁੜੀਆਂ ਨਾਲ ਵਿਆਹ ਲਈ ਅਤੇ ਇਸਲਾਮ ਕਬੂਲ ਕਰਾਉਣ ਲਈ ਪ੍ਰੇਰਿਤ ਕਰਦੇ ਹਨ, ਨੂੰ ਨਿਖੇੜਿਆ ਜਾਵੇ। ਲਵ ਜਿਹਾਦ ਮੁਹਿੰਮ ਅਸੁਰੱਖਿਅਤ ਹਿੰਦੂਆਂ ਨੂੰ ਮੁਸਲਿਮ ਲੋਕਾਂ ਤੋਂ ਬਚਾਉਣ ਲਈ ਵਿੱਢੀ ਗਈ ਹੈ, ਤਾਂ ਕਿ ਉਹਨਾਂ ਦੇ ਮਨਾਂ ’ਚ ਸਜੱਗ ਗਰੁੱਪਾਂ ਦੇ ਇਨਸਾਫ ਦੀ ਗੰਢ ਪੀਡੀ ਕੀਤੀ ਜਾ ਸਕੇ।

ਮਈ 2017 ਦੇ ਸ਼ੁਰੂ ਵਿੱਚ ਇੱਕ ਬਜ਼ੁਰਗ ਮੁਸਲਮਾਨ ਕਿਸਾਨ ਗ਼ੁਲਾਮ ਮੁਹੰਮਦ ਦੀ ਹੱਤਿਆ ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਦੇ ਸਜੱਗ ਗਰੁੱਪ ਦੇ ਮੈਂਬਰਾਂ ਵੱਲੋਂ ਇਸ ਕਰ ਕੇ ਕਰ ਦਿੱਤੀ ਗਈ ਕਿ ਉਹਨਾਂ ਨੂੰ ਸ਼ੱਕ ਸੀ ਕਿ ਉਸ ਨੇ ਕਿਸੇ ਹੋਰ ਮੁਸਲਮਾਨ ਦੀ ਗੰਢ-ਤੁਪ ਕਿਸੇ ਹਿੰਦੂ ਲੜਕੀ ਨਾਲ ਕੀਤੀ/ਕਰਵਾਈ ਸੀ। ਇਹ ਕੱਟੜਪੰਥੀ ਹਿੰਦੂ ਸਜੱਗ ਗਰੁੱਪ ਹਿੰਦੂ ਯੁਵਾ ਵਾਹਿਨੀ ਹੈ, ਜਿਸ ਦਾ ਸੰਸਥਾਪਕ ਕੋਈ ਹੋਰ ਨਹੀਂ, ਉੱਤਰ ਪ੍ਰਦੇਸ਼ ਦਾ ਮੌਜੂਦਾ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਹੈ।

ਹਿੰਦੂ ਯੁਵਾ ਵਾਹਿਨੀ 2002 ਵਿੱਚ ਬਣਾਈ ਗਈ ਸੀ,ਪਰੰਤੂ ਇਸ ਵੱਲੋਂ ਉਹਨਾਂ ਮੁਸਲਮਾਨਾਂ, ਜਿਨ੍ਹਾਂ ਦੇ ਹਿੰਦੂ ਔਰਤਾਂ ਨਾਲ ਸੰਬੰਧ ਸਨ ਜਾਂ ਹਨ, ’ਤੇ ਹਮਲੇ ਉਦੋਂ ਤੋਂ ਤਿੱਖੇ ਹੋਣੇ ਸ਼ੁਰੂ ਹੋਏ ਹਨ, ਜਦੋਂ ਤੋਂ ਯੋਗੀ ਆਦਿੱਤਿਆਨਾਥ ਯੂ ਪੀ ਦਾ ਮੁੱਖ ਮੰਤਰੀ ਬਣਿਆ ਹੈ। ਇਸ ਗਰੁੱਪ ਵੱਲੋਂ ਪਬਲਿਕ ਸਥਾਨਾਂ ਅਤੇ ਪਾਰਕਾਂ ’ਚ ਹੀ ਨਹੀਂ, ਸਗੋਂ ਐਂਟੀ ਰੋਮਿਓ ਮੁਹਿੰਮ ਨੂੰ ਲੋਕਾਂ ਦੇ ਘਰਾਂ ਤੱਕ ਪਹੁੰਚਾ ਦਿੱਤਾ ਗਿਆ ਹੈ। ਆਦਿੱਤਿਆਨਾਥ ਵਰਗੇ, ਇੱਕ ਇਹੋ ਜਿਹੇ ਸਜੱਗ ਗਰੁੱਪ ਦੇ ਨੇਤਾ ਨੂੰ ਸੂਬੇ ਦਾ ਮੁੱਖ ਮੰਤਰੀ ਬਣਾ ਕੇ ਮੋਦੀ ਨੇ ਦੇਸ਼ ਨੂੰ ਇਹ ਸੰਕੇਤ ਦਿੱਤਾ ਹੈ ਕਿ ਮੋਦੀ ਸ਼ਾਸਨ ਇਹੋ ਜਿਹੇ ਗਰੁੱਪਾਂ ਨੂੰ ਸ਼ਾਬਾਸ਼ ਦਿੰਦਾ ਹੈ ਅਤੇ ਬਹੁ-ਗਿਣਤੀ ਭਾਈਚਾਰੇ ਦੇ ਇਹਨਾਂ ਸੰਗਠਤ ਗਰੁੱਪਾਂ ਨੂੰ ਉਤਸ਼ਾਹਿਤ ਕਰਦਾ ਹੈ।

ਬੀ ਜੇ ਪੀ ਸ਼ਾਸਤ ਹੋਰ ਪ੍ਰਦੇਸ਼; ਮੱਧ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਵਿੱਚ ਵੀ ਇਹੋ ਜਿਹੇ ਫ਼ਿਰਕੂ ਗਰੁੱਪਾਂ ਨੂੰ ਗਊ ਹੱਤਿਆ ਅਤੇ ਲਵ ਜਿਹਾਦ ਪ੍ਰੋਗਰਾਮ ਲਈ ਸ਼ਰੇਆਮ ਰਾਜਸੀ ਸਹਾਇਤਾ ਅਤੇ ਸਹਿਯੋਗ ਮਿਲਦਾ ਹੈ। ਖ਼ਾਸ ਤੌਰ ’ਤੇ ਗਊ ਰੱਖਿਅਕਾਂ ਵੱਲੋਂ ਪੂਰੇ ਦੇਸ਼ ਵਿੱਚ ਇਹੋ ਜਿਹੇ ਦਹਿਸ਼ਤ ਫੈਲਾਉਣ ਵਾਲੇ ਗਰੁੱਪ ਗਊ ਰੱਖਿਆ ਦੇ ਨਾਮ ਉੱਤੇ ਸਰਗਰਮ ਹਨ।

ਉੱਪਰਲੀਆਂ ਜਾਤਾਂ ਦੇ ਹਿੰਦੂ ਰੱਖਿਅਕਾਂ ਦਾ ਸ਼ਿਕਾਰ ਆਮ ਤੌਰ ’ਤੇ ਦਲਿਤ ਅਤੇ ਮੁਸਲਮਾਨ ਬਣ ਰਹੇ ਹਨ। 28 ਸਤੰਬਰ 2015 ਦੀ ਰਾਤ ਨੂੰ ਮੁਹੰਮਦ ਅਖਲਾਕ ਦੀ ਹੱਤਿਆ ਤੋਂ ਬਾਅਦ ਇਹਨਾਂ ਫ਼ਿਰਕੂ ਸਜੱਗ ਗਰੁੱਪਾਂ ਵੱਲੋਂ ਮੁਸਲਮਾਨਾਂ ਅਤੇ ਦਲਿਤਾਂ ਉੱਤੇ ਵੱਡੇ ਹਮਲਿਆਂ ਦੀਆਂ ਘਟਨਾਵਾਂ ਝਾਰਖੰਡ ਦੇ ਡੈਲਟੋਨਗੰਜ, ਗੁਜਰਾਤ ਦੇ ਊਨਾ, ਮੱਧ ਪ੍ਰਦੇਸ਼ ਦੇ ਮੰਦਸੌਰ, ਹਰਿਆਣਾ ਅਤੇ ਹੁਣੇ ਜਿਹੇ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ ਵਾਪਰੀਆਂ ਹਨ। ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਹੱਤਿਆਵਾਂ ਦਾ ਇਹ ਲਗਾਤਾਰ ਘਟਨਾ-ਕਰਮ ਦੇਸ਼ ਵਿੱਚ ਅਮਨ-ਕਨੂੰਨ ਦੀ ਬਦਤਰ ਹਾਲਤ ਦਾ ਸਿੱਟਾ ਨਹੀਂ, ਸਗੋਂ ਇਸ ਪਿੱਛੇ ਰਾਜਸੀ ਪ੍ਰਵਾਨਗੀ ਛੁਪੀ ਹੋਈ ਹੈ। ਮੌਜੂਦਾ ਹਾਕਮਾਂ ਦੀ ਹਿੰਦੂਤੱਵੀ ਫਿਲਾਸਫੀ ਨੂੰ ਲਾਗੂ ਕਰਨ ਦੀ ਪ੍ਰਵਿਰਤੀ ਇਹੋ ਜਿਹੀਆਂ ਹੱਤਿਆਵਾਂ ਨੂੰ ਹਵਾ ਦੇਣ ਦਾ ਕਾਰਨ ਬਣ ਰਹੀ ਹੈ।

ਹਿੰਦੂਤੱਵੀ ਸਿਆਸਤਦਾਨਾਂ ਨੇ ਕਾਂਗਰਸ ’ਤੇ ਦੋਸ਼ ਲਾਇਆ ਕਿ ਉਹ ਘੱਟ-ਗਿਣਤੀ ਭਾਈਚਾਰੇ ਦੀ ਲੋੜੋਂ ਵੱਧ ਤਰਫ਼ਦਾਰੀ ਕਰਦੀ ਹੈ। ਇਸੇ ਪੈਂਤੜੇ ਨਾਲ ਉਨ੍ਹਾਂ ਨੇ ਸਿਆਸੀ ਤਾਕਤ ਹਥਿਆ ਲਈ। ਭਾਵੇਂ ਕਾਂਗਰਸ ਦੇ ਘੱਟ-ਗਿਣਤੀ ਪੱਖੀ ਹੋਣ ਦੀ ਅਸਲੀਅਤ ਤੱਥਾਂ ਆਧਾਰਤ ਨਹੀਂ, ਕਿਉਂਕਿ ਦੇਸ਼ ਵਿੱਚ ਮੁਸਲਿਮ ਭਾਈਚਾਰੇ ਦੀ ਹਾਲਤ ਆਰਥਕ ਅਤੇ ਸਮਾਜਿਕ ਪੱਖੋਂ ਬਹੁਤ ਖ਼ਰਾਬ ਹੈ। ਇਸ ਦੇ ਬਾਵਜੂਦ ਹਿੰਦੂਤੱਵੀ ਸੋਚ ਰੱਖਣ ਵਾਲਿਆਂ ਨੂੰ ਉਹਨਾਂ ਦੀ ਆਜ਼ਾਦੀ ਅਤੇ ਮਿਲਦੇ ਅਧਿਕਾਰ ਪਸੰਦ ਨਹੀਂ ਅਤੇ ਉਹ ਉਹਨਾਂ ਉੱਤੇ ਹੁਣ ਪੂਰਾ ਕੰਟਰੋਲ ਕਰਨ ਦੀ ਲੋੜ ਸਮਝਦੇ ਹਨ। ਹਿੰਦੂਤੱਵੀ ਸਿਆਸਤ ਭੀੜਾਂ ਰਾਹੀਂ ਸਮਾਜਿਕ ਕੰਟਰੋਲ ਦੇ ਰਾਹ ਪਈ ਹੋਈ ਹੈ। ਭੀੜ ਵੱਲੋਂ ਹੱਤਿਆ ਕਰਨ ਨੂੰ ਅਪਰਾਧ ਨਹੀਂ ਸਮਝਿਆ ਜਾ ਰਿਹਾ, ਪਰੰਤੂ ਉੱਚ ਜਾਤੀ ਹਿੰਦੂਆਂ ਦੀ ਇਹਨਾਂ ਗਰੁੱਪਾਂ ਰਾਹੀਂ ਆਪਣੇ ਆਸ਼ਿਆਂ ਨੂੰ ਪੂਰਾ ਕਰਨ ਦੀ ਭਾਵਨਾ ਹੈ।

ਇਸ ਸੰਦਰਭ ਵਿੱਚ ਇਹ ਵੇਖਣਾ ਜ਼ਰੂਰੀ ਨਹੀਂ ਹੈ ਕਿ ਪੀੜਤ ਵਿਅਕਤੀ ਗੁਨਾਹਗਾਰ ਹੈ ਜਾਂ ਨਹੀਂ। ਹੱਤਿਆਵਾਂ ਦੇ ਇਸ ਸਿਲਸਿਲੇ ਪਿੱਛੇ ਵੱਡਾ ਸਿਆਸੀ ਮੰਤਵ ਛੁਪਿਆ ਹੋਇਆ ਹੈ। ਇਹ ਸਰਕਾਰ ਦਾ ਸੌੜੀ ਸੋਚ ਰਾਹੀਂ ਆਪਣੇ ਸਿਆਸੀ ਆਸ਼ਿਆਂ ਦੀ ਪ੍ਰਾਪਤੀ ਦਾ ਇੱਕ ਘਿਨਾਉਣਾ ਕਾਰਾ ਹੈ, ਜਿਸ ਵਿੱਚ ਸਿੱਧਿਆਂ ਉਸ ਉੱਤੇ ਦੋਸ਼ ਮੜ੍ਹਿਆ ਨਹੀਂ ਜਾਂਦਾ। ਇਹੋ ਕਾਰਨ ਹੈ ਕਿ ਵੱਡਾ ਬੌਸ ਮੋਦੀ ਇਹਨਾਂ ਘਟਨਾਵਾਂ ਪ੍ਰਤੀ ਅਣਜਾਣਤਾ ਵਿਖਾਉਂਦਾ ਹੈ, ਜਦੋਂ ਕਿ ਦੇਸ਼ ਉਸ ਤੋਂ ਇਹੋ ਜਿਹੀਆਂ ਘਟਨਾਵਾਂ ਅਤੇ ਹਿੰਦੂਤੱਵੀ ਗਰੁੱਪਾਂ ਪ੍ਰਤੀ ਸਪੱਸ਼ਟਤਾ ਮੰਗਦਾ ਹੈ। ਪਿਛਲੇ ਸਾਲ ਜਦੋਂ ਗਊ ਰੱਖਿਅਕਾਂ ਦੀਆਂ ਸਰਗਰਮੀਆਂ ਕਾਰਨ ਮੋਦੀ ਨੂੰ ਅੰਤਰ-ਰਾਸ਼ਟਰੀ ਦਬਾਅ ਦਾ ਸਾਹਮਣਾ ਕਰਨਾ ਪਿਆ ਤਾਂ ਉਸ ਨੇ ਨੰਗਾ-ਚਿੱਟਾ ਝੂਠ ਬੋਲਦਿਆਂ ਇਸ ਤੋਂ ਇਨਕਾਰ ਕਰ ਦਿੱਤਾ। ਸੰਘ ਪਰਵਾਰ ਅਤੇ ਉਸ ਦੇ ਕੁਝ ਸਮੱਰਥਕ ਸਮਾਜ ਵਿਗਿਆਨੀ ਇਹਨਾਂ ਘਟਨਾਵਾਂ ਨੂੰ ਇਨਸਾਫ ਦਾ ਤਕਾਜ਼ਾ ਅਤੇ ਅਪਰਾਧ ਕੰਟਰੋਲ ਦਾ ਦਰਜਾ ਦਿੰਦੇ ਹਨ ਅਤੇ ਹੁਣ ਵਾਲੀ ਨਿਆਂ ਪਾਲਿਕਾ ਦੀ ਲੇਟ ਲਤੀਫੀ ਅਤੇ ਗ਼ੈਰ-ਵਾਜਬ ਪਾਲਿਸੀਆਂ ਨੂੰ ਦੋਸ਼ ਦਿੰਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨਫ਼ਰਤ ਫੈਲਾਉਣ ਵਾਲੀਆਂ ਤਸ਼ੱਦਦ ਭਰਪੂਰ ਕਾਰਵਾਈਆਂ ਹਿੰਦੂਤੱਵੀ ਸਿਆਸਤਦਾਨਾਂ ਵੱਲੋਂ ਆਯੋਜਤ ਅਤੇ ਉਤਸ਼ਾਹਿਤ ਕੀਤੀਆਂ ਜਾਂਦੀਆਂ ਹਨ। ਇਥੇ ਹੀ ਬੱਸ ਨਹੀਂ, ਸੰਘ ਪਰਵਾਰ ਇਹਨਾਂ ਸਜੱਗ ਗਰੁੱਪਾਂ ਅਤੇ ਭੀੜਾਂ ਰਾਹੀਂ ਆਪਣਾ ਸਮਾਜਿਕ ਕੰਟਰੋਲ ਵਧਾਉਣ ਦੇ ਰਾਹ ਪਿਆ ਹੋਇਆ ਹੈ, ਤਾਂ ਕਿ ਉੱਚ ਜਾਤੀ ਹਿੰਦੂਆਂ ਦਾ ਦੇਸ਼ ਵਿੱਚ ਹੱਥ ਉੱਤੇ ਰਹੇ।

# ਚੋਣਾਂ ਜਿੱਤਣ ਦੇ ਬਾਵਜੂਦ ਹਰ ਫ਼ਰੰਟ ’ਤੇ ਫ਼ੇਲ੍ਹ ਮੋਦੀ ਸ਼ਾਸਨ

**ਗੁਰਮੀਤ ਪਲਾਹੀ**

ਮੋਦੀ ਸ਼ਾਸਨ ਦੇ ਤਿੰਨ ਸਾਲ ਲੰਘ ਗਏ ਹਨ। ਪੰਜ ਸਾਲਾਂ ਵਿੱਚੋਂ ਤਿੰਨ ਸਾਲ ਗੁਜ਼ਰ ਜਾਣੇ ਕੋਈ ਛੋਟਾ ਸਮਾਂ ਨਹੀਂ ਹੁੰਦਾ। ਇਹਨਾਂ ਵਰ੍ਹਿਆਂ ਵਿੱਚ ਮੋਦੀ ਦੀ ਅਗਵਾਈ ’ਚ ਭਾਜਪਾ ਨੇ ਸਿਆਸੀ ਪੱਧਰ ’ਤੇ ਕਈ ਸੂਬਿਆਂ ’ਚ ਤਾਕਤ ਹਥਿਆਈ ਹੈ, ਪਰ ਸਮਾਜਿਕ ਯੋਜਨਾਵਾਂ ਲਾਗੂ ਕਰਨ ਦੇ ਮੋਰਚੇ ’ਤੇ ਐੱਨ ਡੀ ਏ ਸਰਕਾਰ ਨੇ ਬੁਰੀ ਤਰ੍ਹਾਂ ਮਾਰ ਖਾਧੀ ਹੈ, ਕਿਉਂਕਿ ਇਸ ਸਰਕਾਰ ਕੋਲ ਨਾ ਤਾਂ ਲੋਕ ਹਿੱਤੂ ਪਾਲਿਸੀਆਂ ਦਾ ਨਜ਼ਰੀਆ ਹੈ ਅਤੇ ਨਾ ਉਹ ਸਿਆਸੀ ਦ੍ਰਿਸ਼ਟੀ, ਜਿਹੜੀ ਦੇਸ਼ ਨੂੰ ਇੱਕ ਕਲਿਆਣਕਾਰੀ ਰਾਜ ਬਣਾਉਣ ਲਈ ਲੋੜੀਂਦੀ ਹੈ।

2014 ’ਚ ਐੱਨ ਡੀ ਏ ਸਰਕਾਰ ਦੇ ਤਾਕਤ ਵਿੱਚ ਆਉਣ ਸਮੇਂ ਬਹੁਤੇ ਲੋਕਾਂ ਨੇ ਇਹ ਕਿਹਾ ਸੀ ਕਿ ਨਵੀਂ ਸਰਕਾਰ ਨਵੀਆਂ ਕਲਿਆਣਕਾਰੀ ਯੋਜਨਾਵਾਂ ਲਿਆ ਕੇ ਲੋਕਾਂ ਦੇ ਭਲੇ ਲਈ ਤੇਜ਼ੀ ਨਾਲ ਕੰਮ ਕਰੇਗੀ। ਸ਼ੁਰੂ ਵਿੱਚ ਨਵੀਂ ਸਰਕਾਰ ਨੇ ਪਿਛਲੀ ਯੂ ਪੀ ਏ ਸਰਕਾਰ ਦੀਆਂ ਪਾਤਰਤਾ ਵਾਲੀਆਂ ਚਲਾਈਆਂ ਯੋਜਨਾਵਾਂ ਨੂੰ ਪਾਸੇ ਸੁੱਟ ਕੇ ਸਸ਼ਕਤੀਕਰਨ ਵਾਲੀ ਪਹੁੰਚ ਅਪਨਾਉਣ ਨੂੰ ਤਰਜੀਹ ਦਿੱਤੀ ਅਤੇ ਇੱਕ ਨਵਾਂ ਮਾਡਲ ਸਿਰਜ ਕੇ ਲਾਭਪਾਤਰੀ ਨੂੰ ਸਿੱਧਾ ਲਾਭ ਦੇਣ ਲਈ ਡੀ ਬੀ ਟੀ (ਡਾਇਰੈਕਟ ਬੈਨੀਫਿੱਟ ਟਰਾਂਸਫਰ) ਨੂੰ ਜ਼ੋਰ-ਸ਼ੋਰ ਨਾਲ ਲਾਗੂ ਕਰਨ ਦਾ ਯਤਨ ਕੀਤਾ, ਜਿਸ ਵਿੱਚ ਜਨ ਧਨ, ਆਧਾਰ, ਮੋਬਾਈਲ ਦੀ ਵਰਤੋਂ ਇਸ ਦੀ ਨੀਂਹ ਵਜੋਂ ਮਿੱਥੀ ਗਈ। ਸਾਲ 2014 ’ਚ ਚਾਲੂ 536 ਯੋਜਨਾਵਾਂ, 65 ਮੰਤਰਾਲਿਆਂ ਅਤੇ ਵਿਭਾਗਾਂ ਵਿੱਚ ਡੀ ਬੀ ਟੀ ਲਾਗੂ ਕਰਨ ਦਾ ਟੀਚਾ ਮਿੱਥਿਆ ਗਿਆ, ਪਰ ਦਸੰਬਰ 2016 ਤੱਕ ਇਹ ਸਿਰਫ਼ 84 ਯੋਜਨਾਵਾਂ ਅਤੇ ਦੇਸ਼ ਦੇ 17 ਵਿਭਾਗਾਂ ਵਿੱਚ ਹੀ ਲਾਗੂ ਕੀਤੀ ਜਾ ਸਕੀ। ਇਥੇ ਹੀ ਬੱਸ ਨਹੀਂ, ਐੱਲ ਪੀ ਜੀ ਦੀ ਸਬਸਿਡੀ 2016-17 ਵਿੱਚ ਮਸਾਂ 45 ਫ਼ੀਸਦੀ ਹੀ ਡੀ ਬੀ ਟੀ ਰਾਹੀਂ ਦਿੱਤੀ ਜਾ ਸਕੀ। ਇਸੇ ਸਾਲ ਮਨਰੇਗਾ ਸਕੀਮ ਅਧੀਨ 53 ਫ਼ੀਸਦੀ ਅਦਾਇਗੀਆਂ 15 ਤੋਂ 90 ਦਿਨਾਂ ਤੱਕ ਦੇਰ ਨਾਲ ਕੀਤੀਆਂ ਗਈਆਂ।

ਮੋਦੀ ਸਰਕਾਰ ਦੇ ਬਣਨ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਆਪਣੇ ਚੋਣ ਮਨੋਰਥ-ਪੱਤਰ ਵਿੱਚ ਭੋਜਨ ਦਾ ਅਧਿਕਾਰ, ਰਾਸ਼ਟਰੀ ਬੀਮਾ ਪਾਲਿਸੀ ਅਤੇ ਸਿੱਖਿਆ ਉੱਤੇ ਵਧੇਰੇ ਖ਼ਰਚੇ ਦੀ ਵਿਵਸਥਾ ਕਰਨ ਦਾ ਢੰਡੋਰਾ ਪਿੱਟਿਆ ਸੀ, ਪਰ ਮੋਦੀ ਸਰਕਾਰ ਦੇ ਸ਼ਾਸਨ ਕਾਲ ਵਿੱਚ ਸਿਹਤ ਅਤੇ ਸਿੱਖਿਆ ਰਾਸ਼ਟਰੀ ਚਿੱਤਰਪਟ ਤੋਂ ਪੂਰੀ ਤਰ੍ਹਾਂ ਗਾਇਬ ਦਿੱਸਦੀਆਂ ਹਨ। ਨੀਤੀ ਆਯੋਗ ਦੇ ਚੇਅਰਪਰਸਨ ਅਰਵਿੰਦ ਪਾਨਾਗਿਰੀਆ ਨੇ ਸਸ਼ਕਤੀਕਰਨ ਦੀਆਂ ਸਕੀਮਾਂ ਦਾ ਇੱਕ ਖਾਕਾ ਮੋਦੀ ਸਰਕਾਰ ਦੇ ਦੋ ਸਾਲ ਪੂਰੇ ਹੋਣ ਉਪਰੰਤ ਪੇਸ਼ ਕੀਤਾ ਸੀ, ਪਰ ਉਸ ਵਿੱਚ ਸਿਹਤ ਅਤੇ ਸਿੱਖਿਆ ਪ੍ਰਤੀ ਕਿਧਰੇ ਵੀ ਕੋਈ ਜ਼ਿਕਰ ਨਹੀਂ ਸੀ। ਸਿਹਤ ਸੰਬੰਧੀ ਬੱਜਟ 2016 ਵਿੱਚ ਸਿਹਤ ਬੀਮਾ ਸਕੀਮ ਬਾਰੇ ਵਰਨਣ ਕੀਤਾ ਗਿਆ, ਪਰ ਇੱਕ ਸਾਲ ਬੀਤਣ ਬਾਅਦ ਵੀ ਇਹ ਸਕੀਮ ਹਾਲੇ ਕਾਗ਼ਜ਼ਾਂ ਵਿੱਚ ਹੀ ਹੈ। ਦੂਜੇ ਪਾਸੇ ਪਹਿਲੀ ਸਰਕਾਰ ਵੱਲੋਂ ਆਰੰਭਿਆ ਰਾਸ਼ਟਰੀ ਸਿਹਤ ਮਿਸ਼ਨ ਨਿੱਤ ਨੀਵਾਣਾਂ ਵੱਲ ਜਾ ਰਿਹਾ ਹੈ। ਇਸ ਮਿਸ਼ਨ ਲਈ ਪੈਸੇ ਦੀ ਕਮੀ ਹੈ, ਡਾਕਟਰ ਉਪਲੱਬਧ ਨਹੀਂ ਤੇ ਦਵਾਈਆਂ ਮਿਲ ਨਹੀਂ ਰਹੀਆਂ। ਸਰਕਾਰ ਦਾ ਇਸ ਪਾਸੇ ਧਿਆਨ ਹੀ ਕੋਈ ਨਹੀਂ ਅਤੇ ਨਾ ਇਸ ਮਿਸ਼ਨ ਪ੍ਰਤੀ ਕੋਈ ਚਿੰਤਾ ਹੈ। ਚੰਗੇਰੀ ਸਿੱਖਿਆ ਪ੍ਰਤੀ ਸਰਕਾਰ ਦਾ ਅਵੇਸਲਾਪਣ ਇਸ ਗੱਲ ਤੋਂ ਸਪੱਸ਼ਟ ਹੈ ਕਿ ਮੁੱਢਲੀ ਸਿੱਖਿਆ ਲਈ 2014-15 ਵਿੱਚ 75 ਫ਼ੀਸਦੀ ਬੱਜਟ ਸਰਬ ਸਿੱਖਿਆ ਅਭਿਆਨ ਲਈ ਨਿਰਧਾਰਤ ਕੀਤਾ ਗਿਆ, ਜਿਸ ਦਾ ਵੱਡਾ ਹਿੱਸਾ ਅਧਿਆਪਕਾਂ ਦੀਆਂ ਤਨਖ਼ਾਹਾਂ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸੀ, ਪਰ ਸਿੱਖਿਆ ਸੁਧਾਰਾਂ, ਸਿੱਖਿਆ ਦੀ ਗੁਣਵਤਾ ਦੇ ਸੁਧਾਰ ਲਈ ਜੋ 13 ਫ਼ੀਸਦੀ ਰਕਮ ਰੱਖੀ ਗਈ ਸੀ, ਉਸ ਵਿੱਚੋਂ ਮਸਾਂ 1 ਫ਼ੀਸਦੀ ਹੀ ਖ਼ਰਚੀ ਗਈ। ਇਹੋ ਹਾਲ 2015-16 ਵਿੱਚ ਸੀ, ਜੋ ਇਹ ਦਰਸਾਉਂਦਾ ਹੈ ਕਿ ਮੋਦੀ ਸਰਕਾਰ ਸਿਹਤ ਸਹੂਲਤਾਂ ਅਤੇ ਸਿੱਖਿਆ ਪ੍ਰਦਾਨ ਕਰਨ ਦੇ ਮਾਮਲੇ ਵਿੱਚ ਗੰਭੀਰ ਨਹੀਂ ਹੈ। ਇਸ ਨਾਲ ਆਮ ਲੋਕਾਂ ਵਿੱਚ ਮੋਦੀ ਸਰਕਾਰ ਪ੍ਰਤੀ ਨਿਰਾਸ਼ਤਾ ਵਧੀ ਹੈ।



ਤਿੰਨ ਸਾਲ ਪਹਿਲਾਂ ਭਾਰਤ ਵਿੱਚ ਇੱਕ ਇਹੋ ਜਿਹੀ ਸਰਕਾਰ ਬਣੀ ਸੀ, ਜਿਸ ਨੂੰ ਪਿਛਲੇ 30 ਸਾਲ ਦੇ ਇਤਿਹਾਸ ਵਿੱਚ ਪਹਿਲੀ ਵੇਰ ਪੂਰਨ ਬਹੁਮੱਤ ਮਿਲਿਆ। 26 ਮਈ ਨੂੰ ਪੂਰੇ ਹੋਏ ਤਿੰਨ ਵਰ੍ਹਿਆਂ ’ਚ ਮੋਦੀ ਸਰਕਾਰ ਨੇ ਛੇ ਵਾਰ ਲੋਕਾਂ ਦੇ ਪੱਲੇ ਨਿਰਾਸ਼ਾ ਪਾਈ ਹੈ। ਪਹਿਲਾ, ਮੋਦੀ ਜੀ ਹਰ ਮਹੀਨੇ ਆਲ ਇੰਡੀਆ ਰੇਡੀਓ ਤੋਂ 'ਮਨ ਕੀ ਬਾਤ' ਕਰਦੇ ਹਨ। ਇਸ ਸੰਬੋਧਨ ਨਾਲ ਲੋਕਾਂ ਦੇ ਪੱਲੇ ਕੀ ਪਿਆ? ਕੀ ਫਾਇਦਾ ਹੋਇਆ ਲੋਕਾਂ ਨੂੰ? ਹੋ ਸਕਦਾ ਹੈ ਕਿ ਆਲ ਇੰਡੀਆ ਰੇਡੀਓ ਦਾ ਕੋਈ ਮਾਲੀਆ ਵਧਿਆ ਹੋਵੇ, ਪਰ ਇਹਨਾਂ ਭਾਸ਼ਣਾਂ ਨਾਲ ਲੋਕਾਂ ਦੇ ਪੱਲੇ ਸਿਵਾਏ ਨਿਰਾਸ਼ਤਾ ਦੇ ਕੁਝ ਵੀ ਨਹੀਂ ਪਿਆ।

ਦੂਜਾ,ਪ੍ਰਧਾਨ ਮੰਤਰੀ ਮੋਦੀ ਨੇ 8 ਨਵੰਬਰ 2016 ਨੂੰ ਅਚਾਨਕ ਟੀ ਵੀ ਉੱਤੇ ਨੋਟ-ਬੰਦੀ ਦਾ ਐਲਾਨ ਕੀਤਾ। ਸਰਕਾਰ ਦਾ ਦਾਅਵਾ ਸੀ ਕਿ ਕਾਲਾ ਧਨ ਬਾਹਰ ਆ ਜਾਵੇਗਾ। ਇਹ ਵੀ ਦਾਅਵਾ ਸੀ ਕਿ ਨੋਟ-ਬੰਦੀ ਨੇ ਅੱਤਵਾਦੀਆਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ, ਪਰ ਉਸ ਤੋਂ ਬਾਅਦ ਕਸ਼ਮੀਰ ਵਿੱਚ ਅੱਤਵਾਦੀ ਹਮਲੇ ਵਧੇ ਹਨ। ਨੋਟ-ਬੰਦੀ ਨੇ ਲੱਖਾਂ ਲੋਕਾਂ ਦਾ ਰੁਜ਼ਗਾਰ ਖੋਹਿਆ ਹੈ।

ਤੀਜਾ, ਸਰਕਾਰ ਨੇ ਦਾਅਵਾ ਕੀਤਾ ਸੀ ਕਿ ਭਾਰਤੀ ਸੈਨਾ ਨੇ ਸਰਜੀਕਲ ਸਟਰਾਈਕ ਕਰ ਕੇ ਪਾਕਿਸਤਾਨੀ ਸੀਮਾ ’ਚ ਘੁਸਪੈਠ ਕਰ ਕੇ ਅੱਤਵਾਦੀਆਂ ਦੇ ਟਿਕਾਣੇ ਤਬਾਹ ਕਰ ਦਿੱਤੇ ਹਨ। ਫਿਰ ਵੀ ਕਸ਼ਮੀਰ ਤੇ ਪੰਜਾਬ ’ਚ ਅੱਤਵਾਦੀ ਹਮਲੇ ਜਾਰੀ ਹਨ। ਚੌਥਾ, ਭਾਰਤੀ ਜਨਤਾ ਪਾਰਟੀ ਸ਼ੁਰੂ ਤੋਂ ਹੀ ਪਿਛਲੀ ਯੂ ਪੀ ਏ ਸਰਕਾਰ ਉੱਤੇ ਦੋਸ਼ ਲਾਉਂਦੀ ਰਹੀ ਸੀ ਕਿ ਉਸ ਦੀ ਪਾਕਿਸਤਾਨ ਪ੍ਰਤੀ ਨੀਤੀ ਫ਼ੇਲ੍ਹ ਰਹੀ ਹੈ। ਮੋਦੀ ਜੀ ਨੇ ਗੱਦੀ ਸੰਭਾਲਦਿਆਂ ਅਨੇਕ ਵਿਦੇਸ਼ੀ ਦੌਰੇ ਕੀਤੇ ਅਤੇ ਪ੍ਰਚਾਰ ਕੀਤਾ ਗਿਆ ਕਿ ਭਾਰਤ ਨੇ ਪਾਕਿਸਤਾਨ ਨੂੰ ਘੇਰਨ ’ਚ ਕਾਮਯਾਬੀ ਹਾਸਲ ਕੀਤੀ ਹੈ, ਜਦੋਂ ਕਿ ਸੱਚਾਈ ਇਹ ਹੈ ਕਿ ਚੀਨ ਅਤੇ ਪਾਕਿਸਤਾਨ ਵਿਚਕਾਰ ਆਰਥਿਕ ਗਲਿਆਰਾ ਬਣਾਏ ਜਾਣ ਦੇ ਮਾਮਲੇ ਉੱਤੇ ਭਾਰਤ ਦੇ ਸਾਰੇ ਗੁਆਂਢੀ ਦੇਸ਼ਾਂ ਨੇ ਚੀਨ ਦੇ ਹੱਕ ’ਚ ਖੜੇ ਹੋ ਕੇ ਭਾਰਤ ਨੂੰ ਹੀ ਅੱਲਗ-ਥਲੱਗ ਕਰ ਦਿੱਤਾ ਹੈ।

ਪੰਜਵਾਂ, ਦੋ ਅਕਤੂਬਰ, ਯਾਨੀ ਗਾਂਧੀ ਜਯੰਤੀ ਦੇ ਮੌਕੇ ਨਰਿੰਦਰ ਮੋਦੀ ਭਾਰਤ ਨੂੰ ਸਵੱਛ ਕਰਨ ਲਈ ਆਪ ਝਾੜੂ ਲਾਉਂਦੇ ਦਿੱਸੇ, ਕਿਉਂਕਿ ਉਸ ਦਿਨ ਸਵੱਛ ਭਾਰਤ ਅਭਿਆਨ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਇਹੋ ਜਿਹਾ ਮਾਹੌਲ ਬਣਾਇਆ ਗਿਆ ਕਿ ਭਾਰਤ ਸਾਫ਼ ਹੋ ਜਾਏਗਾ। ਚਾਹੇ ਉਹ ਦਿੱਲੀ ’ਚ ਸ੍ਰੀ ਸ੍ਰੀ ਰਵੀਸ਼ੰਕਰ ਦਾ ਜਮੁਨਾ ਦੇ ਤੱਟ ਉੱਤੇ ਸ਼ੋਅ ਹੋਵੇ ਜਾਂ ਫਿਰ ਮੁੰਬਈ ਵਿੱਚ ਜਸਟਿਸ ਬੀਵਰ ਦਾ ਸ਼ੋਅ ਹੋਵੇ, ਇਸ ਸਭ ਕੁਝ ਦੇ ਬਾਅਦ ਜੋ ਗੰਦਗੀ ਸਾਹਮਣੇ ਆਈ, ਉਸ ਨੇ ਸਰਕਾਰ ਦੀ ਅਸਲ ਭਾਵਨਾ ਸਾਹਮਣੇ ਲੈ ਆਂਦੀ। ਇਸ ਸਕੀਮ ਹੇਠ ਲੋਕਾਂ ਦੇ ਘਰਾਂ ’ਚ ਲੈਟਰੀਨਾਂ ਦੀ ਉਸਾਰੀ ਮੁੱਖ ਕੰਮ ਹੈ। ਇੱਕ ਸਰਵੇ ਅਨੁਸਾਰ ਜਿੰਨੀਆਂ ਲੈਟਰੀਨਾਂ ਦੀ ਉਸਾਰੀ ਸਰਕਾਰੀ ਕਾਗ਼ਜ਼ਾਂ ਵਿੱਚ ਦਰਸਾਈ ਗਈ ਹੈ, ਅਸਲ ਵਿੱਚ ਉਨ੍ਹਾਂ ਵਿੱਚੋਂ ਤੀਜਾ ਹਿੱਸਾ ਬਣੀਆਂ ਹੀ ਨਹੀਂ ਹਨ। ਉਂਜ ਵੀ ਸਵੱਛ ਭਾਰਤ ਜਾਗਰੂਕਤਾ ਲਈ 2016-17 ਵਿੱਚ 56 ਕਰੋੜ ਰੁਪਏ ਰੱਖੇ ਗਏ ਹਨ, ਜੋ ਸਕੀਮ ਦਾ ਮਸਾਂ ਇੱਕ ਪ੍ਰਤੀਸ਼ਤ ਹਨ। ਇਸ ਨਾਲ ਐਡੇ ਵਿਸ਼ਾਲ ਦੇਸ਼ ਵਿੱਚ ਪ੍ਰਚਾਰ ਸੰਭਵ ਹੀ ਨਹੀਂ ਹੈ।

ਛੇਵਾਂ, 'ਮੇਕ ਇਨ ਇੰਡੀਆ' ਸਕੀਮ ਤਹਿਤ ਦੇਸ਼ ’ਚ ਕਿੰਨਾ ਰੁਜ਼ਗਾਰ ਪੈਦਾ ਹੋਇਆ? ਕਿੰਨੀਆਂ ਕੰਪਨੀਆਂ ਸਥਾਪਤ ਹੋਈਆਂ? ਇਸ ਦਾ ਜਵਾਬ ਮੋਦੀ ਸਾਹਿਬ ਕੋਲ ਕੋਈ ਨਹੀਂ। ਉਨ੍ਹਾ ਵੱਲੋਂ ਇਸ ਸਕੀਮ ਦਾ ਆਗਾਜ਼ ਮੁੰਬਈ ਵਿੱਚ ਬਹੁਤ ਹੀ ਧੂਮ-ਧੜੱਕੇ ਨਾਲ ਕੀਤਾ ਗਿਆ ਸੀ।

ਮੋਦੀ ਸਰਕਾਰ ਵੱਲੋਂ ਆਪਣੀਆਂ ਪ੍ਰਾਪਤੀਆਂ ਨੂੰ ਜਨਤਕ ਤੌਰ ’ਤੇ ਦਰਸਾਉਣ ਲਈ 26 ਮਈ ਤੋਂ 15 ਦਿਨਾਂ ਲਈ ਲੋਕਾਂ ਤੱਕ ਪਹੁੰਚ ਦਾ ਪ੍ਰੋਗਰਾਮ ਬਣਾਇਆ ਗਿਆ ਹੈ, ਜਿਸ ਦੇ ਤਹਿਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਯੋਜਨ ਕੀਤੇ ਜਾਣਗੇ। ਭਾਜਪਾ ਵੱਲੋਂ ਹਰ ਰਾਜ ਵਿੱਚ ‘ਮੋਦੀ ਮੇਲੇ’ ਲਾਉਣ ਦੀ ਯੋਜਨਾ ਉਲੀਕੀ ਗਈ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਉਜਵਲ ਯੋਜਨਾ, ਕੁਕਿੰਗ ਗੈਸ ਸਬਸਿਡੀ, ਗ਼ਰੀਬ ਲੋਕਾਂ ਲਈ ਸਹਾਇਤਾ, ਜਨ ਧਨ ਯੋਜਨਾ ਬਾਰੇ ਦਰਸਾਇਆ ਜਾਏਗਾ। ਇਹਨਾਂ ਤਿੰਨਾਂ ਸਾਲਾਂ ’ਚ ਬੇਰੁਜ਼ਗਾਰੀ ਕਿੰਨੀ ਵਧੀ ਹੈ? ਮਹਿੰਗਾਈ ’ਚ ਕਿੰਨਾ ਵਾਧਾ ਹੋਇਆ ਹੈ? ਸਿਹਤ ਸਹੂਲਤਾਂ ਤੇ ਸਿੱਖਿਆ ਪ੍ਰਤੀ ਸਰਕਾਰ ਦੀਆਂ ਕੀ ਪ੍ਰਾਪਤੀਆਂ ਹਨ? ਇਹਨਾਂ

(ਬਾਕੀ ਸਫਾ 16 ਤੇ)

## ਨਏ ਜਾਲ ਲਾਏ ਪੁਰਾਨੇ ਸ਼ਿਕਾਰੀ

# ਮਨੂੰ ਸਮ੍ਰਿਤੀ- ਭੂਤ ਜ਼ਿੰਦਾ ਹੋ ਗਿਆ!



ਕੇ. ਸੀ. ਸੁਲੇਖ
0172-4623503

ਜਿਸ ਮਨੂੰ ਨੂੰ ਬਾਬਾ ਸਾਹਿਬ ਅੰਬੇਡਕਰ ਨੇ 20 ਦਸੰਬਰ 1927 ਨੂੰ ਮਹਾੜ ਵਿਖੇ ਉਸ ਦੀ ਸਮ੍ਰਿਤੀ ਸਮੇਤ ਅੱਗ ਨਾਲ ਚਿਤਾ ਬਣਾ ਕੇ ਸਾੜਿਆ ਸੀ, ਉਹ ਫਿਰ ਜ਼ਿੰਦਾ ਹੋ ਗਿਆ ਲੱਗਦਾ ਹੈ। ਹੋ ਸਕਦਾ ਹੈ ਕਿ ਸਾੜਨ ਤੋਂ ਬਾਅਦ ਉਸ ਦਾ ਕ੍ਰਿਆ ਕ੍ਰਮ ਵਿਧੀ ਪੂਰਵਕ ਨਾ ਹੋ ਸਕਿਆ ਹੋਵੇ ਅਤੇ ਕਿਸੇ ਰਸਮ ਦੇ ਪੂਰੀ ਨਾ ਹੋਣ ਕਾਰਨ ਗਤੀ ਵਹੀਣ ਰੂਹ (ਆਤਮਾ) ਭੂਤ ਬਣ ਕੇ ਭਟਕਦੀ ਰਹੀ ਹੋਵੇ, ਜੋ ਹੁਣ ਮੌਕਾ ਦੇਖ ਕੇ ਫਿਰ ਉਠ ਖੜ੍ਹਾ ਹੋ ਗਿਆ ਹੈ।

ਟਾਇਮਸ ਆਫ ਇੰਡੀਆ (14.5.17) ਵਿਚ ਛਪੀ ਖਬਰ ਅਨੁਸਾਰ ਆਰ. ਐਸ. ਐਸ. ਦੀ ਸ਼ਾਖ 'ਸੰਸਕਾਰ ਭਾਰਤੀ' ਭਾਰਤ ਦੀ ਕਲਚਰ ਮਨਿਸਟਰੀ ਨਾਲ ਮਿਲ ਕੇ ਅਜਿਹੀ ਯੋਜਨਾ ਬਣਾ ਰਹੀ ਹੈ, ਜਿਸ ਦਾ ਮਕਸਦ ਹਿੰਦੂ ਪ੍ਰਾਚੀਨ ਧਰਮ ਸਾਹਿਤ ਅਤੇ ਇਤਿਹਾਸ ਬਾਰੇ ਕੀਤੇ ਜਾ ਰਹੇ 'ਗਲਤ' ਅਤੇ 'ਝੂਠੇ' ਦੂਸ਼ਣਾਂ ਨੂੰ ਸਾਫ ਕਰਨਾ ਅਤੇ ਅਜਿਹੇ ਗ੍ਰੰਥਾਂ/ਪੁਸਤਕਾਂ ਵਿਚੋਂ ਕੁਝ ਇਤਿਰਾਜ਼ਯੋਗ ਹਿੱਸੇ ਕੱਢਣਾ ਹੈ, ਜਿਹਨਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਦਲਿਤ ਵਿਰੋਧੀ ਅਤੇ ਨਾਰੀ ਵਿਰੋਧੀ ਹਨ। ਅਜਿਹੀਆਂ ਪੁਸਤਕਾਂ ਵਿਚ ਮਨੂੰ ਸਿਮ੍ਰਤੀ ਦਾ ਨੰਬਰ ਸਭ ਤੋਂ ਉਪਰ ਆਉਂਦਾ ਹੈ, ਜੋ ਖਾਸ ਤੌਰ 'ਤੇ ਦਲਿਤ ਵਿਰੋਧੀ ਅਤੇ ਨਾਰੀ ਵਿਰੋਧੀ ਪੁਸਤਕ ਮੰਨੀ ਗਈ ਹੈ। ਸੰਸਥਾ ਨੇ ਮਹਿਸੂਸ ਕੀਤਾ ਹੈ ਕਿ ਇਹਨਾਂ ਇਤਰਾਜ਼ਯੋਗ ਹਿ-ਸਿਆਂ ਕਾਰਨ ਬਾਕੀ ਦੇ ਧਰਮ ਗ੍ਰੰਥਾਂ ਦੀ ਵੀ ਵਿਰੋਧਤਾ ਉਸੇ ਤਰ੍ਹਾਂ ਕੀਤੀ ਜਾਂਦੀ ਹੈ। ਖਬਰ ਅਨੁਸਾਰ ਜਦ ਅਖਬਾਰ ਦੇ ਪੱਤਰਕਾਰ ਨੇ ਕੇਂਦਰੀ ਕਲਚਰ ਮੰਤਰੀ ਮਹੇਸ਼ ਸ਼ਰਮਾ ਨੂੰ ਇਸ ਯੋਜਨਾ ਬਾਰੇ ਪੁੱਛਿਆ ਤਾਂ ਮੰਤਰੀ ਨੇ ਹਾਂ ਵਿਚ ਜਵਾਬ ਦਿੰਦਿਆਂ ਕਿਹਾ ਕਿ ਇਸ ਸੁਝਾਅ ਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ।

ਇਸ ਖਬਰ ਤੇ ਕਿਸੇ ਨੂੰ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿਉਂਕਿ ਜਿਸ ਬੜੀ ਯੋਜਨਾ ਅਤੇ ਸੰਕਲਪ ਯਾਨਿ ਹਿੰਦੂ ਰਾਸ਼ਟਰ ਅਤੇ ਹਿੰਦੂ ਰਾਜ ਦੀ ਸਥਾਪਤੀ ਨੂੰ ਲੈ ਕੇ ਆਰ. ਐਸ. ਐਸ. ਦੀ ਕਮਾਨ ਹੇਠ ਅੱਜ ਦੀ ਮੋਦੀ ਸਰਕਾਰ ਮੈਦਾਨ ਵਿਚ ਉਤਰੀ ਹੈ, ਉਸ ਦੀ ਹਿੰਦੁਤਵੀ ਤੋਪ ਵਿਚੋਂ ਪਤਾ ਨਹੀਂ ਹਾਲੇ ਐਹੋ ਜਿਹੇ ਛੱਰੇ ਹੋਰ ਕਿੰਨੇ ਛੂਟਣੇ ਹਨ, ਜਿਸ ਦਾ ਇਕੋ ਇਕ ਮਕਸਦ ਦੁਨੀਆਂ ਨੂੰ ਵੱਧ ਤੋਂ ਵੱਧ ਮੂਰਖ ਬਣਾ ਕੇ ਅਤੇ ਦਲਿਤਾਂ ਵਿਰੁੱਧ ਹੋ ਰਹੇ ਜ਼ੁਲਮ, ਅੱਤਿਆਚਾਰਾਂ ਤੋਂ ਧਿਆਨ ਹਟਾ ਕੇ ਆਪਣੇ ਮੱਕੜਜਾਲ ਵਿਚ ਫਸਾਈ ਰੱਖਣਾ ਹੈ। ਇਸ ਤਰ੍ਹਾਂ ਇਸ ਖਬਰ ਦੀ ਹੈਸੀਅਤ ਛੜਯੰਤਰ ਦੇ ਇਰਾਦੇ ਨਾਲ ਛੱਡੇ ਗਏ ਬੇਅਸਰ ਸ਼ੋਸ਼ੇ ਤੋਂ ਵੱਧ ਕੁਝ ਵੀ ਨਹੀਂ ਹੈ।

ਮਨੂੰ ਸਿਮ੍ਰਿਤੀ ਦਾ ਬ੍ਰਾਹਮਣੀ ਸਾਹਿਤ ਵਿਚ ਬਹੁਤ ਹੀ ਮਹੱਤਵਪੂਰਨ ਕੇਂਦਰੀ ਸਥਾਨ ਹੈ। ਵਰਨ ਆਸ਼ਰਮ ਧਰਮ ਜਾਂ ਵਿਵਸਥਾ ਨਾਲ ਜੁੜੇ ਜਿੰਨੇ ਵੀ ਸਿਧਾਂਤ, ਆਦੇਸ਼-ਨਿਰਦੇਸ਼ ਪਹਿਲਾਂ ਹੋਰ ਹਿੰਦੂ ਧਰਮ ਗ੍ਰੰਥਾਂ ਵੇਦ ਗੀਤਾ ਦੇ ਵਿਚ ਦਰਜ ਸਨ, ਉਹਨਾਂ ਸਭ ਨੂੰ ਇਕ ਕਾਨੂੰਨ. ਜ਼ਾਬਤੇ ਦੀ ਸ਼ਕਲ ਦੇ ਕੇ ਵਿਧੀਬੱਧ ਕਰਨ ਦਾ ਯਸ਼ (ਅਪਜਸ) ਹੋਰ 108 ਸਿਮ੍ਰਤੀਆਂ ਵਿਚੋਂ ਕੇਵਲ ਮਨੂੰ ਸਿਮਰਤੀ ਨੂੰ ਹੀ ਜਾਂਦਾ ਹੈ, ਜਿਸ ਨੇ ਚਾਰ ਵਰਨਾਂ ਦੀ ਵੰਡ ਵਿਚ ਬ੍ਰਾਹਮਣ ਨੂੰ ਭੂਦੇਵਤਾ (ਸੁਪਰਮੈਨ) ਅਤੇ ਸੂਦਰ ਨੂੰ ਸਭ ਤੋਂ ਘਟੀਆ, ਘਿਰਣਾ ਦਾ ਪਾਤਰ ਅਤੇ ਨਾ ਛੂਹਣ ਦੇ ਯੋਗ ਕਰਾਰ ਦਿੱਤਾ। ਵਿਵਹਾਰਿਕ ਰੂਪ ਵਿਚ ਇਸ ਦਾ ਡੰਗ ਖਾਸ ਤੌਰ 'ਤੇ ਅਛੂਤ ਸ਼ੂਦਰ ਸ਼੍ਰੇਣੀ ਲਈ ਰਿਗਵੇਦ ਦੇ ਚਤਰ ਵਰਨ ਅਤੇ ਗੀਤਾ ਦੇ ਗੁਣ ਕਰਮ ਦੇ ਸਿਧਾਂਤ ਨਾਲੋਂ ਕਿਤੇ ਵੱਧ ਘਾਤਕ ਅਤੇ ਵਿਨਾਸ਼ਕਾਰੀ ਸਾਬਤ ਹੋਇਆ ਜੋ ਸਦੀਆਂ ਤੱਕ ਨਾ ਕੇਵਲ ਭਾਰਤੀ ਸਮਾਜ ਦੀ ਦੁਰਦਸ਼ਾ ਬਲਕਿ ਦੇਸ਼ ਦੀ ਸਮੁੱਚੇ ਤੌਰ 'ਤੇ ਬਰਬਾਦੀ ਅਤੇ ਗੁਲਾਮੀ ਦਾ ਕਾਰਨ ਬਣਿਆ। ਇਸ ਸਮ੍ਰਿਤੀ ਦੇ ਇਸੇ ਵਿਨਾਸ਼ਕਾਰੀ ਪ੍ਰਭਾਵ ਨੂੰ ਮੁੱਖ ਰੱਖਦਿਆਂ ਬਾਬਾ ਸਾਹਿਬ ਅੰਬੇਡਕਰ ਨੇ ਆਪਣੇ ਇਕ ਲੇਖ ਵਿਚ ਕਿਹਾ ਸੀ There is no code of laws more infamous regarding social rights than the laws of Manu ਅਰਥਾਤ 'ਸਮਾਜਿਕ ਅਧਿਕਾਰਾਂ ਦੇ ਸੰਦਰਭ ਵਿਚ ਮਨੂੰ ਦੇ ਬਣਾਏ ਕਾਨੂੰਨ ਨਾਲੋਂ ਹੋਰ ਕੋਈ ਵੀ ਕਾਨੂੰਨੀ ਜ਼ਾਬਤਾ ਇੰਨਾਂ ਬਦਨਾਮ ਅਤੇ ਘਿਰਣਾਯੋਗ ਨਹੀਂ ਹੈ।

ਆਰ. ਐਸ. ਐਸ. ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਬਲਕਿ ਖੁਦ ਪੂਰੀ ਨਿਸ਼ਠਾ ਨਾਲ ਵਿਸ਼ਵਾਸ ਕਰਦਾ ਹੈ ਕਿ ਉਹਨਾਂ ਦੇ ਧਰਮ ਸ਼ਾਸਤਰਾਂ ਨਾਲ ਕੋਈ ਵੀ ਛੇੜਛਾੜ ਨਹੀਂ ਕਰ ਸਕਦਾ। ਉਹਨਾਂ ਦੀ ਸੋਧ ਕਰਨਾ ਤਾਂ ਇਕ ਪਾਸੇ, ਜੇ ਥੋੜ੍ਹਾ ਧਿਆਨ ਮਾਰੀਏ, ਇਹ ਮਾਨਤਾ ਗਲਤ ਵੀ ਨਹੀਂ ਹੈ। ਸਦੀਆਂ ਦੌਰਾਨ ਹਜ਼ਾਰਾਂ ਹਮਲਿਆਂ ਅਤੇ ਝਟਕਿਆਂ ਤੋਂ ਬਾਅਦ ਵੀ ਇਹਨਾਂ ਦਾ ਉਵੇਂ ਜਿਵੇਂ ਸੁਰੱਖਿਅਤ, ਬਚੇ ਰਹਿਣਾ ਇਸ ਦਾ ਬਹੁਤ ਵੱਡਾ ਸਬੂਤ ਹੈ। ਰਿਗਵੇਦ ਦੇ 'ਪੁਰਸ਼ ਸੂਕਤ' ਵਾਲੇ ਦਸਵੇਂ ਮੰਡਲ ਜਿਸ ਵਿਚ ਬ੍ਰਹਮਾ ਦੇ ਸਰੀਰ ਦੇ ਵੱਖ-ਵੱਖ ਅੰਗਾਂ ਵਿਚੋਂ ਵੱਖ-ਵੱਖ ਵਰਨਾਂ ਬ੍ਰਾਹਮਣ ਕਸ਼ੱਤਰੀ ਵੈਸ਼ ਸ਼ੂਦਰ ਦੀ ਉਤਪੱਤੀ ਦਾ ਜ਼ਿਕਰ ਹੈ, ਦੇ ਬਾਰੇ ਇਹ ਮੱਤ ਪ੍ਰਗਟ ਕੀਤਾ ਜਾਂਦਾ ਰਿਹਾ, ਸ਼ਾਇਦ ਵੇਦਾਂ ਦੀ ਬਦਨਾਮੀ ਦੇ ਡਰ ਕਾਰਨ ਕਿ ਪੁਰਸ਼ ਸੂਕਤ ਵਾਲਾ ਮੰਡਲ ਮੂਲ ਵੇਦ ਦਾ ਹਿੱਸਾ ਨਹੀਂ ਸੀ। ਜਿਸ ਨੂੰ ਬਾਅਦਲੇ ਸਮਿਆਂ ਵਿਚ ਘੁਸੇੜਿਆ ਗਿਆ। ਲੇਕਿਨ ਇਸ ਦਾਅਵੇ ਦੇ ਬਾਵਜੂਦ ਹਿੰਦੂ ਧਰਮ ਦੇ ਬੜੇ ਤੋਂ ਬੜੇ ਧਰਮ ਆਚਾਰੀਆ ਦੀ ਇਹ ਹਿੰਮਤ ਨਹੀਂ ਹੋਈ ਕਿ ਉਹ ਵੇਦ ਵਿਚੋਂ ਇਸ ਵਿਵਾਦਿਤ ਅਧਿਆਏ ਨੂੰ ਕੱਢ ਸਕੇ ਜਾਂ ਕਿਸੇ ਸਮੇਂ ਵੀ ਕਿਸੇ ਨੇ ਇਸ ਨੂੰ ਵਿਚਾਰਨ ਯੋਗ ਮੁੱਦਾ ਬਣਾਇਆ ਹੋਵੇ।

ਮੂਲ ਗ੍ਰੰਥ ਵਿਚੋਂ ਇਸ ਅਧਿਆਏ ਦੇ ਨਾ ਕੱਢਣ ਦਾ ਕਾਰਨ ਇਹ ਵੀ ਸੀ ਕਿ ਇਹ 'ਪੁਰਸ਼ ਸੂਕਤ' ਹਿੰਦੂ ਉਚ ਸਮਾਜ ਲਈ ਬੈਠਿਆਂ-ਬਿਠਾਇਆਂ 'ਸੋਨੇ ਦੀ ਖਾਣ' ਸਿੱਧ ਹੋ ਗਿਆ। ਇਹ ਗੱਲ ਤੁਲਸੀ ਦੀ ਲਿਖੀ ਰਾਮਾਇਣ 'ਰਾਮ ਚਰਿੱਤ ਮਾਨਸ' ਬਾਰੇ ਵੀ ਕਹੀ ਜਾ ਸਕਦੀ ਹੈ, ਜਿਸ ਵਿਚ ਡੰਕੇ ਦੀ ਚੋਟ ਨਾਲ ਸ਼ੂਦਰ ਅਤੇ ਨਾਰੀ ਨੂੰ ਢੋਲ ਅਤੇ ਪਸ਼ੂ ਬਰਾਬਰ ਦਰਜਾ ਦੇ ਕੇ ਉਹਨਾਂ ਨੂੰ ਤਾੜਨ, ਮਾਰਨ ਕੁੱਟਣ ਦੀ ਸਿੱਖਿਆ ਦਿੱਤੀ ਗਈ ਹੈ। ਇਸ ਵਿਚੋਂ ਸ਼ੂਦਰ ਅਤੇ ਨਾਰੀ ਬਾਰੇ ਉਚਾਰੇ ਗਏ ਅਪਸ਼ਸ਼ਦਾਂ/ ਵਾਕਾਂ ਨੂੰ ਪੁਸਤਕ ਵਿਚੋਂ ਕੱਢਣਾ ਤਾਂ ਦੂਰ ਦੀ ਗੱਲ ਹੈ, ਇਸ ਪੁਸਤਕ ਨੂੰ ਧਰਮ ਗ੍ਰੰਥ ਮੰਨ ਕੇ ਇਸ ਦੀ ਘਰ-ਘਰ ਪੂਜਾ ਕੀਤੀ ਜਾਂਦੀ ਹੈ। ਵਾਲਮੀਕ ਦੀ ਲਿਖੀ ਅਸਲ ਰਾਮਾਇਣ ਨੂੰ ਇਕ ਪਾਸੇ ਸੁੱਟ ਕੇ ਇਸੇ ਪੁਸਤਕ ਦੇ ਸ਼ੁਭ ਮੌਕਿਆਂ 'ਤੇ ਸ਼ਰਧਾ ਨਾਲ ਪਾਠ ਕਰਵਾਏ ਜਾਂਦੇ ਹਨ। ਪਿੱਛੇ ਜਿਹੇ ਯੂ. ਪੀ. ਅਤੇ ਹਿਮਾਚਲ ਪ੍ਰਦੇਸ਼ ਦੇ ਰਹਿ ਚੁੱਕੇ ਗਵਰਨਰ ਅਤੇ ਉਸ ਵੇਲੇ ਦੇ ਸ਼ੈ. ਕਾ. ਕਮਿਸ਼ਨ ਦੇ ਚੇਅਰਮੈਨ (ਮੇਰੇ ਦੋਸਤ) ਸੂਰਜਭਾਨ ਨੇ ਹਿੰਦੂ ਧਰਮ ਸ਼ਾਸਤਰਾਂ ਵਿਚੋਂ ਅਛੂਤਾਂ/ਸ਼ੂਦਰਾਂ ਖਿਲਾਫ ਲਿਖੇ ਗਏ ਅਪਮਾਨਜਨਕ ਅਪਸ਼ਬਦਾਂ/ਵਾਕਾਂ ਨੂੰ ਕੱਢਣ/ਮਿਟਾਉਣ ਦੀ ਜ਼ੋਰਦਾਰ ਮੁਹਿੰਮ ਚਲਾਈ ਸੀ ਜੋ ਉਸਦੀ (ਸੂਰਜਭਾਨ ਦੀ) ਸਰਕਾਰੀ ਹੈਸੀਅਤ ਹੋਣ ਕਾਰਨ ਉਸ ਸਮੇਂ ਦਾ ਕਾਫੀ ਹੱਦ ਤੱਕ ਭਖਦਾ ਮੁੱਦਾ ਵੀ ਬਣ ਗਿਆ। ਅਖਬਾਰਾਂ, ਟੀ. ਵੀ. ਚੈਨਲਾਂ ਤੇ ਬਹਿਸ ਵੀ ਹੁੰਦੀ ਰਹੀ ਲੇਕਿਨ ਅਖੀਰ ਨਤੀਜਾ ਕੀ ਨਿਕਲਿਆ? ਬਿਲਕੁਲ ਉਹੀ ਜਿਹੜਾ ਡਾ. ਅੰਬੇਡਕਰ ਵੇਲੇ ਹਿੰਦੂ ਕੋਡ ਬਿਲ ਨਾਲ ਹੋਇਆ ਸੀ। ਉਸ ਵੇਲੇ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਉਚ ਨੇਤਾ ਗਿਰੀ ਰਾਜ ਕਿਸ਼ੋਰ ਨੇ ਸਵਾਲ ਉਠਾਇਆ, ਹਿੰਦੂ ਗ੍ਰੰਥਾਂ ਤੋਂ ਪਹਿਲਾਂ ਮੁਸਲਮਾਨਾਂ ਦੇ ਕੁਰਾਨ ਅਤੇ ਈਸਾਈਆਂ ਦੀ ਬਾਈਬਲ ਵਿਚ ਤਬਦੀਲੀ ਕਿਉਂ ਨਹੀਂ ਕੀਤੀ ਜਾਂਦੀ? ਚਿਤਰਕੂਟ ਦੇ 'ਜਗਤ ਗੁਰੂ' ਰਾਮਾਨੰਦ ਅਚਾਰੀਆ ਦੇ ਨਾਲ-ਨਾਲ ਹਿੰਦੂ ਮਹਾਂ ਸਭਾ ਦੇ ਛੋਟੇ ਤੇ ਬੜੇ ਲੀਡਰਾਂ ਨੇ ਸਵਾਲ ਖੜ੍ਹੇ ਕਰ ਦਿੱਤੇ ਕਿ ਇਕ ਗੈਰ ਧਰਮੀ ਬੰਦੇ ਨੂੰ ਸ਼ਾਸਤਰਾਂ ਦਾ ਕੀ ਗਿਆਨ ਹੈ? ਅਤੇ ਉਸ ਨੂੰ ਅਦਾਲਤਾਂ ਵਿਚ ਘੜੀਸਣ ਦੀਆਂ ਵੀ ਧਮਕੀਆਂ ਦਿੱਤੀਆਂ। ਗੱਲ ਕੀ ਬੇਤਹਾਸ਼ਾ ਦਿੱਤੇ ਬਿਆਨਾਂ ਦੇ ਸ਼ੋਰ ਅਤੇ ਧਮਕੀਆਂ ਦੇ ਜ਼ੋਰ ਨੇ ਇਸ ਜ਼ੋਰ-ਸ਼ੋਰ ਨਾਲ ਉਠੀ ਆਵਾਜ਼ ਨੂੰ ਹੀ ਦਬਾਅ ਦਿੱਤਾ।

ਇਸ ਸਾਰੇ ਬਹਿਸ ਮੁਬਾਹਿਸੇ ਅਤੇ ਟੀਕਾ ਟਿੱਪਣੀ ਵਿਚ ਵੀ ਜੇ ਕੋਈ ਹੈਰਾਨੀ ਦੀ ਗੱਲ ਹੈ ਤਾਂ ਉਹ ਇਹੀ ਹੈ ਕਿ ਸਭ ਕੁਝ ਸਮਝਦੇ ਹੋਏ ਕਿ ਧਰਮ ਸ਼ਾਸਤਰਾਂ ਵਿਚ ਕਿਸੇ ਪ੍ਰਕਾਰ ਦੀ ਸੋਧ ਜਾਂ ਵਾਧਾ ਘਾਟਾ ਹੋਣਾ ਅਸੰਭਵ ਹੈ, ਫਿਰ ਆਰ. ਐਸ. ਐਸ. ਜਾਂ ਉਸ ਦੀ ਕਿਸੇ ਬ੍ਰਾਂਚ ਵੱਲੋਂ ਛੱਡੇ ਗਏ ਇਸ ਸ਼ੋਸ਼ੇ ਦਾ ਕੀ ਮਤਲਬ ਹੈ? ਕੀ ਸਮਝਿਆ ਜਾਵੇ? ਕੀ ਉਹ ਇਸ ਸੋਧ ਦੀ ਯੋਜਨਾ ਬਾਰੇ ਸੱਚਮੁਚ ਗੰਭੀਰ ਹੈ ਜਾਂ ਲੋਕਾਂ ਵਿਚ ਉਲਝਣ ਪੈਦਾ ਕਰਨ ਦੇ ਮੰਤਵ ਨਾਲ ਛੱਡਿਆ ਗਿਆ ਕੇਵਲ ਹਵਾਈ ਤੀਰ? ਵਿਚਲੀ ਅਸਲੀਅਤ ਕੁਝ ਵੀ ਹੋਵੇ ਜਾਂ ਪਰਦੇ ਦੇ ਪਿੱਛੇ ਹੁੰਦੀਆਂ ਜਾਣ ਵਾਲੀਆਂ ਗੋਂਦਾਂ ਕੁਝ ਵੀ ਹੋਣ, ਇਹ ਜਾਣ ਕੇ ਮਨ ਨੂੰ ਕੁਝ ਰਾਹਤ ਜ਼ਰੂਰ ਮਹਿਸੂਸ ਹੋ ਰਹੀ ਹੈ ਕਿ ਆਖਿਰਕਾਰ ਧਰਮ ਸ਼ਾਸਤਰਾਂ ਦੀ ਉਚਤਾ ਅਤੇ ਸੁੱਚਤਾ ਦੇ ਹੋਕੇਦਾਰ ਸੰਗਠਨ ਆਰ. ਐਸ. ਐਸ. ਨੂੰ ਵੀ ਸਮਝ ਆਉਣ ਲੱਗ ਪਈ ਹੈ ਕਿ ਮਨੂੰ ਸਮ੍ਰਿਤੀ ਵਾਕਈ ਅਛੂਤ ਸ਼ੂਦਰ ਵਿਰੋਧੀ ਅਤੇ ਨਾਰੀ ਵਿਰੋਧੀ (ਅ) ਧਰਮ ਪੋਥੀ ਹੈ, ਜਿਸ ਨੇ ਦਲਿਤ ਵਰਗ ਅਤੇ ਨਾਰੀ ਜਾਤੀ ਦੇ ਖਿਲਾਫ ਨਫਰਤ, ਅਪਮਾਨ ਅਤੇ ਉਨਮਾਦ ਦੇ ਬੀ ਬੀਜ ਕੇ ਦੇਸ਼ ਅਤੇ ਸਮਾਜ ਦਾ ਹੀ ਨਹੀਂ ਬਲਕਿ ਸਮੁੱਚੀ ਮਾਨਵਤਾ ਦਾ ਸੱਤਿਆਨਾਸ਼ ਕੀਤਾ ਹੈ। ਪਰ 'ਸਭ ਕੁਛ ਲੁਟਾ ਕੇ ਹੋਸ਼ ਮੇਂ ਆਏ ਤੋਂ ਕਿਆ ਕੀਆ' ਦੇ ਕਹਿਣ ਅਨੁਸਾਰ ਹੁਣ ਕੁਵੇਲੇ ਦੀਆਂ ਟੱਕਰਾਂ ਨਾਲ ਕੀ ਬਣਨ ਵਾਲਾ ਹੈ? ਇਸੇ ਦਲਿਤ ਸਮਾਜ ਨੂੰ ਮਨੂੰ ਦੇ ਉਸੇ ਸ਼ੈਤਾਨੀ ਚੱਕਰਵਿਊ ਵਿਚ ਫਸਾਈ ਰੱਖਣ ਲਈ ਨਵੇਂ ਨਵੇਂ ਜਾਲ ਵਿਛਾਏ ਜਾ ਰਹੇ ਹਨ, ਉਹ ਤਾਂ ਹੁਣ ਉਸ ਦੀਆਂ ਕੰਧਾਂ ਟੱਪ ਕੇ ਕਿਤੇ ਦੀ ਕਿਤੇ ਜਾ ਚੁੱਕਿਆ ਹੈ। ਉਸ ਦੇ ਰੋਹ ਅਤੇ ਉੱਠ ਰਹੇ ਜਜ਼ਬਾਤ ਦਾ ਪ੍ਰਗਟਾਵਾ ਦੇਸ਼ ਦੇ ਕੋਨੇ-ਕੋਨੇ ਵਿਚ ਦੇਖਿਆ ਜਾ ਸਕਦਾ ਹੈ, ਜੋ ਕਿਸੇ ਸਮੇਂ ਵੀ ਉਗਰ ਰੂਪ ਧਾਰ ਸਕਦਾ ਹੈ।

ਹੁਣ ਸਵਾਲ ਇਹ ਹੈ ਕਿ ਕੀ ਕੁਝ ਕਿਤਾਬਾਂ ਦੀ ਸੋਧ ਦੇ ਨਾਂ ਤੇ ਮਾਤਰ ਕਾਸਮੈਟਿਕ ਸਰਜਰੀ ਨਾਲ ਜਾਤ-ਨਫਰਤ ਦੇ ਕੈਂਸਰ ਦਾ ਇਲਾਜ ਕੀਤਾ ਜਾ ਸਕੇਗਾ? ਸੁਨੀਤਾ ਜਾਟਵ ਦਾ ਉਸ ਦੇ ਟੱਬਰ ਸਮੇਤ ਪਿੰਡ ਦੇ ਉੱਚ ਜਾਤੀ ਸਮਾਜ ਨੇ ਇਸ ਲਈ ਸੋਸ਼ਲ ਬਾਈਕਾਟ ਕੀਤਾ, ਨਾਲੇ ਜੁਰਮਾਨੇ ਦੀ ਸਜ਼ਾ ਦਿੱਤੀ ਕਿ ਉਸ ਨੇ ਰਾਜਪੂਤ ਰਾਮ ਸਿੰਘ ਦੇ ਕੁੱਤੇ ਨੂੰ ਰੋਟੀ ਖੁਆ ਦਿੱਤੀ- ਦਲਿਤ ਬੰਦੇ ਦਾ ਜਾਟ ਨੇ ਇਸ ਲਈ ਹੱਥ ਕੱਟ ਦਿੱਤਾ ਕਿ ਉਸ ਦਲਿਤ ਨੇ ਖੇਤ 'ਚ ਪਏ ਜਾਟ ਦੇ ਘੜੇ ਵਿਚੋਂ ਪਾਣੀ ਪੀ ਲਿਆ- ਉਤਰਾਖੰਡ ਵਿਚ ਦਲਿਤ ਬੰਦੇ ਨੂੰ ਠਾਕੁਰ ਨੇ ਆਟਾ ਚੱਕੀ ਤੇ ਇਸ ਲਈ ਕੁੱਟ ਕੁੱਟ ਕੇ ਜਾਨੋਂ ਮਾਰ ਦਿੱਤਾ ਕਿ ਉਸ ਨੇ ਠਾਕਰ ਦੇ ਆਟੇ ਦੀ ਬੋਰੀ ਨੂੰ ਹੱਥ ਲਾ ਕੇ ਭਿੱਟ ਦਿੱਤਾ ਸੀ। ਕਿਤੇ ਦਲਿਤਾਂ ਦੇ ਮੰਦਰ ਪ੍ਰਵੇਸ਼ ਤੇ ਦਲਿਤਾਂ ਦੀ ਮਾਰ-ਕੁਟਾਈ ਕਿਤੇ ਘੋੜ ਚੜ੍ਹੀ ਦੀ ਰਸਮ ਸਮੇਂ ਦਲਿਤ ਲਾੜਿਆਂ ਦਾ ਕੁੱਟ ਕੁਟਾਪਾ ਅਤੇ ਜਵਾਬੀ ਲੜਾਈ-ਗਊ ਰੱਖਿਆ ਦੇ ਬਹਾਨੇ ਦਲਿਤਾਂ ਵਿਰੁੱਧ ਕੀਤੀ ਜਾ ਰਹੀ ਗੁੰਡਾਗਰਦੀ ਦੀ ਤਾਂ ਕੋਈ ਗਿਣਤੀ ਹੀ ਨਹੀਂ।

ਕੀ ਅਮਿਤ ਸ਼ਾਹ ਦਾ ਸ਼ਿਪਰਾ ਕੁੰਭ ਮੇਲੇ ਸਮੇਂ ਵਾਲਮੀਕੀ ਘਾਟ ਜਾ ਕੇ ਉਹਨਾਂ ਸਾਧਾਂ ਨਾਲ ਬੈਠ ਕੇ ਖਾਣਾ ਖਾਣ ਜਾਂ ਕਰਨਾਟਕਾ ਦੇ ਯਾਦੂਰੱਪਾ ਦੇ ਬਾਜ਼ਾਰ ਤੋਂ ਖਾਣਾ ਮੰਗਵਾ ਕੇ ਦਲਿਤਾਂ ਦੇ ਘਰ ਖਾਣ ਨਾਲ ਉਪਰ ਦਰਸਾਏ ਜਾਤ ਨਫਰਤ ਅਤੇ ਤੁਅੱਸਬ ਖਤਮ ਹੋ ਸਕਣਗੇ?

ਸੰਵਿਧਾਨ ਦੇ ਲਾਗੂ ਹੋਣ ਦੇ ਅਗਲੇ ਹੀ ਦਿਨ ਆਰ. ਐਸ. ਐਸ. ਦੇ ਮੁੱਖ ਪਾਤਰ 'ਆਰਗੇਨਾਈਜ਼ਰ' ਵਿਚ ਛਪੇ ਬਿਆਨ ਵਿਚ ਹਾਈਕੋਰਟ ਦੇ ਇਕ ਸਾਬਕਾ ਜੱਜ ਨੇ ਕਿਹਾ ਸੀ 'ਅੰਬੇਡਕਰ ਦੇ ਬਣਾਏ ਸੰਵਿਧਾਨ ਦੇ ਬਾਵਜੂਦ ਮਨੂੰ ਹਰ ਹਿੰਦੂ ਲਈ ਪਰਮ ਪੂਜਨੀਕ ਹੈ। ਮਨੂੰ ਸਾਡੇ ਦਿਲਾਂ ਤੇ ਸਦਾ ਰਾਜ ਕਰਦਾ ਰਹੇਗਾ।' ਮਨੂੰ ਪ੍ਰਤੀ ਇਹ ਸ਼ਰਧਾ/ ਆਸਥਾ ਇਕ ਇਕਹਿਰੇ ਹਿੰਦੂ ਵਿਅਕਤੀ ਤੱਕ ਹੀ ਸੀਮਤ ਨਹੀਂ ਹੈ, ਇਸ ਨੂੰ ਜੈਪੁਰ ਹਾਈਕੋਰਟ ਭਵਨ ਦੇ ਗੇਟ 'ਤੇ ਲੱਗੇ ਮਨੂੰ ਦੇ ਬੁੱਤ (ਮੂਰਤੀ) ਵਿਚ ਵੀ ਸਾਫ ਦੇਖਿਆ ਜਾ ਸਕਦਾ ਹੈ, ਜਿਸ ਨੂੰ ਦਲਿਤ ਸੰਸਥਾਵਾਂ ਅਤੇ ਦਲਿਤ ਜਨਤਾ ਦੇ ਪ੍ਰੋਟੈਸਟਾਂ, ਮੁਜ਼ਾਹ-ਰਆਂ ਅਤੇ ਧਰਨਿਆਂ ਤੋਂ ਬਾਅਦ ਵੀ ਹਟਾਇਆ ਨਹੀਂ ਗਿਆ। ਹੁਣ ਤਾਂ ਕੇਂਦਰ ਵਿਚ ਮੋਦੀ ਅਤੇ ਰਾਜਸਥਾਨ ਵਿਚ ਵਸੁੰਧਰਾ ਦਾ ਰਾਜ ਆਉਣ ਨਾਲ ਮਨੂੰ ਰਾਜ ਉਤੇ ਵੈਸੇ ਹੀ ਪੱਕੀ ਮੁਹਰ ਲੱਗ ਗਈ ਹੈ।

ਉਸ ਨੂੰ ਹੁਣ ਕੌਣ ਚੁਣੌਤੀ ਦੇ ਸਕਦਾ ਹੈ? ਦੂਜੇ ਪਾਸੇ ਯੂ. ਪੀ. ਵਿਚ ਯੋਗੀ ਦੇ ਰਾਜ ਗੱਦੀ ਸੰਭਾਲਣ ਉਪਰੰਤ ਉਸ ਦੇ ਨਾਰੀ-ਸ਼ਕਤੀਹੀਣਤਾ ਬਾਰੇ ਲਿਖੇ ਲੇਖ ਦੀ ਵੀ ਅਖਬਾਰਾਂ ਅਤੇ ਟੀ. ਵੀ. ਚੈਨਲਾਂ 'ਤੇ ਖੂਬ ਚਰਚਾ ਹੋਈ ਜਿਸ ਵਿਚ ਯੋਗੀ ਨੇ ਮਨੂੰ ਸਮ੍ਰਿਤੀ ਦੇ ਹਵਾਲੇ ਨਾਲ ਲਿਖਿਆ ਕਿ ਨਾਰੀ ਨੂੰ ਕਿਸੇ ਵੀ ਅਵੱਸਥਾ ਬਚਪਨ, ਜੁਆਨੀ ਜਾਂ ਬੁਢੇਪੇ ਵਿਚ ਬਿਨਾਂ ਕੰਟਰੋਲ ਆਜ਼ਾਦ ਨਹੀਂ ਛੱਡਣਾ ਚਾਹੀਦਾ।

ਜਿਸ ਭੂਤ ਨੂੰ ਮੁੜ ਸੁਰਜੀਤ ਕਰਨ ਲਈ ਅੱਜ ਦੀ ਭਾਜਪਾ ਸਰਕਾਰ ਮਨਸੂਬੇ ਘੜ ਰਹੀ ਹੈ, ਯਾਦ ਰੱਖਣਾ ਚਾਹੀਦਾ ਹੈ ਕਿ ਭੂਤ ਫਿਰ ਵੀ ਇਨਸਾਨ ਨਹੀਂ ਬਣ ਸਕਦਾ, ਜਿਸ ਦੇ ਦਿਲ ਵਿਚ ਇਨਸਾਨੀ ਦਰਦ ਹੋਵੇ, ਉਹ ਦੂਜੇ ਦੇ ਦੁੱਖ ਨੂੰ ਅਪਣਾ ਦੁੱਖ ਸਮਝਦਾ ਹੋਵੇ।

ਪਰ ਕੀ ਮਨੂੰ ਜਾਂ ਉਸ ਦੀ ਸ਼ਾਹਕਾਰ ਰਚਨਾ ਮਨੂੰ ਸਮ੍ਰਿਤੀ ਤੋਂ ਅਜਿਹੀਆਂ ਸੂਖਮ ਵਿਚਾਰਾਂ/ ਭਾਵਨਾਵਾਂ ਦੀ ਆਸ ਕੀਤੀ ਜਾ ਸਕਦੀ ਹੈ? ਜਾਂ ਉਸ ਵਿਚ ਇਨਸਾਨੀਅਤ ਲਈ ਕੋਈ ਕਿਧਰੇ ਜਗ੍ਹਾ ਹੈ? ਅੱਲਾਮਾ ਇਕਬਾਲ ਨੇ ਵੀ ਤਾਂ ਸਮਾਜ ਵਿਚ ਸ਼ੂਦਰਾਂ (ਅਛੂਤਾਂ) ਨਾਲ ਹੋ ਰਹੇ ਅਜਿਹੇ ਨਿਰਦਈ ਵਰਤਾਰੇ ਤੋਂ ਦੁਖੀ ਹੋ ਕੇ ਆਪਣੀ ਨਜ਼ਮ 'ਗੌਤਮ ਬੁੱਧ' ਵਿਚ ਕਿਹਾ ਸੀ:

ਆਹ! ਸ਼ੂਦਰ ਕੇ ਲੀਏ ਹਿੰਦੋਸਤਾਨ ਗਮਖਾਨਾ ਹੈ
ਦਰਦ-ਏ-ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ।

---

# ਮਹਾਨ ਔਰਤ

ਬਲਵਿੰਦਰ ਭੌਰਾ (ਨਿਊਯਾਰਕ)
646-644-0409



ਲੱਗਭੱਗ ਇੱਕ ਦਹਾਕੇ ਦੇ ਕਰੀਬ ਹੋ ਗਿਆ ਮੈਨੂੰ ਮੇਰੇ ਇੱਕ ਮਿੱਤਰ ਨੇ ਇੱਕ ਗੱਲ ਸੁਣਾਈ । ਇਹ ਮਹਿਜ਼ ਇੱਕ ਗੱਲ ਹੀ ਨਹੀ ਸਗੋ ਇੱਕ ਦੁਖਦਾਈ ਦਾਸਤਾਨ ਹੈ। ਇਹ ਸੁਣਕੇ ਮੈ ਕਈ ਵਾਰ ਇਸਨੂੰ ਆਪਣੇ ਖਿਆਲਾਂ 'ਚ ਦੁਹਰਾਕੇ ਰੋਇਆ ਹਾਂ ਪਤਾ ਨਹੀ ਕਿਉ ਸ਼ਾਇਦ ਮੈ ਜਿਆਦਾ ਭਾਵੁਕ ਹਾਂ ਇਸਲਈ । ਅਤੇ ਕਈ ਵਾਰ ਇਸਨੂੰ ਕਹਾਣੀ ਦਾ ਰੂਪ ਦੇ ਕੇ ਲਿਖਣ ਦਾ ਯਤਨ ਵੀ ਕੀਤਾ ਪਰ ਅੱਜਕੁਲ ਲਿਖਣ 'ਚ ਬਹੁਤ ਜਿਆਦਾ ਦਿਲਚਸਪੀ ਨਹੀ ਹੈ, ਬਸ ਪੜਨ 'ਚ ਰੁਚੀ ਹੈ। ਅੱਜ ਫਿਰ ਮੈ ਪੂਰਾ ਮਨ ਬਣਾਕੇ ਇਸਨੂੰ ਲਿਖਣ ਦਾ ਤਹੱਈਆ ਕਰ ਲਿਆ ਹੈ।

ਇਹ ਘਟਨਾ ਕੋਈ ਚਾਰ ਦਹਾਕੇ ਪਹਿਲਾਂ ਪੰਜਾਬ ਦੇ ਇੱਕ ਪਿੰਡ ਦੀ ਹੈ। ਪਿੰਡ ਵਿੱਚ ਇੱਕ ਬਹੁਤ ਹੀ ਗਰੀਬ ਪ੍ਰੀਵਾਰ ਰਹਿੰਦਾ ਸੀ । ਪ੍ਰੀਵਾਰ ਦੇ ਮੈਂਬਰਾਂ ਵਿੱਚ ਇੱਕ ਬੁੱਢੀ ਮਾਈ ਉਸਦਾ ਪੁੱਤਰ , ਨੂੰਹ ਤੇ ਦੋ ਪੋਤੇ ਸਨ । ਇਸ ਗਰੀਬ ਪ੍ਰੀਵਾਰ ਕੋਲ ਇੱਕ ਬੁੱਢੜ ਜਿਹੀ ਮੱਝ ਸੀ ਜੋ ਥੋੜਾ ਬਹੁਤ ਦੁੱਧ ਦਿੰਦੀ ਸੀ । ਮਾਈ ਦਾ ਪੁੱਤ ਤੇ ਨੂੰਹ ਤੇ ਪੋਤੇ ਸਭ ਮੱਝ ਦੀ ਟਹਿਲ ਸੇਵਾ ਵਿੱਚ ਲਗੇ ਰਹਿੰਦੇ ਕਿਓਕਿ ਉਸਦੇ ਕਿਲੋ ਦੋ ਕਿਲੋ ਦੁੱਧ ਨਾਲ ਹੀ ਘਰ ਦਾ ਗੁਜਾਰਾਂ ਚਲਦਾ ਸੀ । ਘਰ ਇੱਕ ਕੱਚਾ ਮਿੱਟੀ ਦਾ ਕੋਠੜਾ ਜਿਹਾ ਤੇ ਨਾਲ ਹੀ ਕੱਖਾਂ ਦੀ ਛੱਤਵਾਲੀ ਮਿੱਟੀ ਦੀਆਂ ਕੰਧਾਂ ਨਾਲ ਬਣੀ ਛੋਟੀ ਜਿਹੀ ਰਸੋਈ। ਮੱਝ ਲਈ ਵੀ ਕਾਨ੍ਹਿਆਂ ਨਾਲ ਬਣਾਇਆ ਇੱਕ ਛੱਪਰ ਜਿਹਾ ਸੀ। ਇਸ ਮੱਧ ਵਰਗ ਦੇ ਗਰੀਬ ਪ੍ਰੀਵਾਰ ਨਾਲ ਪਿੰਡ ਦੇ ਬਹੁਤ ਹੀ ਸੀਮਤ ਜਿਹੇ ਲੋਕਾਂ ਦੀ ਸਾਂਝ ਸੀ ਵੈਸੇ ਵੀ ਗਰੀਬਾਂ ਨੂੰ ਕੌਣ ਪੁੱਛਦਾ। ਗਰੀਬੀ ਨੂੰ ਉਹ ਆਪਣੇ ਪਿਛਲੇ ਜਨਮ ਦੇ ਕਰਮਾਂ ਦਾ ਫ਼ਲ ਸਮਝ ਜ਼ਿੰਦਗੀ ਭੋਗ ਰਹੇ ਸਨ। ਵੱਡਾ ਮੁੰਡਾ ਥੋੜਾ ਜਵਾਨ ਹੋਇਆ ਤਾਂ ਇੱਕ ਰਿਸ਼ਤੇਦਾਰ ਨੇ ਉਸਨੂੰ ਮੰਗਣ ਵਿਆਹੁਣ ਦੀ ਗੱਲ ਕੀਤੀ। ਪਰ ਮੁੰਡੇ ਦੇ ਬਾਪ ਨੇ ਕਿਹਾ ਕਿ ਸਾਡਾ ਆਪਣਾ ਹੀ ਗੁਜ਼ਾਰਾ ਮਸਾਂ ਚਲਦਾ ਹੈ। ਕੋਲ ਕੋਈ ਪੈਸਾ ਨਹੀ ਇੱਕ ਵਕਤ ਦੀ ਰੋਟੀ ਬੜੀ ਔਖੀ ਮਿਲਦੀ ਹੈ ਅਸੀ ਬਿਗਾਨੀ ਧੀ ਨੂੰ ਵੀ ਭੁੱਖੀ ਮਾਰਾਂਗੇ। ਰਿਸ਼ਤੇਦਾਰ ਨੇ ਕਿਹਾ ਕਿ ਆਪਾ ਇਸ ਤਰਾਂ ਬੱਚਿਆਂ ਦੀ ਜ਼ਿੰਦਗੀ ਨਾਲ ਵੀ ਖਿਲਵਾੜ ਕਰ ਰਹੇ ਹਾਂ, ਕੋਈ ਗੱਲ ਨਹੀ ਆਪਾ ਵਿਆਹ ਵੀ ਗਰੀਬੀਦਾਵੇ ਹੀ ਕਰ ਲੈਣਾ ਹੈ । ਉਹਨੇ ਕਿਸੇ ਇੱਕ ਗਰੀਬ ਘਰ ਦੀ ਲੜਕੀ ਨਾਲ ਮੁੰਡੇ ਦਾ ਵਿਆਹ ਕਰ ਦਿੱਤਾ । ਰਸਮੀ ਜਿਹੇ ਦੋ ਚਾਰ ਪ੍ਰਾਹੁਣੇ ਆਏ ਤੇ ਚਲੇ ਗਏ । ਵਿਆਹ ਦੀ ਪਹਿਲੀ ਰਾਤ ਮੁੰਡਾ ਤੇ ਉਸਦੀ ਵਹੁਟੀ ਕੱਚੇ ਕੋਠੜੇ ਵਿੱਚ ਪੈ ਗਏ ਬਾਕੀ ਸਾਰਾ ਪ੍ਰੀਵਾਰ ਬਾਹਰ । ਸਵੇਰਾ ਹੋਇਆ ਅਜੇ ਲੋਕ ਉਠ ਹੀ ਰਹੇ ਸਨ ਕਿ ਮੁੰਡੇ ਦੀ ਵਹੁਟੀ ਸੁੰਨਮੁਨ ਹੋਈ ਕੋਠੜੇ 'ਚੋ ਬਾਹਰ ਆਈ ਤੇ ਆਪਣੀ ਸੱਸ ਨੂੰ ਕੁੱਝ ਕਿਹਾ ਉਹ ਭੱਜ ਕੇ ਅੰਦਰ ਗਈ ਤਾਂ ਕੀ ਦੇਖਿਆ ਮੁੰਡਾ ਮਰਿਆ ਪਿਆ । ਅਜੇ ਆਂਦਰਾਂ ਨੂੰ ਚਾਹ ਦਾ ਝੁਲਕਾ ਵੀ ਨਹੀ ਦਿੱਤਾ ਸੀ ਕਿ ਕਹਿਰ ਵਾਪਰ ਗਿਆ। ਘਰਦਾ ਪ੍ਰੀਵਾਰ ਭੁੱਬਾਂ ਮਾਰ ਰੋਣ ਲੱਗਾ ਕੁੱਝ ਆਂਢ ਗੁਆਂਢ ਘਰਾਂ ਦੇ ਲੋਕ ਆਏ ਕੀ ਹੋਇਆ ਕਿਸੇ ਨੂੰ ਕੁੱਝ ਵੀ ਪਤਾ ਨਹੀ ਸੀ ਲੱਗ ਰਿਹਾ , ਕੋਈ ਨਵੀ ਵਿਆਹੀ ਆਈ ਬਿਗਾਨੀ ਧੀ ਨੂੰ ਕੋਸ ਰਿਹਾ ਸੀ ਕੋਈ ਕੁੱਝ ਕਹਿ ਰਿਹਾ ਸੀ ਤੇ ਕੋਈ ਕੁੱਝ । ਬਿਗਾਨੀ ਧੀ ਗੁੰਮਸੁਮ ਹੋਈ ਸਾਰਾ ਮੰਜ਼ਰ ਦੇਖ ਰਹੀ ਸੀ ਕਿ ਇਹ ਕੀ ਹੋਇਆ ਹੈ ਉਹ ਹੁਣ ਕੀ ਕਰੇ । ਜਦੋ ਅਰਥੀ ਨੂੰ ਅੱਗ ਦੇਣ ਤੋਂ ਬਾਅਦ ਸ਼ਮਸ਼ਾਨਘਾਟ ਤੋਂ ਵਾਪਿਸ ਆਏ ਤਾਂ ਘਰ ਆਉਦਿਆਂ ਨੂੰ ਪੋਤੇ ਦੇ ਵਿਯੋਗ 'ਚ ਦਾਦੀ ਚੱਲ ਵਸੀ , ਦਾਦੀ ਦੀ ਅਰਥੀ ਸ਼ਮਸ਼ਾਨਘਾਟ ਛੱਡ ਆਏ ਤਾਂ ਘਰ ਪਹੁੰਚਦਿਆ ਸਾਰ ਮੁੰਡੇ ਦੀ ਮਾਂ ਸਾਹ ਛੱਡ ਗਈ । ਹੁਣ ਤਾਂ ਸਾਰੇ ਹੀ ਉਸ ਬਿਗਾਨੀ ਧੀ ਨੂੰ ਦੋਸ਼ੀ ਸਮਝ ਰਹੇ ਸਨ ਕੋਈ ਆਖ ਰਿਹਾ ਸੀ ਇਹ ਬੰਦੇਖਾਣੀ ਲੈ ਆਂਦੀ ਤੇ ਕੋਈ ਕਹਿ ਰਿਹਾ ਸੀ ਇਹਨੂੰ ਹੁਣੇ ਇਹਦੇ ਮਾਂ ਬਾਪ ਦੇ ਹਵਾਲੇ ਕਰੋ ਜਿੰਨੇ ਮੂੰਹ ਉਨੀਆਂ ਹੀ ਗੱਲਾਂ ਹੋ ਰਹੀਆਂ ਸਨ ਪਰ ਉਹਦਾ ਸਹੁਰਾ ਵਿਚਾਰਾ ਕੁੱਝ ਨਹੀ ਬੋਲ ਰਿਹਾ ਸੀ ਉਸਨੂੰ ਕੁੱਝ ਵੀ ਸੁਝ ਨਹੀ ਰਿਹਾ ਸੀ । ਸਭਨੇ ਫੈਸਲਾ ਕੀਤਾ ਕਿ ਇਸਨੂੰ ਹੁਣੇ ਹੀ ਤੋਰੋ ,ਉਹ ਵਿਚਾਰੀ ਪਤਾ ਨਹੀ ਕੀ ਸੋਚਦੀ ਹੋਵੇਗੀ ਕੀ ਨਹੀ ।ਪਰ ਉਸਨੇ ਆਪਣਾ ਸਾਰਾ ਹੌਸਲਾ ਇਕੱਠਾ ਕਰਕੇ ਐਨਾ ਕਿਹਾ ਕਿ ਮੈਂ ਹੁਣ ਐਥੋਂ ਨਹੀ ਜਾਣਾ ਬਸ ਉਹ ਕਹਿ ਕੇ ਚੁੱਪ ਕਰ ਗਈ। ਫਿਰ ਉਸਦੇ ਸਹੁਰੇ ਨੇ ਵੀ ਇਹੀ ਕਿਹਾ ਕਿ ਜਿਸ ਤਰਾਂ ਇਹ ਬੱਚੀ ਕਹਿੰਦੀ ਹੈ ਠੀਕ ਹੈ । ਹੁਣ ਪ੍ਰੀਵਾਰ ਵਿੱਚ ਨੂੰਹ ,ਸਹੁਰਾ ਤੇ ਛੋਟਾ ਦਿਉਰ ਜਿਸਦੀ ਉਮਰ ਮਸਾਂ ਅਜੇ ਚੌਦਾਂ ਸਾਲਾਂ ਦੀ ਹੋਵੇਗੀ ਰਹਿ ਗਏ ਸਨ। ਜ਼ਿੰਦਗੀ ਫਿਰ ਪਹਿਲਾਂ ਵਾਂਗ ਚਲ ਪਈ ।ਉਸ ਬਾਈ ਸਾਲਾਂ ਦੇ ਕਰੀਬ ਬਿਗਾਨੀ ਧੀ ਨੇ ਪਤਾ ਨਹੀ ਕੀ ਦਿਲ ਵਿੱਚ ਠਾਣੀ ਉਸਨੇ ਬਹੁਤ ਸਖਤ ਮਿਹਨੂਤ ਕੀਤੀ ਦਿ-ਹਾੜੀਆਂ ਕੀਤੀਆਂ,ਘਾਹ ਖੋਤਿਆ, ਗੰਨੇ ਛਿਲੇ ਭਾਵ ਉਹ ਇੱਕ ਪਲ ਵੀ ਵਿਹਲੀ ਨਹੀ ਰਹੀ ਅਤੇ ਉਹ ਆਪਣੇ ਦਿਉਰ ਨੂੰ ਹਮੇਸ਼ਾਂ ਨਾਲ ਹੀ ਰੱਖਦੀ । ਉਸਨੂੰ ਖੁਲਾ ਖਾਣ ਨੂੰ ਦਿੰਦੀ, ਉਸਨੂੰ ਕੋਈ ਵੀ ਭਾਰਾ ਕੰਮ ਨਾ ਦਿੰਦੀ ਜਦੋਂ ਉਹ ਅਠਾਰਾਂ ਸਾਲ ਦਾ ਹੋ ਗਿਆ ਉਸਨੇ ਆਪਣੇ ਮਾਂਬਾਪ ਨੂੰ ਸੱਦਕੇ ਸਭਦੀ ਸਹਿਮਤੀ ਨਾਲ ਦਿਉਰ ਤੇ ਚਾਦਰ ਪਾ ਲਈ । ਉਹਨਾਂ ਦੇ ਘਰ ਤਿੰਨ ਪੁਤਰਾਂ ਨੇ ਜਨਮ ਲਿਆ । ਉਸਨੇ ਆਪਣੇ ਪੁੱਤਰਾਂ ਨੂੰ ਖੂਬ ਪੜ-ਾਇਆ । ਉਹ ਇਸਤ੍ਰਰਾਂ ਕੰਮ ਕਰ ਰਹੀ ਸੀ ਜਿਵੇਂ ਉਸ ਵਿੱਚ ਬਹੁਤ ਸਾਰੀ ਤਾਕਤ ਆ ਗਈ ਹੋਵੇ । ਪਿੰਡ ਵਿੱਚ ਉਸਦੇ ਦਰਿੜ ਇਰਾਦੇ ਦੀਆਂ ਗੱਲਾਂ ਹੋਣ ਲੱਗੀਆਂ ,ਉਸਦੇ ਮੁੰਡੇ ਉਚ ਵਿਦਿਆ ਲਈ ਸ਼ਹਿਰ ਚਲੇ ਗਏ। ਬੇਸ਼ਕ ਉਸਦਾ ਦਿਉਰ ਉਸਦਾ ਪਤੀ ਸੀ ਪਰ ਉਸਨੂੰ ਅਜੇ ਵੀ ਉਹ ਭਾਬੀ ਹੀ ਕਹਿ ਕੇ ਬੁਲਾਉਦਾ ਸੀ । ਸਮਾਂ ਪਾ ਕੇ ਉਸਦਾ ਸਹੁਰਾ ਵੀ ਚੜਾਈ ਕਰ ਗਿਆ । ਹੁਣ ਉਹ ਗਰੀਬ ਪ੍ਰੀਵਾਰ ਨਹੀ ਸਦਾਉਂਦਾ ਸੀ, ਉਹ ਪੜੇ ਲਿਖਿਆ ਦਾ ਪ੍ਰੀਵਾਰ ਅਖਵਾਉਣ ਲੱਗਾ । ਮੁੰਡੇ ਪੜਾਈ ਕਰਕੇ ਉਚ ਅਹੁਦਿਆਂ ਤੇ ਵੱਡੇ ਅਫ਼ਸਰ ਬਣ ਗਏ ਸਨ ,ਉਹਨਾਂ ਸ਼ਹਿਰ 'ਚ ਕੋਠੀਆਂ ਪਾ ਲਈਆਂ ਸਨ । ਉਹ ਆਪਣੀ ਮਾਂ ਨੂੰ ਸ਼ਹਿਰ ਆਪਣੇ ਕੋਲ ਰੱਖਣਾ ਚਾਹੁੰਦੇ ਸਨ ਪਰ ਉਹ ਕੱਚਾ ਕੋਠੜਾ ਛੱਡਣਾ ਨਹੀ ਚਾਹੁਦੀ ਸੀ । ਉਹਨੇ ਆਪਣੇ ਪੁੱਤਰਾਂ ਕੋਲ ਇੱਕ ਸ਼ਰਤ ਤੇ ਰਹਿਣਾ ਮਨਜ਼ੂਰ ਕੀਤਾ ਕਿ ਹਰ ਹਫਤੇ ਸਾਰਾ ਪ੍ਰੀਵਾਰ ਉਸ ਕੱਚੇ ਘਰ ਆਇਆ ਕਰੇਗਾ ਅਤੇ ਸਾਰਾ ਦਿਨ ਉਥੇ ਹੀ ਗੁਜ਼ਾਰੇਗਾ । ਤਿੰਨੋ ਪੁੱਤਰਾਂ ਨੇ ਮਾਂ ਦੀ ਹਰ ਗੱਲ ਅਸ਼ੀਰਵਾਦ ਵਾਂਗ ਪਰਵਾਨ ਕੀਤੀ । ਉਹ ਮਾਂ ਨੂੰ ਕਿਸੇ ਗੱਲੋਂ ਵੀ ਦੁਖੀ ਨਹੀ ਦੇਖਣਾ ਚਾਹੁੰਦੇ ਸਨ । ਹੁਣ ਉਹਨੇ ਆਪਣੇ ਮੁੰਡਿਆਂ ਨੂੰ ਕਹਿ ਕੇ ਇੱਕ ਚਿੱਤਰਕਾਰ ਕੋਲੋ ਆਪ ਕੋਲ ਬੈਠ ਕੇ ਇੱਕ ਤਸਵੀਰ ਬਣਵਾਈ ਜਿਹੜੀ ਉਸਦੇ ਪਹਿਲੇ ਘਰ ਵਾਲੇ ਨਾਲ ਮਿਲਦੀ ਸੀ। ਜਿਹੜਾ ਸਿਰਫ਼ ਇੱਕ ਰਾਤ ਦਾ ਮਹਿਮਾਨ ਹੀ ਉਸਦੀ ਜ਼ਿੰਦਗੀ ਵਿੱਚ ਰਿਹਾ ਸੀ ਉਸ ਰਾਤ ਉਹਨਾਂ ਕੀ ਗੱਲਾਂ ਕੀਤੀਆਂ ਹੋਣਗੀਆਂ ਭਵਿੱਖ 'ਚ ਕੀ ਕਰਨਾ ਹੈ ਕਿਹੜੇ ਫੈਸਲੇ ਲਏ ਹੋਣਗੇ ਇਹ ਸਿਰਫ਼ ਉਹੀ ਜਾਣਦੀ ਸੀ । ਉਹਨੇ ਆਦਮਕਦ ਤਸਵੀਰ ਬਣਾਕੇ ਸ਼ਹਿਰ ਆਪਣੇ ਮੁੰਡਿਆਂ ਦੀ ਕੋਠੀ ਵਿੱਚ ਲਾਈ । ਉਹ ਸਵੇਰੇ ਉਠਕੇ ਉਸ ਤਸਵੀਰ ਦੇ ਸਾਹਮਣੇ ਬੈਠ ਜਾਂਦੀ ਜਿਵੇਂ ਉਸ ਤਸਵੀਰ ਨਾਲ ਉਹ ਗੱਲਾਂ ਕਰਦੀ ਹੋਵੇ। ਉਸਦਾ ਦਿਉਰ ਪਤੀ ਵੀ ਉਸਦੀ ਕੋਈ ਗੱਲ ਨਾ ਮੋੜਦਾ।

ਉਸਦੀਆਂ ਨੂੰਹਾਂ ਵੀ ਐਹੋ ਜਿਹੀਆਂ ਆਈਆ ਕਿ ਜਿਹੜੀਆਂ ਸੱਸ ਨੂੰ ਰੱਬ ਵਾਂਗ ਮੰਨਦੀਆਂ। ਇੱਕ ਦਿਨ ਭਾਰੀ ਵਾਰਿਸ਼ ਤੋ ਬਾਅਦ ਉਹ ਉਪਰ ਛੱਤ ਤੇ ਜਾ ਚੜੀ, ਕੀ ਦੇਖਦੀ ਹੈ ਕਿ ਪੂਰੀ ਕਾਇਨਾਤ ਨਿਖਰੀ ਪਈ ਹੈ ਤੇ ਅੰਬਰ ਤੇ ਸੱਤਰੰਗੀ ਪੀਂਘ ਪਈ ਹੋਈ ਹੈ ਉਹ ਨੀਝ ਲਾ ਕੇ ਦੇਖਦੀ ਰਹੀ ਸਾਰਾ ਪ੍ਰੀਵਾਰ ਥੱਲੇ ਉਸਨੂੰ ਦੇਖ ਰਿਹਾ ਸੀ ਉਹਨਾਂ ਪਹਿਲੀ ਵਾਰ ਆਪਣੀ ਮਾਂ ਨੂੰ ਬੜੀ ਸੁਖਦ ਤੇ ਖੁਸ਼ ਦੇਖਿਆ ਸੀ ਸ਼ਾਇਦ ਸੋਚਦੀ ਹੋਵੇਗੀ ਕਿ ਉਸਨੇ ਆਪਣਾ ਵਾਅਦਾ ਪੂਰਾ ਕਰ ਦਿੱਤਾ ਹੈ।

# ਗੁਰੂ ਅਰਜਨ ਸਾਹਿਬ ਦੀ ਸ਼ਹਾਦਤ? ਪ੍ਰਤੀਕਰਮ? ਅਤੇ ਜੂਨ 1984 ਦਾ ਘੱਲੂਘਾਰਾ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਭਗਤਾਂ ਅਤੇ ਗੁਰੂਆਂ ਨੇ ਸੱਚ ਦਾ ਪ੍ਰਚਾਰ ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ, ਕਟੜਵਾਦੀ ਬ੍ਰਾਹਮਣਾ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਭਗਤਾਂ ਅਤੇ ਗੁਰੂਆਂ ਨੇ ਕਰੜਾ ਵਿਰੋਧ ਕਰਕੇ ਭੋਲੀ ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਭਗਤਾਂ ਅਤੇ ਗੁਰੂਆਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ। ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ੍ਰੀਚੰਦੀਏ, ਪ੍ਰਿਥੀਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤਾਂ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣ ਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ, ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਸਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਇਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਣ ਮੌਲਾਣੇ (ਭਾ.ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਆ ਰਹੇ ਹਨ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ ਕਿਆਂ ਵਿਰੁੱਧ ਕਬੋਲ ਬੋਲੇ ਸਨ ਕਿ ਚੁਬਾਰੇ ਦੀ ਇੱਟ ਮੋਰੀ ਨਾਲ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।

ਭਗਤਾਂ ਅਤੇ ਗੁਰੂਆਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ, ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਅਕਬਰ ਬਾਦਸ਼ਾਹ ਕਈ ਵਾਰ ਗੁਰੂ ਦਰਬਾਰ ਆਇਆ, ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ, ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਜਹਾਂਗੀਰ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ!

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ 'ਤੁਜ਼ਕਿ ਜਹਾਂਗੀਰੀ' ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਡੇ ਗੋਇੰਵਾਲ ਨਗਰ ਵਿੱਚ ਇੱਕ ਪੀਰਾਂ ਬਜੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ, ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ ਗੁਰੂ ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ ਚ' ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ ਗੁਰੂ ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ, ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈਂ ਹੁਕਮ ਕੀਤਾ ਕਿ ਇਸ ਗੁਰੂ ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ, ਉਸ ਦਾ ਘਰ ਘਾਟ ਬੱਚੇ ਅਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ, ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ" (ਯਾਸਾ ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ, ਜਿਸ ਵਿੱਚ ਕਿਸੇ ਵਿਸ਼ੇਸ਼ ਧਰਮੀ-ਪੁਰਖ ਨੂੰ ਬਿਨਾਂ ਖੂਨ ਡੋਲ੍ਹੇ ਮਾਰਿਆ ਜਾਂਦਾ ਸੀ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਸੋ ਇਸ ਤਰੀਕੇ ਨਾਲ 2 ਹਾੜ ਬਿਕਰਮੀ ਸੰਮਤ 1663 ਮੁਤਾਬਕ 30 ਮਈ ਸੰਨ 1606 (ਜੂਲੀਅਨ) ਦਿਨ ਸ਼ੁਕਰਵਾਰ ਨੂੰ, ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਅੱਜ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਇਹ ਸ਼ਹੀਦੀ ਦਿਹਾੜਾ 2 ਹਾੜ (16 ਜੂਨ) ਨੂੰ ਵਿਦਵਾਨਾਂ ਵੱਲੋਂ ਪੱਕਾ ਕੀਤਾ ਗਿਆ ਅਤੇ ਹੁਣ ਸਿੱਖ ਕੌਮ ਹਰ ਸਾਲ 16 ਜੂਨ ਨੂੰ ਹੀ ਇਹ ਦਿਹਾੜਾ ਮਨਾਉਂਦੀ ਹੈ।



ਪ੍ਰਤੀਕਰਮ-ਜਿਸ ਦਾ ਪ੍ਰਤੀਕਰਮ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ-ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ, ਦੂਰ-ਦੂਰ ਹੁਕਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ, ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਸਮੇਂ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ, ਅਕਾਲ ਤਖ਼ਤ ਪਰ ਗੁਰੂ ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ ਅਤੇ ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਿੱਖਾਂ ਦੇ ਸਤਵੇਂ, ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ, ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ ੧੪ ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ, ਜਿਸ ਦਾ ਫਲ ਬਾਬਾ ਬੰਦਾ ਸਿੰਘ ਬਹਾਦਰ ਨੇ ੮ ਸਾਲ ਰਾਜ ਕੀਤਾ।ਸਿੱਖ ਮਿਸਲਾਂ ਨੇ ਵੀ ਜ਼ਾਲਮ ਹਕੂਮਤ ਨੂੰ ਵਖਤ ਪਾਈ ਰੱਖਿਆ ਅਤੇ ਮਹਾਂਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ੫੦ ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਅਤੇ ਅੱਜ ਤੱਕ ਨਹੀਂ ਮਿਲਿਆ। ਗੁਰਦੁਆਰਿਆਂ ਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਸਿੰਘ ਸਭਾ ਲਹਿਰ ਪੈਦਾ ਹੋਈ ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਗਿਆ।

ਜੂਨ ੮੪ ਦਾ ਘੱਲੂਘਾਰਾ-ਜੂਨ ੧੯੮੪ ਵਿੱਚ ਫਿਰ ਬਹਾਦਰ ਸਿੱਖ ਕੌਮ ਜਿਸ ਨੇ ਭਾਰਤ ਨੂੰ ਅਜ਼ਾਦ ਕਰਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਜਿਨ੍ਹਾਂ ਨੂੰ ਭੁਲਾ ਕੇ ਅਕ੍ਰਿਤਘਣਤਾ ਦਾ ਸਬੂਤ ਦਿੰਦੇ ਹੋਏ, ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰਕੇ, ਗੁਰੂਆਂ ਭਗਤਾਂ ਦੀਆਂ ਹੱਥ ਲਿਖਤਾਂ, ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ, ਇਤਿਹਾਸਕ ਦਸਤਾਵੇਜ ਜੋ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਸਾਂਭੇ ਪਏ ਸਨ, ਨੂੰ ਲੁੱਟਿਆ, ਸਾੜਿਆ ਅਤੇ ਖੁਰਦ-ਬੁਰਦ ਕੀਤਾ। ਨਿਹੱਥੇ ਸਿੱਖ ਆਗੂਆਂ ਅਤੇ ਸੰਗਤਾਂ ਨੂੰ ਦ੍ਰਿੰਦਗੀ ਦਾ ਨਾਚ ਨੱਚਦੇ ਹੋਏ ਰਫਲਾਂ ਦੀਆਂ ਗੋਲੀਆਂ ਅਤੇ ਤੋਪਾਂ ਦੇ ਗੋਲਿਆਂ ਨਾਲ ਭੁੰਨਿਆਂ। ਬਚ ਗਈਆਂ ਔਰਤਾਂ ਨਾਲ ਬਲਾਤਕਾਰ ਕੀਤੇ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਵਿਖੇ ਕੀਤੇ ਸਨ। ਉਧਰ ਬਾਬਾ ਜਰਨੈਲ ਸਿੰਘ, ਜਨਰਲ ਸ਼ੁਬੇਗ ਸਿੰਘ, ਬੱਬਰ ਖਾਲਸਾ ਅਤੇ ਹੋਰ ਪੰਥਕ ਜਥੇਬੰਦੀਆਂ ਦੀ ਕਮਾਨ ਹੇਠ, ਮੁੱਠੀ ਭਰ ਸਿੱਖਾਂ ਨੇ ਪੰਚਮ ਪਾਤਸ਼ਾਹ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ, ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ, ਅਨੇਕਾਂ ਅਕੀਦਤਮੰਦ ਅਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦੇ ਵਾਰਸ ਹੋਣ ਦਾ ਜਜ਼ਬਾ ਅਤੇ ਖੂਨ ਗਰਮ ਹੈ।

ਭਗਤਾਂ ਅਤੇ ਗੁਰੂਆਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰੂ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ, ਸਾਡਾ ਸ਼ੋਸ਼ਣ ਕਰ ਰਹੀਆਂ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰੂਆਂ ਦੀ ਬਾਣੀ ਦੀ ਸੰਪਾਦਨਾ ਹੈ ਜੋ ਸਾਇੰਟੇਫਿਕ ਰੱਬੀ ਗਿਆਨ ਦਾ ਸਰਬਸਾਂਝਾ ਭੰਡਾਰ ਹੈ। ਜਿਸ ਨੂੰ *ਪੋਥੀ ਪਰਮੇਸ਼ਰ ਕਾ ਥਾਨ* ਕਿਹਾ ਅਤੇ ਫਰਮਾਇਆ *ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਉੱਤਮ ਹੈ ਸਰਬ ਸਮੇਂ ਸ੍ਰਬ ਥਾਂਨ ਰਹੈ ਹੈਂ* (ਸੂਰਜ ਪ੍ਰਕਾਸ਼) ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ, ਜੋ ਬਿਨਸਣਹਾਰ ਹਨ। ਇਸ ਪੋਥੀ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ, ਦਸਵੇਂ ਪਾਤਸ਼ਾਹ ਨੇ ਗੁਰ-ਗੱਦੀ ਦੇ ਕੇ, ਗੁਰੂ ਗ੍ਰੰਥ ਸਾਹਿਬ ਕਹਿ ਸੀਸ ਨਿਵਾਇਆ ਅਤੇ ਹੁਕਮ ਕੀਤਾ-ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ॥ ਇਸ ਗੁਰੂ ਗ੍ਰੰਥ ਦੇ ਉਪਦੇਸ਼ ਸਰਬੱਤ ਦਾ ਭਲਾ ਮੰਗਦੇ ਹਨ-ਜਗਤੁ ਜਲੰਦਾ ਰਖਿ ਲੈ ਆਪਣੀ ਕ੍ਰਿਪਾ ਧਾਰਿ॥(੮੫੩) ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ..॥(੧੩੪੯) ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕੋ ਬਨਿ ਆਈ॥(੧੨੯੯) ਵਿਦਿਆ ਵੀਚਾਰੀ ਤਾਂ ਪਰਉਪਕਾਰੀ॥(੩੫੬) ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥(੧੨੪੫) ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (੧੧੦੫)

ਸੋ ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਅਤੇ ਟਕਰਉਂਦਾ ਰਹੇਗਾ। ਓਦੋਂ ਮੁਗਲੀਆ ਹਕੂਮਤ ਸਿੱਖਾਂ ਨਾਲ ਟਕਰਾ ਰਹੀ ਸੀ, ਫਿਰ ਸਿੱਖ ਰਾਜ ਦੇ ਖਾਤਮੇ ਤੇ ਮਹੰਤਾਂ ਦੇ ਰੂਪ ਵਿੱਚ ਬ੍ਰਾਹਮਣ ਟਕਰਾਇਆ ਅਤੇ ਅੱਜ ਭੇਖਧਾਰੀ ਸਾਧ ਲਾਣਾ, ਸਿੱਖ ਸੰਸਥਾਵਾਂ ਵਿੱਚ ਘੁਸੜ ਅਤੇ ਹਕੂਮਤ ਦਾ ਵੋਟ ਬੈਂਕ ਬਣਕੇ ਟਕਰਾ ਰਿਹਾ ਹੈ। ਸਿੱਖਾਂ ਦੀ ਸਿਰਮੌਰ ਸੰਸਥਾ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਅਜ਼ਾਦ ਨਹੀਂ ਓਥੇ ਵੀ ਆਰ. ਐਸ. ਐਸ. ਦੀ ਪਿਛਲੱਗ ਭਾਜਪਾ ਦੀ ਪਿਉਂਦ ਵਾਲੇ ਬਾਦਲੀ ਬ੍ਰਾਹਮਣ ਕਾਬਜ ਹਨ। ਯਾਦ ਰੱਖੋ ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਹਨ ਉਹ ਸਦਾ ਜੇਤੂ ਰਹਿੰਦੀਆਂ ਹਨ।

ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਅਦੁੱਤੀ ਸ਼ਹਾਦਤ ਅਤੇ ਜੂਨ ੮੪ ਨੂੰ ਯਾਦ ਰੱਖਦੇ ਹੋਏ, ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਗੁਰਬਾਣੀ ਦੇ ਪਾਠ-ਕੀਰਤਨ ਠੇਕੇ ਤੇ ਕਰਾਉਣ ਦੀ ਬਜਾਏ ਆਪ ਸਮਝ ਕੇ ਕਰਨੇ, ਉਸ ਤੇ ਅਮਲ ਕਰਨਾ ਅਤੇ ਇਸ ਅਮੁੱਲ ਖਜ਼ਾਨੇ ਨੂੰ ਦੁਨੀਆਂ ਦੀ ਹਰੇਕ ਬੋਲੀ ਵਿੱਚ ਵੰਡਣ ਦੀ ਸੇਵਾ ਕਰਨੀ ਚਾਹੀਦੀ ਹੈ। ਇਹ ਹੀ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਅਤੇ ਸ਼ਹੀਦ ਸਿੰਘ-ਸਿੰਘਣੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਬੱਚੇ ਉੱਪਰ ਅਧਿਆਪਕ ਵਰਗ ਦਾ ਪ੍ਰਭਾਵ



ਮੇਜਰ ਸਿੰਘ ਨਾਭਾ
91-94635-53962

ਅਧਿਆਪਕ ਵਰਗ ਆਉਣ ਵਾਲੀ ਨਵੀਂ ਪੀੜ੍ਹੀ ਨੂੰ ਉਸਾਰੂ ਸੇਧ ਦੇਣ ਲਈ ਜਿੰਮੇਵਾਰ ਹੁੰਦਾ ਹੈ। ਬੱਚਿਆਂ ਅੰਦਰ ਜੋ ਰੁਚੀਆਂ, ਆਦਤਾਂ, ਮਨੋਬਿਰਤੀਆਂ ਪੈਦਾ ਹੁੰਦੀਆਂ ਹਨ ਉਹਨਾਂ ਉੱਪਰ ਅਧਿਆਪਕ ਦਾ, ਬੱਚੇ ਦੇ ਮਾਪਿਆਂ ਨਾਲੋਂ ਜ਼ਿਆਦਾ ਪ੍ਰਭਾਵ ਹੁੰਦਾ ਹੈ। ਸੋ ਅੱਜ ਦੇ ਯੁੱਗ ਵਿਚ ਅਧਿਆਪਕ ਨੂੰ ਬਹੁਤ ਚੁਕੰਨਾ ਹੋਣ ਦੀ ਲੋੜ ਹੈ। ਬੱਚਾ ਅਧਿਆਪਕ ਦੇ ਅਕਸ ਨੂੰ ਛੇਤੀ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਸੋ ਅਧਿਆਪਕ ਦਾ ਅਕਸ ਹਰ ਪੱਖੋਂ ਸਹੀ ਹੋਣਾ ਚਾਹੀਦਾ ਹੈ। ਅਧਿਆਪਕ ਵਿਚ ਅਨੁਸ਼ਾਸ਼ਨ ਦੀ ਅਤਿ ਲੋੜ ਹੁੰਦੀ ਹੈ। ਅਗਰ ਅਧਿਆਪਕ ਸਕੂਲ, ਕਲਾਸ ਵਿਚ ਲੇਟ ਆਉਂਦਾ ਹੈ ਤਾਂ ਬੱਚੇ ਵੀ ਜ਼ਰੂਰ ਲੇਟ ਆਉਣ ਦੀ ਆਦਤ ਰੱਖਣਗੇ। ਬਿਨਾਂ ਮਤਲਬ ਤੋਂ ਕਲਾਸ ਨਾ ਲਾਉਣੀ, 'ਫਰਲੋ' ਮਾਰ ਜਾਣੀ, ਬੱਚਿਆਂ ਦੀ ਪੜ੍ਹਾਈ ਉੱਪਰ ਜਰੂਰ ਅਸਰ ਪਾਵੇਗੀ। ਬੱਚਿਆਂ ਅੰਦਰ ਅਨੁਸ਼ਾਸ਼ਨ ਦੀ ਘਾਟ ਉਹਨਾਂ ਦੇ ਭਵਿੱਖ ਵਿਚ ਕਈ ਮੁਸ਼ਕਿਲਾਂ ਪੈਦਾ ਕਰ ਸਕਦੀ ਹੈ। ਕਿਸੇ ਵੀ ਖੇਤਰ ਵਿਚ ਤਰੱਕੀ ਕਰਨ ਲਈ ਅਨੁਸ਼ਾਸ਼ਨ ਅਤਿ ਜ਼ਰੂਰੀ ਹੈ। ਅਧਿਆਪਕ ਸ਼ੁਰੂ ਤੋਂ ਹੀ ਬੱਚਿਆਂ ਦੇ ਮਨਾਂ ਅੰਦਰ ਇਹ ਭਾਵਨਾ ਪੈਦਾ ਕਰ ਸਕਦਾ ਹੈ।

ਨਸ਼ਿਆਂ ਦੀ ਆਦਤ ਏਨੀ ਵਧ ਗਈ ਹੈ ਕਿ ਛੋਟੇ ਤੋਂ ਛੋਟੇ ਵੀ ਬੱਚੇ ਨਸ਼ੇ ਕਰਨ ਲੱਗ ਪਏ ਹਨ। ਇਹ ਬੱਚੇ ਆਪਣੇ ਵੱਡਿਆਂ ਪਾਸੋਂ ਇਹ ਸਾਰਾ ਕੁਝ ਸਿੱਖਦੇ ਹਨ। ਅਗਰ ਅਧਿਆਪਕ ਨਸ਼ੇ ਦੀ ਵਰਤੋਂ ਕਰਦਾ ਹੈ ਤਾਂ ਬੱਚੇ ਵੀ ਜਲਦੀ ਨਸ਼ੇ ਦੀ ਆਦਤ ਧਾਰਨ ਕਰਨਗੇ। ਨਸ਼ੇ ਕਰਨ ਨਾਲ ਅਧਿਆਪਕ ਦਾ ਜੋ ਸਤਿਕਾਰ ਸਮਾਜ ਅੰਦਰ ਬਣਿਆ ਹੋਇਆ, ਉਹ ਜਰੂਰ ਘਟੇਗਾ। ਇਕ ਚੰਗਾ ਅਧਿਆਪਕ ਨਸ਼ੇ ਤੋਂ ਰਹਿਤ ਰਹਿ ਕੇ ਹੀ ਸਮਾਜ ਵਿਚ ਆਪਣਾ ਸਨਮਾਨ ਕਾਇਮ ਰੱਖ ਸਕਦਾ ਹੈ। ਆਮ ਤੌਰ ਤੇ ਦੇਖਣ ਵਿਚ ਆਇਆ ਹੈ ਕਿ ਕਈ ਨੌਜਵਾਨ ਅਧਿਆਪਕ 'ਪੈਕਟਨੁਮਾ ਮਸਾਲਾ' ਖਾਂਦੇ ਹਨ। ਉਹ ਬੱਚਿਆਂ ਦੇ ਸਾਹਮਣੇ ਖਾਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਸ ਤਰ੍ਹਾਂ ਬੱਚਿਆਂ ਅੰਦਰ ਵੀ ਇਹੋ ਜਿਹੇ 'ਮਸਾਲੇ' ਖਾਣ ਦੀ ਉਕਸੁਕਤਾ ਪੈਦਾ ਹੋ ਜਾਂਦੀ ਹੈ ਤੇ ਉਹ ਚੋਰੀਓਂ ਇਹਨਾਂ ਦਾ ਸਵਾਦ ਚੱਖਣ ਲੱਗ ਜਾਂਦੇ ਹਨ। ਬਹੁਤੇ ਬੱਚੇ ਸ਼ੌਂਕੀਆ ਹੀ ਨਸ਼ਿਆਂ ਦਾ ਸੇਵਨ ਕਰਨ ਲੱਗ ਜਾਂਦੇ ਹਨ। ਪਰ ਉਹ ਹੌਲੀ ਹੌਲੀ ਇੰਨੇ ਆਦੀ ਹੋ ਜਾਂਦੇ ਹਨ ਕਿ ਉਸ ਨਸ਼ੇ ਦੀ ਵਰਤੋਂ ਬਿਨਾਂ ਪਲ ਭਰ ਵੀ ਨਹੀਂ ਜੀਅ ਸਕਦੇ।

ਕਈ ਕਾਲਜੀਏਟ ਮੁੰਡੇ ਤਾਂ ਅੱਜ ਕੱਲ੍ਹ ਕਈ ਨਸ਼ੇ ਵਾਲੀਆਂ ਦਵਾਈਆਂ ਦਾ ਵੱਡੀ ਮਿਕਦਾਰ ਵਿਚ ਸੇਵਨ ਕਰਦੇ ਹਨ ਕਈ ਤਾਂ ਹੋਰ ਵੀ ਜਾਨ-ਲੇਵਾ ਨਸ਼ਿਆਂ/ਨਸ਼ੇ ਦੇ ਟੀਕੇ ਲਗਵਾਉਣ ਤੀਕ ਪੁੱਜ ਜਾਂਦੇ ਹਨ। ਕੀ ਇਹ ਨਸ਼ਈ ਨੌਜਵਾਨ ਦੇਸ਼ ਦੇ ਭਵਿੱਖ ਨੂੰ ਸੰਵਾਰ ਸਕਣਗੇ? ਆਮ ਕਹਾਵਤ ਹੈ, "ਪਹਿਲਾਂ ਮਨੁੱਖ ਨਸ਼ੇ ਨੂੰ ਖਾਂਦਾ ਹੈ ਫਿਰ ਨਸ਼ਾ ਮਨੁੱਖ ਨੂੰ ਖਾਂਦਾ ਹੈ'' ਇਹ ਧਾਰਨਾ ਸ਼ੁਰੂ ਤੋਂ ਹੀ ਬੱਚਿਆਂ ਦੇ ਮਨ, ਅੰਦਰ ਅਧਿਆਪਕ ਨੂੰ ਬਿਠਾ ਦੇਣੀ ਚਾਹੀਦੀ ਹੈ। ਅਧਿਆਪਕ ਦਾ ਪਹਿਰਾਵਾ, ਉਸ ਦੇ ਵਿਦਿਆਰਥੀਆਂ ਉੱਪਰ ਸਾਦਗੀ ਨਾਲ ਰਹਿਣ ਦਾ ਪ੍ਰਭਾਵ ਪਾਉਣ ਵਾਲਾ ਹੋਣਾ ਚਾਹੀਦਾ ਹੈ। ਭੜਕੀਲੇ ਰੰਗਾਂ ਦੇ ਕੱਪੜੇ ਅਧਿਆਪਕ ਲਈ ਸ਼ੋਭਾ ਨਹੀਂ ਦਿੰਦੇ। ਫੈਸ਼ਨ ਪ੍ਰਸਤੀ ਅਧਿਆਪਕ ਵਰਗ ਲਈ ਠੀਕ ਨਹੀਂ।

ਅੱਜ ਕੱਲ੍ਹ ਬਹੁਤੇ ਬੱਚਿਆਂ ਅੰਦਰ ਗਾਲ੍ਹਾਂ ਕੱਢਣ ਦੀ ਆਦਤ ਸਕੂਲ 'ਚ ਹੀ ਪੈ ਜਾਂਦੀ ਹੈ ਜੋ ਕਿ ਵੱਡੇ ਹੋ ਕੇ ਸੁਧਰਨੀ ਮੁਸ਼ਕਿਲ ਹੈ। ਅਧਿਆਪਕ ਬੱਚੇ ਲਈ ਇਕ ਮਾਡਲ ਹੁੰਦਾ ਹੈ ਪਰ ਦੇਖਣ ਵਿਚ ਆਇਆ ਹੈ ਕਿ ਸਕੂਲਾਂ ਵਿਚ ਕਈ ਅਧਿਆਪਕ ਆਪਸ 'ਚ ਜਾਂ ਬੱਚਿਆਂ ਨੂੰ ਘੂਰਦੇ ਸਮੇਂ ਗਾਲ੍ਹਾਂ ਕੱਢਦੇ ਹਨ ਜਾਂ ਗੱਲਾਂ ਕਰਦੇ ਸਮੇਂ ਵੀ ਅਣਜਾਣਪੁਣੇ ਵਿਚ ਗਾਲ੍ਹਾਂ ਕੱਢ ਕੇ ਗੱਲਾਂ ਨੂੰ ਵਿਸ਼ੇਸ਼ਣ ਦਿੰਦੇ ਰਹਿੰਦੇ ਹਨ। ਸੋ ਅਧਿਆਪਕ ਵਰਗ ਨੂੰ ਆਪਣੀ ਸ਼ਬਦਾਵਲੀ 'ਤੇ ਕਾਬੂ ਪਾ ਕੇ ਹੀ ਮੂੰਹੋਂ ਕੋਈ ਗੱਲ ਕੱਢਣੀ ਚਾਹੀਦੀ ਹੈ। ਅਧਿਆਪਕ ਦੀ ਸਖਸ਼ੀਅਤ ਉਸਦੇ ਪਹਿਰਾਵੇ ਤੋਂ ਹੀ ਪਹਿਚਾਣੀ ਜਾਂਦੀ ਹੈ। ਅਧਿਆਪਕਾਵਾਂ ਨੂੰ ਵੀ ਸੀਮਾਵਾਂ ਅੰਦਰ ਰਹਿਕੇ ਹੀ ਸ਼ਿੰਗਾਰ/ਮੇਕਅੱਪ ਕਰਨਾ ਚਾਹੀਦਾ ਹੈ। ਅੱਜ ਕੱਲ੍ਹ ਸਕੂਲੀ ਬੱਚੇ ਹੀ ਫੈਸ਼ਨਪ੍ਰਸਤੀ ਕਰਨ ਲੱਗ ਜਾਂਦੇ ਹਨ। ਕਈ ਮਾਂ-ਬਾਪ ਆਪਣੇ ਬੱਚਿਆਂ ਨੂੰ ਇਹਨਾਂ ਗੱਲਾਂ ਦੀ ਖੁੱਲ੍ਹ ਤਾਂ ਦੇ ਦਿੰਦੇ ਹਨ ਪਰ ਬਾਅਦ ਵਿਚ ਉਹ ਪਛਤਾਉਂਦੇ ਹਨ ਕਿਉਂਕਿ ਉਹਨਾਂ ਦੇ ਬੱਚੇ ਪੜ੍ਹਾਈ ਗ੍ਰਹਿਣ ਕਰਨ ਦੀ ਬਜਾਇ ਫੈਸ਼ਨ ਅਤੇ ਹੋਰ ਭੈੜੀ ਸੰਗਤ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਬੱਚਿਆਂ ਦੀਆਂ ਰੁਚੀਆਂ ਨੂੰ ਅਧਿਆਪਕ ਚੰਗੀ ਤਰ੍ਹਾਂ ਜਾਣ ਸਕਦਾ ਹੈ। ਇਸ ਲਈ ਬੱਚੇ ਨੂੰ ਉਚੇਰੀ ਸਿੱਖਿਆ ਦੀ ਸੇਧ ਦੇਣ ਦੀ ਜਿੰਮੇਵਾਰੀ ਅਧਿਆਪਕ ਨੂੰ ਸਮਝਣੀ ਚਾਹੀਦੀ ਹੈ। ਗਲਤ ਸਿੱਖਿਆ ਦੀ ਚੋਣ ਬੱਚੇ ਦੇ ਭਵਿੱਖ ਨੂੰ ਤਬਾਹ ਕਰ ਸਕਦੀ ਹੈ। ਅਗਰ ਬੱਚਾ ਇੰਜੀਨੀਅਰਿੰਗ ਵਿਚ ਦਿਲਚਸਪੀ ਰੱਖਦਾ ਹੈ ਤਾਂ ਉਸ ਨੂੰ ਡਾਕਟਰੀ ਦੀ ਸਿੱਖਿਆ ਵਿਚ ਪਾ ਦੇਣਾ ਉਸ ਨਾਲ ਸਰਾਸਰ ਧੱਕਾ ਕਰਨ ਤੋਂ ਸਿਵਾਏ ਕੁਝ ਨਹੀਂ ਹੋਵੇਗਾ। ਬਹੁਤੇ ਬੱਚੇ ਸਹੀ ਸੇਧ ਪ੍ਰਾਪਤ ਕਰਨ ਤੋਂ ਵਾਂਝੇ ਰਹਿਣ ਕਰਕੇ ਅੱਧਵਾਟੇ ਹੀ ਪੜ੍ਹਾਈ ਛੱਡ ਜਾਂਦੇ ਹਨ। ਇਕ ਦੂਸਰੇ ਦੀ ਰੀਸ ਨਾਲ ਵਿਸ਼ਿਆਂ ਦੀ ਚੋਣ ਕਰ ਲੈਣੀ ਵੀ ਚੰਗੀ ਨਹੀਂ ਸਗੋਂ ਜਿਨ੍ਹਾਂ ਵਿਸ਼ਿਆਂ ਵੱਲ ਬੱਚਿਆਂ ਦੀਆਂ ਰੁਚੀਆਂ ਵੱਧ ਹੋਣ ਉਹੀ ਵਿਸ਼ਿਆਂ ਦੇ ਗਰੁੱਪ ਲੈਣ ਦੀ ਸਲਾਹ ਦਿੱਤੀ ਜਾਵੇ।

ਅਧਿਆਪਕ ਨੂੰ ਹਮੇਸ਼ਾਂ ਹੀ ਘਰ ਦੇ ਮਾਹੌਲ ਨੂੰ ਸਕੂਲ ਦੇ ਮਾਹੌਲ ਵਿਚ ਆ ਕੇ ਭੁੱਲ ਜਾਣਾ ਚਾਹੀਦਾ ਹੈ। ਕਈ ਅਧਿਆਪਕ ਘਰੇਲੂ ਮਾਹੌਲ ਠੀਕ ਨਾ ਹੋਣ ਕਾਰਨ ਸਕੂਲ ਵਿਚ ਆ ਕੇ ਮਨ ਉੱਪਰ ਘਰ ਦੇ ਮਾਹੌਲ ਦਾ ਅਸਰ ਰੱਖਦੇ ਹਨ। ਉਹ ਚਿੜਚਿੜੇ ਸੁਭਾਅ ਜਾਂ ਖਿਝ ਕੇ ਬੋਲਣ ਦੇ ਆਦੀ ਹੋ ਜਾਂਦੇ ਹਨ। ਕਈ ਅਧਿਆਪਕਾਂ ਦੇ ਸਾਈਡ ਬਿਜਨੈੱਸ ਖੋਲ੍ਹੇ ਹੋਏ ਹੁੰਦੇ ਹਨ ਉਹਨਾਂ ਨੂੰ ਸਕੂਲ ਵਿਚ ਵੀ ਆਪਣੇ ਕਾਰੋਬਾਰ ਨਾਲ ਸਰੋਕਾਰ ਹੁੰਦਾ ਹੈ। ਇਹੋ ਜਿਹੇ ਅਧਿਆਪਕ ਪੜ੍ਹਾਈ ਕਰਾਉਣ ਤੋਂ ਜੀਅ ਚੁਰਾਉਣ ਲੱਗ ਜਾਂਦੇ ਹਨ ਕਿਉਂਕਿ ਉਹਨਾਂ ਦਾ ਮਨ ਘਰ ਬਾਰੇ/ਕਾਰੋਬਾਰ ਬਾਰੇ ਹੀ ਸੋਚਦਾ ਰਹਿੰਦਾ ਹੈ। ਕਈ ਵਾਰੀ ਉਹਨਾਂ ਦੇ ਮੋਬਾਇਲ ਫੋਨ 'ਤੇ ਨਵੇਂ-ਨਵੇਂ ਗੀਤਾਂ ਦੀਆਂ ਟੋਨਾਂ ਸੁਣਾਈ ਦਿੰਦੀਆਂ ਹਨ ਅਤੇ ਕਾਰੋਬਾਰ ਦੀਆਂ ਗੱਲਾਂ ਹੁੰਦੀਆਂ ਹਨ। ਇਸ ਤਰ੍ਹਾਂ ਬੱਚਿਆਂ ਅੰਦਰ ਇਹੋ ਜਿਹੇ ਅਧਿਆਪਕਾਂ ਪ੍ਰਤੀ ਸਤਿਕਾਰ ਦੀ ਭਾਵਨਾ ਘਟ ਜਾਂਦੀ ਹੈ। ਸੋ ਇਹ ਸਾਰਾ ਕੁਝ ਅਧਿਆਪਕ ਨੂੰ ਮਾਹੌਲ ਅਨੁਸਾਰ ਢਾਲਣ ਦੀ ਸਮਰੱਥਾ ਹੋਣੀ ਚਾਹੀਦੀ ਹੈ।

ਇਸ ਤਰ੍ਹਾਂ ਬੱਚੇ ਦੀ ਸਖਸ਼ੀਅਤ ਬਨਾਉਣ ਵਿਚ ਅਧਿਆਪਕ ਦਾ ਅਹਿਮ ਰੋਲ ਹੁੰਦਾ ਹੈ। ਬੱਚੇ ਕੌਮ ਦੇ ਉੱਸਰੀਏ ਬਨਣ ਲਈ ਸਕੂਲ ਵਿਚੋਂ ਹੀ ਮੁੱਢਲੀ ਸਿੱਖਿਆ ਪ੍ਰਾਪਤ ਕਰਦੇ ਹਨ। ਇਕ ਅਧਿਆਪਕ ਬੱਚੇ ਦੀ ਜ਼ਿੰਦਗੀ ਬਣਾ ਅਤੇ ਗਵਾ ਸਕਦਾ ਹੈ। ਸੋ ਸਾਨੂੰ ਅਧਿਆਪਕ ਵਰਗ ਨੂੰ ਪੂਰਾ ਪੂਰਾ ਸਨਮਾਨ ਦੇਣਾ ਚਾਹੀਦਾ ਹੈ।

ਬੱਚੇ ਅਤੇ ਅਧਿਆਪਕ ਦਾ ਰਿਸ਼ਤਾ ਗੁਰੂ ਅਤੇ ਚੇਲੇ ਵਾਲਾ ਪਹਿਲਾਂ ਵਾਂਗ ਹੀ ਬਰਕਰਾਰ ਰੱਖਣ ਲਈ ਅਧਿਆਪਕ ਵਰਗ ਨੂੰ ਵੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਸਮਾਜ ਵੱਲੋਂ ਅਧਿਆਪਕ ਵਰਗ ਨੂੰ ਹਰ ਤਰ੍ਹਾਂ ਦੀਆਂ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਇਹ ਵਰਗ ਆਪਣਾ ਰੁਤਬਾ ਸਮਾਜ ਅੰਦਰ ਵੱਖਰਾ ਰੱਖ ਸਕੇ।

# ਸਹਾਰਨਪੁਰ ਕਾਂਡ : ਸਚਾਈ ਅਤੇ ਸ਼ੰਕੇ



ਦਰਸ਼ਨ ਸਿੰਘ ਬਾਜਵਾ
91-98783-83053

ਪਿਛਲੇ ਦਿਨੀਂ ਉੱਤਰ ਪ੍ਰਦੇਸ਼ ਦਾ ਸਹਾਰਨਪੁਰ ਕਾਂਡ ਸਾਹਮਣੇ ਆਇਆ ਹੈ। ਇਸ ਕਾਂਡ ਤੋਂ ਭਾਜਪਾ ਦੀ ਅਗਲੀ ਰਣਨੀਤੀ ਦਿਖਾਈ ਦਿੰਦੀ ਹੈ। ਭਾਜਪਾ ਨੇ ਜਾਣ-ਬੁੱਝ ਕੇ ਮਨੂੰ ਸਿਮਰਤੀ ਦੀ ਨੀਤੀ ਅਨੁਸਾਰ ਕਈ ਸੂਬਿਆਂ ਵਿੱਚ ਠਾਕਰ/ਰਾਜਪੂਤ ਨੇਤਾ ਮੁੱਖ ਮੰਤਰੀ ਦੇ ਤੌਰ 'ਤੇ ਚੁਣੇ ਹਨ। ਇਹ ਜਾਤੀਆਂ ਦੇਸ਼ ਵਿੱਚ ਲੰਬਾ ਸਮਾਂ ਰਾਜ ਕਰਦੀਆਂ ਰਹੀਆਂ ਹਨ ਅਤੇ ਰਾਜ ਕਰਨ ਲਈ ਬਹੁਤ ਹੀ ਜ਼ਿਆਦਾ ਜ਼ਾਲਮ ਪ੍ਰਵਿਰਤੀ ਦੀਆਂ ਰਹੀਆਂ ਹਨ। ਬ੍ਰਾਹਮਣ ਦਾ ਹਰ ਹੁਕਮ ਇਹਨਾਂ ਲਈ ਸਿਰ ਮੱਥੇ ਹੁੰਦਾ ਹੈ। ਅਯੁੱਧਿਆ ਪਤੀ ਰਾਮ ਦਾ ਬ੍ਰਾਹਮਣ ਦੇ ਕਹੇ ਤੋਂ ਇੱਕ ਬੇਕਸੂਰ ਵਿਦਵਾਨ ਸ਼ੰਭੂਕ ਨੂੰ ਝੱਟ ਮਾਰ ਦੇਣਾ ਇਸ ਦੀ ਇੱਕ ਜ਼ਬਰਦਸਤ ਉਦਾਹਰਣ ਹੈ। ਉੱਤਰ ਪ੍ਰਦੇਸ਼ ਵਿੱਚ ਭਾਜਪਾ ਨੇ ਯੋਗੀ ਅਦਿੱਤਿਆਨਾਥ ਨੂੰ ਲਾਇਕ ਸਮਝਿਆ ਹੈ। ਯੋਗੀ ਵੀ ਆਪਣਾ ਰਾਜਪੂਤਾਂ ਵਾਲ਼ਾ ਕਿਰਦਾਰ ਪੂਰੀ ਤਰ੍ਹਾਂ ਨਿਭਾ ਰਿਹਾ ਹੈ। ਉਸਦੀ ਸਰਕਾਰ ਆਉਣ ਪਿੱਛੋਂ ਉੱਤਰ ਪ੍ਰਦੇਸ਼ ਵਿੱਚ ਭਗਵਾਂ ਬ੍ਰਿਗੇਡ ਬਹੁਤ ਜ਼ਿਆਦਾ ਭੂਸਰ ਗਿਆ ਹੈ। ਹਰ ਰੋਜ਼ ਕਿਤੇ ਨਾ ਕਿਤੇ ਕਿਸੇ ਨਿਰਦੋਸ਼ ਵਿਅਕਤੀ ਦੀ ਕੁੱਟਮਾਰ ਅਸੀਂ ਦੇਖਦੇ ਸੁਣਦੇ ਹਾਂ। ਵੈਸੇ ਤਾਂ ਪੂਰਾ ਉੱਤਰ ਪ੍ਰਦੇਸ਼ ਇਸ ਸਮੇਂ ਜਾਤੀ ਨਫ਼ਰਤ ਦੀ ਅੱਗ ਵਿੱਚ ਸੁਲਗ ਰਿਹਾ ਹੈ ਪਰ ਇਸ ਸਮੇਂ ਜ਼ਿਲ੍ਹਾ ਸਹਾਰਨਪੁਰ ਖ਼ਾਸ ਤੌਰ 'ਤੇ ਹਿੰਦੁਤਵੀਆਂ ਦੇ ਨਿਸ਼ਾਨੇ 'ਤੇ ਹੈ। ਇੱਥੇ ਦੇ ਹਿੰਦੂਵਾਦੀ ਨੇਤਾਵਾਂ ਦਾ ਜ਼ਿਆਦਾ ਜੋਰ ਇਸ ਗੱਲ 'ਤੇ ਲੱਗਿਆ ਹੋਇਆ ਜਾਪ ਰਿਹਾ ਹੈ ਕਿ ਕਿਵੇਂ ਨਾ ਕਿਵੇਂ ਸੂਬੇ ਨੂੰ ਦੰਗਿਆਂ ਦੀ ਅੱਗ ਵਿੱਚ ਝੋਕ ਦਿੱਤਾ ਜਾਵੇ। ਸ਼ਾਇਦ ਦੰਗਿਆਂ ਦੀ ਰਾਜਨੀਤੀ ਭਾਜਪਾ ਨੂੰ ਫਿੱਟ ਬੈਠਦੀ ਹੈ। ਇਸ ਦਾ ਨਤੀਜਾ ਗੁਜਰਾਤ ਵਿੱਚ ਕਈ ਵਾਰ ਦੇਖਿਆ ਜਾ ਚੁੱਕਾ ਹੈ। ਉੱਤਰ ਪ੍ਰਦੇਸ਼ ਵਿੱਚ ਪਹਿਲਾਂ ਮੁਜੱਫਰਨਗਰ ਇਸ ਫਿਰਕੂ ਅੱਗ ਵਿੱਚ ਝੁਲ਼ਸਿਆ ਹੈ। ਇਸ ਦੀ ਅੱਗ ਦੇ ਸੇਕ 'ਤੇ ਭਾਜਪਾ ਨੇ ਆਪਣੀਆਂ ਸਿਆਸੀ ਰੋਟੀਆਂ ਸੇਕੀਆਂ। ਇਸ ਦੰਗਾ ਰਾਜਨੀਤੀ ਕਾਰਨ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਅਤੇ ਫਿਰ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉੱਤਰ ਪ੍ਰਦੇਸ਼ ਦਾ ਚੋਣ ਮੈਦਾਨ ਭਾਰਤੀ ਜਨਤਾ ਪਾਰਟੀ ਦੇ ਹੱਥ ਰਿਹਾ ਸੀ। ਨਾ ਤਾਂ ਚੋਣਾਂ ਮੁੱਕਣੀਆਂ ਹਨ ਅਤੇ ਨਾ ਹੀ ਮਨੂੰ ਸਿਮਰਤੀ ਪੂਰੀ ਤਰ੍ਹਾਂ ਲਾਗੂ ਹੋ ਜਾਣ ਤੱਕ ਭਾਜਪਾ ਦੀ ਦੰਗਾ ਰਾਜਨੀਤੀ ਦੀ ਖੇਡ ਮੁੱਕਣ ਦੀ ਸੰਭਾਵਨਾ ਲੱਗਦੀ ਹੈ। ਜਦੋਂ ਤੱਕ ਭਾਜਪਾ ਨੂੰ ਇਸਤੋਂ ਲਾਹਾ ਮਿਲ਼ਦਾ ਰਹੇਗਾ ਇਹ ਖੇਡ ਜਾਰੀ ਰਹੇਗੀ। ਕੇਂਦਰ ਸਰਕਾਰ ਦੇ ਤਿੰਨ ਸਾਲ ਪੂਰੇ ਹੋ ਗਏ ਹਨ। ਦੋ ਸਾਲ ਬਾਕੀ ਹਨ। ਅਗਲੀਆਂ 2019 ਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਭਾਜਪਾ ਵੱਲੋਂ ਹੁਣੇ ਹੀ ਕੀਤੀ ਜਾ ਰਹੀ ਜਾਪਦੀ ਹੈ। ਇਸ ਦੰਗਾ ਰਾਜਨੀਤੀ ਵਿੱਚ ਹੁਣ ਅਗਲੀ ਵਾਰੀ ਸਹਾਰਨਪੁਰ ਦੀ ਆ ਗਈ ਹੈ। ਇਸ ਦੀ ਸ਼ੁਰੂਆਤ 20 ਅਪ੍ਰੈਲ ਨੂੰ ਬਾਬਾ ਸਾਹਿਬ ਦੇ ਜਨਮ ਦਿਹਾੜੇ ਨੂੰ ਮਨਾਉਣ ਸਮੇਂ ਹੋਈ। ਇਸ ਸਮੇਂ ਮੀਡੀਆ ਰਾਹੀਂ ਸਾਹਮਣੇ ਲਿਆਂਦਾ ਗਿਆ ਕਿ ਸਹਾਰਨਪੁਰ ਦੇ ਸੜਕ ਦੂਧਲੀ ਪਿੰਡ ਵਿੱਚ ਬਾਬਾ ਸਾਹਿਬ ਦੀ ਜਯੰਤੀ ਨਾਲ਼ ਸੰਬੰਧਤ ਸ਼ੋਭਾ ਯਾਤਰਾ 'ਤੇ ਮੁਸਲਮਾਨਾਂ ਦੁਆਰਾ ਪੱਥਰਬਾਜ਼ੀ ਕੀਤੀ ਗਈ। ਘਟਨਾ ਦੀ ਕਾਰਵਾਈ ਨੂੰ ਚੰਗੀ ਤਰ੍ਹਾਂ ਘੋਖੇ ਜਾਣ ਤੋਂ ਸੱਚ ਸਾਹਮਣੇ ਆ ਹੀ ਗਿਆ। ਕੁੱਝ ਬਹੁਜਨ ਪੱਖੀ ਪੱਤਰਕਾਰਾਂ ਨੇ ਘਟਨਾ ਵਾਲ਼ੀ ਥਾਂ 'ਤੇ ਜਾ ਕੇ ਪਤਾ ਲਗਾਇਆ ਕਿ ਇੱਥੋਂ ਦੇ ਦਲਿਤਾਂ ਨੂੰ ਪਤਾ ਹੀ ਨਹੀਂ ਸੀ ਕਿ ਬਾਬਾ ਸਾਹਿਬ ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ ਅਤੇ ਸ਼ੋਭਾ ਯਾਤਰਾ ਉਹਨਾਂ ਦੇ ਪਿੰਡ ਵਿੱਚ ਆ ਰਹੀ ਹੈ। ਜਦੋਂ ਦਲਿਤਾਂ ਨੂੰ ਹੀ ਨਹੀਂ ਸੀ ਪਤਾ ਤਾਂ ਫਿਰ ਮੁਸਲਮਾਨਾਂ ਨੂੰ ਕਿਸ ਤਰ੍ਹਾਂ ਪਤਾ ਚੱਲ ਗਿਆ ਕਿ ਉਹ ਵਿਰੋਧ ਪ੍ਰਗਟਾਵੇ ਲਈ ਪੱਥਰ ਮਾਰਨ ਦੀ ਤਿਆਰੀ ਕਰ ਕੇ ਵੀ ਬੈਠ ਗਏ? ਫਿਰ ਹੌਲ਼ੀ ਹੌਲ਼ੀ ਸਭ ਕੁੱਝ ਸਪੱਸ਼ਟ ਹੋ ਕੇ ਸਾਹਮਣੇ ਆ ਗਿਆ ਕਿ ਇਹ ਸ਼ੋਭਾ ਯਾਤਰਾ ਅੰਬੇਡਕਰਵਾਦੀਆਂ ਵੱਲੋਂ ਨਹੀਂ ਸੀ ਕੱਢੀ ਜਾ ਰਹੀ ਬਲਕਿ ਇਸਦੀ ਅਗਵਾਈ ਉੱਥੋਂ ਦਾ ਭਾਰਤੀ ਜਨਤਾ ਪਾਰਟੀ ਨਾਲ਼ ਸੰਬੰਧਤ ਐਮ.ਪੀ. ਰਾਘਵ ਲਖਨਪਾਲ ਸ਼ਰਮਾ ਕਰ ਰਿਹਾ ਸੀ। ਮੁਸਲਮਾਨ ਭਾਵੇਂ ਮੋਦੀ ਪਿੱਛੋਂ ਯੋਗੀ ਦੀ ਸਰਕਾਰ ਬਣਨ 'ਤੇ ਬਿਲਕੁਲ ਖ਼ਾਮੋਸ਼ ਹਨ ਪਰ ਜੇਕਰ ਉਹਨਾਂ ਨੂੰ ਕੋਈ ਤਕਲੀਫ਼ ਵੀ ਹੋਵੇ ਤਾਂ ਹਿੰਦੂਆਂ ਦੇ ਕਿਸੇ ਤਿਉਹਾਰ ਦੀ ਹੋ ਸਕਦੀ ਸੀ। ਦਲਿਤਾਂ ਨਾਲ਼ ਉਹਨਾਂ ਦਾ ਕੋਈ ਝਗੜਾ ਹੀ ਨਹੀਂ ਸੀ। ਫਿਰ ਉਹ ਬਾਬਾ ਸਾਹਿਬ ਨਾਲ਼ ਸੰਬੰਧਤ ਸ਼ੋਭਾ ਯਾਤਰਾ 'ਤੇ ਹਮਲਾ ਕਿਸ ਤਰ੍ਹਾਂ ਕਰ ਸਕਦੇ ਸਨ?

ਇਸ ਦਾ ਮਤਲਬ ਇਹੀ ਹੋਇਆ ਕਿ ਇਹ ਹਮਲਾ ਮੁਸਲਮਾਨਾਂ ਵੱਲੋਂ ਨਹੀਂ ਹੋਇਆ ਬਲਕਿ ਇੱਕ ਸਾਜ਼ਿਸ਼ ਦੇ ਅਧੀਨ ਜਾਣ-ਬੁੱਝ ਕੇ ਸ਼ਰਾਰਤੀ ਤੱਤਾਂ ਕੋਲ਼ੋਂ ਕਰਵਾਇਆ ਗਿਆ ਹੋ ਸਕਦਾ ਹੈ। ਇਤਿਹਾਸ ਫਰੋਲ ਕੇ ਦੇਖ ਲਵੋ ਆਪਣੇ ਵਿਰੋਧੀ ਨਾਲ਼ ਲੜਨ ਲਈ ਬ੍ਰਾਹਮਣ ਕਦੇ ਵੀ ਸਾਹਮਣੇ ਨਹੀਂ ਆਉਂਦਾ੍ਹ ਹਮੇਸ਼ਾ ਕਿਸੇ ਹੋਰ ਦੇ ਮੋਢੇ 'ਤੇ ਰੱਖ ਕੇ ਚਲਾਉਂਦਾ। ਇਸ ਲਈ 20 ਅਪ੍ਰੈਲ ਦੀ ਇਸ ਕਾਰਵਾਈ ਦੇ ਪਿੱਛੇ ਦਲਿਤਾਂ ਤੇ ਮੁਸਲਮਾਨਾਂ ਨੂੰ ਆਪਸ ਵਿੱਚ ਲੜਾਉਣ ਦੀ ਯੋਜਨਾ ਦਿਖਾਈ ਦਿੰਦੀ ਹੈ। ਮੁਸਲਿਮ ਵਰਗ ਦੇ ਲੋਕ ਸਵਰਨ ਹਿੰਦੂਆਂ ਖ਼ਾਸ ਕਰ ਆਰ.ਐਸ.ਐਸ. ਦੇ ਨਿਸ਼ਾਨੇ 'ਤੇ ਤਾਂ ਸਦਾ ਹੀ ਰਹਿੰਦੇ ਹਨ। ਇਸ ਵਾਰ ਦੀਆਂ ਚੋਣਾਂ ਵਿੱਚ ਦਲਿਤਾਂ ਅਤੇ ਮੁਸਲਮਾਨਾਂ ਦਾ ਆਪਸ ਵਿੱਚ ਗਠਜੋੜ ਸੀ। ਇਸ ਗਠਜੋੜ ਨੂੰ ਰਾਜਨੀਤਕ ਗਠਜੋੜ ਦੀ ਬਜਾਏ ਸਮਾਜਿਕ ਗਠਜੋੜ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਸੀ। ਸੰਭਾਵਨਾ ਸੀ ਕਿ ਆਉਣ ਵਾਲ਼ੇ ਸਮੇਂ ਵਿੱਚ ਵੀ ਇਹ ਸਮਾਜਿਕ ਗਠਜੋੜ ਕਾਇਮ ਰਹਿ ਸਕਦਾ ਹੈ। ਜੇਕਰ ਇਹ ਗਠਜੋੜ ਕਾਇਮ ਰਹਿੰਦਾ ਹੈ ਤਾਂ ਸੰਘੀਆਂ ਦੇ ਮੁਕਾਬਲੇ 'ਤੇ ਇੱਕ ਵੱਡੀ ਧਿਰ ਆ ਖਲੋਣ ਦੀ ਸੰਭਾਵਨਾ ਬਣਦੀ ਹੈ। ਇਸ ਲਈ ਇਹ ਗਠਜੋੜ ਸਵਰਨ ਹਿੰਦੂਆਂ ਲਈ ਭਵਿੱਖ ਵਿੱਚ ਖਤਰਨਾਕ ਸਾਬਤ ਹੋ ਸਕਦਾ ਹੈ। ਸੂਬੇ ਦਾ ਮੁੱਖ ਮੰਤਰੀ ਕੱਟੜ ਹਿੰਦੂਵਾਦੀ ਹੋਵੇ ਅਤੇ ਸਹਾਰਨਪੁਰ ਦਾ ਐਮ.ਪੀ. ਵੀ ਕੱਟੜ ਹਿੰਦੂਵਾਦੀ ਹੋਵੇ ਤਾਂ ਇਸ ਗਠਜੋੜ ਨੂੰ ਤੋੜਨ ਲਈ ਕੋਸ਼ਿਸ਼ਾਂ ਕਿਉਂ ਨਾ ਹੋਣਗੀਆਂ? ਇਸ ਲਈ ਸੰਘੀਆਂ ਵੱਲੋਂ ਗੁਪਤ ਤੌਰ 'ਤੇ ਦਲਿਤਾਂ ਤੇ ਮੁਸਲਮਾਨਾਂ ਨੂੰ ਲੜਾਉਣ ਦੀ ਯੋਜਨਾ ਬਣਾ ਲਈ ਗਈ। ਦੂਸਰੇ ਪਾਸੇ ਦਲਿਤ ਵੀ ਸਮਾਜਿਕ ਤੌਰ 'ਤੇ ਕੁੱਝ ਚੇਤਨ ਹੋਏ ਹਨ। ਉਹਨਾਂ ਨੇ ਭਾਜਪਾਈਆਂ ਦੀਆਂ ਗੱਲਾਂ ਵਿੱਚ ਆ ਕੇ ਮੁਸਲਮਾਨਾਂ ਨਾਲ਼ ਲੜਾਈ ਨਹੀਂ ਵਿੱਢੀ। ਇਸ ਤਰ੍ਹਾਂ ਠਾਕਰਾਂ ਦੇ ਝਾਂਸੇ ਵਿੱਚ ਨਾ ਆਉਣ ਕਾਰਨ ਦਲਿਤ ਵੀ ਠਾਕਰਾਂ ਦੀ ਨਿਗ੍ਹਾ ਵਿੱਚ ਦੁਸ਼ਮਣ ਬਣ ਗਏ।

ਇਸੇ ਤਰ੍ਹਾਂ ਦੀ ਦੂਸਰੀ ਘਟਨਾ 5 ਮਈ ਨੂੰ ਸਹਾਰਨਪੁਰ ਦੇ ਹੀ ਸ਼ੱਬੀਰਪੁਰ ਪਿੰਡ ਵਿੱਚ ਵਾਪਰੀ। ਸ਼ਿਮਲਾਨਾ ਪਿੰਡ ਵਿੱਚ ਠਾਕਰ ਜਾਤੀ ਵੱਲੋਂ ਮਹਾਰਾਣਾ ਪ੍ਰਤਾਪ ਦੀ ਜਯੰਤੀ ਮਨਾਈ ਗਈ ਤੇ ਮਨਾਹੀ ਦੇ ਬਾਵਜੂਦ ਸ਼ੋਭਾ ਯਾਤਰਾ ਕੱਢੀ ਗਈ। ਮੁੱਖ ਮੰਤਰੀ ਰਾਜਪੂਤ ਹੋਵੇ, ਸੂਬੇ ਦਾ ਡੀ.ਜੀ.ਪੀ. ਰਾਜਪੂਤ ਹੋਵੇ ਅਤੇ ਸਰਕਾਰ ਦੀ ਪੂਰੀ ਸ਼ਹਿ ਹੋਵੇ ਤਾਂ ਰਾਜਪੂਤਾਂ ਦਾ ਹੌਸਲੇ ਵਿੱਚ ਆਉਣਾ ਤਾਂ ਸੁਭਾਵਕ ਹੈ। ਉੱਤਰ ਪ੍ਰਦੇਸ਼ ਵਿੱਚ ਪਹਿਲਾਂ ਕਦੇ ਵੀ ਅਕਬਰ ਤੋਂ ਬੁਰੀ ਤਰ੍ਹਾਂ ਨਾਲ਼ ਹਾਰ ਕੇ ਦਰ-ਦਰ ਭਟਕਦਿਆਂ ਹੀ ਮਰ ਜਾਣ ਵਾਲ਼ੇ ਮਹਾਰਾਣਾ ਪ੍ਰਤਾਪ ਨੂੰ ਯਾਦ ਨਹੀਂ ਕੀਤਾ ਗਿਆ। ਪਰ ਇਸ ਵਾਰ ਰਾਜਪੂਤਾਂ ਦੀ ਸਰਕਾਰ ਹੋਣ ਕਰਕੇ ਮਹਾਰਾਣਾ ਪ੍ਰਤਾਪ ਦੀ ਪਹਿਲੀ ਵਾਰ ਜਯੰਤੀ ਮਨਾਈ ਗਈ। ਇਸ ਸਮੇਂ ਫੂਲਨ ਦੇਵੀ ਨੂੰ ਦਿੱਲੀ ਵਿਖੇ ਉਸ ਦੀ ਰਿਹਾਇਸ਼ 'ਤੇ ਗੋਲ਼ੀਆਂ ਮਾਰ ਕੇ ਮਾਰਨ ਅਤੇ ਬੇਹਮਈ ਵਿੱਚ ਫੂਲਨ ਦੇਵੀ ਹੱਥੋਂ ਮਾਰੇ ਜਾਣ ਵਾਲ਼ੇ 22 ਠਾਕਰਾਂ ਦੇ ਕਤਲ ਦਾ ਬਦਲਾ ਲੈਣ ਦੀ ਗੱਲ ਆਖਣ ਵਾਲ਼ੇ ਸ਼ੇਰ ਸਿੰਘ ਰਾਣਾ ਨੂੰ ਬੁਲਾਇਆ ਗਿਆ ਸੀ। ਅਜਿਹੇ ਮੌਕੇ ਉਸ ਦੀ ਆਮਦ ਹੀ ਰਾਜਪੂਤਾਂ ਵਿੱਚ ਜੋਸ਼ ਭਰਨ ਲਈ ਕਾਫ਼ੀ ਸੀ। ਇਸ ਲਈ ਭਾਜਪਾ ਨੇਤਾਵਾਂ ਵੱਲੋਂ ਉਸ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ। ਮਹਾਰਾਣਾ ਪ੍ਰਤਾਪ ਦੀ ਸ਼ੋਭਾ ਯਾਤਰਾ ਸ਼ੁਰੂ ਹੋਈ। ਤਲਵਾਰਾਂ ਨਾਲ਼ ਲੈਸ ਰਾਜਪੂਤ ਨੌਜਵਾਨ ਉੱਚੀ ਉੱਚੀ ਮਹਾਰਾਣਾ ਪ੍ਰਤਾਪ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ਼ਲਾ ਰਹੇ ਸਨ।

ਜਦੋਂ ਇਹ ਸ਼ੋਭਾ ਯਾਤਰਾ ਸ਼ੱਬੀਰਪੁਰ ਦੀ ਦਲਿਤ ਬਸਤੀ ਕੋਲ਼ ਪਹੁੰਚੀ ਤਾਂ ਦਲਿਤਾਂ ਨੇ ਉਹਨਾਂ ਨੂੰ ਸਪੀਕਰ ਦੀ ਅਵਾਜ਼ ਘੱਟ ਕਰਨ ਲਈ ਕਿਹਾ ਕਿਉਂਕਿ ਪਹਿਲਾਂ ਬਾਬਾ ਸਾਹਿਬ ਦੀ ਜਯੰਤੀ ਸਮੇਂ ਉਹਨਾਂ ਨੂੰ ਰਾਜਪੂਤਾਂ ਨੇ ਅਵਾਜ਼ ਘੱਟ ਕਰਨ ਲਈ ਮਜ਼ਬੂਰ ਕੀਤਾ ਸੀ। ਪਰ ਪਹਿਲਾਂ ਤੋਂ ਹੀ ਲੜਾਈ ਕਰਨ ਦੀ ਧਾਰ ਕੇ ਆਏ ਰਾਜਪੂਤਾਂ ਨੇ ਆਪਣੀ ਜਾਤੀ ਹੈਂਕੜ ਦਿਖਾਉਂਦਿਆ੍ਹਂਲਿਤਾਂ ਦੇ ਵਿਰੁੱਧ ਬੋਲਿਆ ਅਤੇ ਬਾਬਾ ਸਾਹਿਬ ਅੰਬੇਡਕਰ ਮੁਰਦਾਬਾਦ ਦੇ ਨਾਅਰੇ ਲਾਏ। ਦਲਿਤਾਂ ਨੇ ਇਸ 'ਤੇ ਇਤਰਾਜ਼ ਕੀਤਾ ਅਤੇ ਪੱਥਰਬਾਜ਼ੀ ਸ਼ੁਰੂ ਹੋ ਗਈ। ਜਿਸ ਕਾਰਨ ਭਗਦੜ ਮੱਚ ਗਈ। ਇਸ ਭਗਦੜ ਵਿੱਚ ਲਾਗਲੇ ਪਿੰਡ ਰਸੂਲਪੁਰ ਦੇ ਸੁਮਿਤ ਨਾਮਕ ਇੱਕ ਰਾਜਪੂਤ ਨੌਜਵਾਨ ਦੀ ਨਾਨੌਤਾ ਦੇ ਸਰਕਾਰੀ ਹਸਪਤਾਲ਼ ਵਿੱਚ ਜਾ ਕੇ ਮੌਤ ਹੋ ਗਈ। ਡਾਕਟਰਾਂ ਅਨੁਸਾਰ ਇਸ ਦੀ ਮੌਤ ਦਮ ਘੁਟਣ ਕਾਰਨ ਹੋਈ ਸੀ। ਉਸ ਦੇ ਸਰੀਰ 'ਤੇ ਕੋਈ ਚੋਟ ਦਾ ਨਿਸ਼ਾਨ ਵੀ ਨਹੀਂ ਸੀ। ਘਟਨਾ ਪਿੱਛੋਂ ਰਾਜਪੂਤਾਂ ਨੇ ਸੁਨੇਹੇ ਭੇਜ ਕੇ ਹੋਰ ਨੌਜਵਾਨ ਵੀ ਬੁਲਾ ਲਏ। ਇਸ ਤੋਂ ਬਾਅਦ ਲਾਗਲੇ ਪਿੰਡਾਂ ਤੋਂ ਚਾਰ-ਪੰਜ ਹਜ਼ਾਰ ਦੇ ਕਰੀਬ ਰਾਜਪੂਤ ਨੌਜਵਾਨ ਬਦਲਾ ਲੈਣ ਦੇ ਮਕਸਦ ਨਾਲ਼ ਆ ਧਮਕੇ। ਤਲਵਾਰਾਂ ਨਾਲ਼ ਲੈਸ ਠਾਕਰ ਨੌਜਵਾਨਾਂ ਨੇ ਉਹਨਾਂ ਦੇ ਸਾਹਮਣੇ ਆਉਣ ਵਾਲ਼ੇ ਹਰ ਇੱਕ ਵਿਅਕਤੀ ਨੂੰ ਮਾਰਿਆ ਕੁੱਟਿਆ। ਕਈਆਂ ਦੀਆਂ ਲੱਤਾਂ-ਬਾਹਾਂ ਵੱਢ ਦਿੱਤੀਆਂ ਗਈਆਂ। 16 ਵਿਅਕਤੀ ਗੰਭੀਰ ਰੂਪ ਵਿੱਚ ਜਖ਼ਮੀ ਹੋਏ। ਲੋਕਾਂ ਦੇ ਘਰਾਂ ਨੂੰ ਅੱਗਾਂ ਵੀ ਲਗਾਈਆਂ ਗਈਆਂ। ਤਕਰੀਬਨ 40-45 ਘਰ ਫੂਕੇ ਜਾਣ ਦੀ ਖ਼ਬਰ ਹੈ। ਘਰਾਂ ਵਿੱਚ ਰੱਖੇ ਸਮਾਨ ਟੀ.ਵੀ., ਫਰਿੱਜ, ਸਕੂਟਰ ਮੋਟਰ ਸਾਇਕਲ ਆਦਿ ਦੀ ਭੰਨ-ਤੋੜ ਵੀ ਕੀਤੀ ਗਈ। ਕਾਫ਼ੀ ਸਮਾਨ ਅੱਗ ਨਾਲ਼ ਸੜ ਗਿਆ। ਇਸਦੇ ਨਾਲ਼ ਹੀ ਗੁਰੂ ਰਵਿਦਾਸ ਦੀ ਮੂਰਤੀ ਨੂੰ ਨੁਕਸਾਨ ਪਹੁੰਚਾਇਆ ਅਤੇ ਦਲਿਤ ਲੋਕਾਂ ਅਨੁਸਾਰ ਪਿਸ਼ਾਬ ਕਰਕੇ ਅਪਵਿੱਤਰ ਵੀ ਕੀਤਾ ਗਿਆ। ਇਸ ਮੂਰਤੀ ਦੇ ਲਾਏ ਜਾਣ ਤੋਂ ਹੀ ਪਿੰਡ ਦੇ ਠਾਕਰ ਸਖ਼ਤ ਨਰਾਜ਼ ਸਨ। ਪਰ ਪਿੰਡ ਵਿੱਚ ਉਹਨਾਂ ਦੀ ਅਬਾਦੀ ਘੱਟ ਹੋਣ ਕਾਰਨ ਉਹ ਕੁੱਝ ਕਰ ਨਹੀਂ ਸਕੇ ਸਨ। ਇਹ ਤਾਂਡਵ ਪੰਜ ਘੰਟੇ ਤੱਕ ਚੱਲਦਾ ਰਿਹਾ। ਠਾਕਰਾਂ ਦੀ ਇਸ ਗੁੰਡਾਗਰਦੀ ਸਮੇਂ ਪੁਲਿਸ ਖੜ੍ਹੀ ਤਮਾਸ਼ਾ ਦੇਖਦੀ ਰਹੀ। ਉਸਨੇ ਗੁੰਡਾਗਰਦੀ ਕਰ ਰਹੇ ਠਾਕਰ ਨੌਜਵਾਨਾਂ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।

ਸ਼ਾਇਦ ਸ਼ਾਸਨ ਵੱਲੋਂ ਉਹਨਾਂ ਨੂੰ ਚੁੱਪ ਰਹਿਣ ਦੀ ਹੀ ਹਦਾਇਤ ਸੀ। ਚਸ਼ਮਦੀਦ ਗਵਾਹਾਂ ਅਨੁਸਾਰ ਇਸ ਸਮੇਂ ਦੇਵਬੰਦ ਦਾ ਭਾਜਪਾ ਵਿਧਾਇਕ ਬ੍ਰਿਜੇਸ਼ ਸਿੰਘ ਵੀ ਮੌਜੂਦ ਸੀ। ਸ਼ਾਇਦ ਉਸ ਨੇ ਠਾਕਰ ਹੋਣ ਕਰਕੇ ਆਪਣਾ ਜਾਤੀ ਫ਼ਰਜ਼ ਨਿਭਾਇਆ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਵਿੱਚ ਪਿੰਡ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਤਾਇਨਾਤ ਕੀਤੀ ਪੁਲਿਸ ਦਾ ਇੱਕ ਸਿਪਾਹੀ ਸ਼ਰਾਬੀ ਹੋਇਆ ਦਲਿਤਾਂ ਦੀਆਂ ਧੀਆਂ-ਭੈਣਾਂ ਨੂੰ ਗਾਲ਼ਾਂ ਦਿੰਦਾ ਰਿਹਾ ਅਤੇ ਖੁਦ ਨੂੰ ਦਲਿਤਾਂ ਦਾ ਭਣੋਈਆ ਦੱਸਦਾ ਰਿਹਾ ਹੈ। ਸਪੱਸ਼ਟ ਹੈ ਕਿ ਸਰਕਾਰ ਦੀ ਸ਼ਹਿ 'ਤੇ ਪ੍ਰਸ਼ਾਸਨ ਦੀ ਮੱਦਦ ਨਾਲ਼ ਦਲਿਤਾਂ ਦੇ ਖ਼ਿਲਾਫ਼ ਕਿੜ ਕੱਢਣ ਦੀ ਕੋਸ਼ਿਸ ਕੀਤੀ ਗਈ।

ਫਿਰ ਇਸ ਘਟਨਾ ਦਾ ਪਤਾ ਉੱਥੇ ਕੁੱਝ ਸਮੇਂ ਤੋਂ ਸਰਗਰਮ 'ਭੀਮ ਆਰਮੀ' ਦੇ ਕਾਰਕੁੰਨਾਂ ਨੂੰ ਲੱਗਿਆ ਤਾਂ ਉਹਨਾਂ ਨੇ 9 ਮਈ ਨੂੰ ਗਾਂਧੀ ਪਾਰਕ ਵਿਖੇ ਮਹਾਂ-ਪੰਚਾਇਤ ਰੱਖ ਲਈ। ਪ੍ਰਸ਼ਾਸਨ ਨੇ ਮਹਾਂ-ਪੰਚਾਇਤ ਦੀ ਇਜਾਜ਼ਤ ਨਹੀਂ ਦਿੱਤੀ। ਫਿਰ ਵੀ ਇਸ ਵਿੱਚ ਕੁੱਝ ਵਿਅਕਤੀ ਬਿਨਾ ਇਜਾਜ਼ਤ ਦੇ ਹੀ ਗਾਂਧੀ ਪਾਰਕ ਵਿੱਚ ਪਹੁੰਚ ਗਏ। ਪੁਲਿਸ ਨੂੰ ਇਸ ਧਰਨਾ ਪ੍ਰਦਰਸ਼ਨ ਦਾ ਪਤਾ ਲੱਗਿਆ ਤਾਂ ਉਸਨੇ ਛਾਪਾ ਮਾਰ ਕੇ ਕਈ ਨੌਜਵਾਨਾਂ ਨੂੰ ਫੜ ਲਿਆ। ਕੁੱਝ ਵਿਅਕਤੀਆਂ ਨੇ ਇਹਨਾਂ ਗ੍ਰਿਫਤਾਰੀਆਂ ਸੰਬੰਧੀ ਮੈਸਜ ਸੋਸ਼ਲ ਮੀਡੀਆ 'ਤੇ ਪਾ ਦਿੱਤਾ। ਬੜੀ ਤੇਜ਼ੀ ਨਾਲ਼ ਇਹ ਮੈਸਜ ਭੀਮ ਆਰਮੀ ਦੇ ਕਾਰਕੁੰਨਾਂ ਅਤੇ ਹੋਰ ਨੌਜਵਾਨਾਂ ਵਿੱਚ ਫੈਲ ਗਿਆ। ਇਸ 'ਤੇ ਭੀਮ ਆਰਮੀ ਦੇ ਨੌਜਵਾਨ ਵੱਡੀ ਗਿਣਤੀ ਵਿੱਚ ਗਾਂਧੀ ਪਾਰਕ ਵੱਲ ਚੱਲ ਪਏ। ਇਹਨਾਂ ਨੌਜਵਾਨਾਂ ਨੇ ਗੁੱਸੇ ਵਿੱਚ ਆ ਕੇ ਪੁਲਿਸ ਨੂੰ ਰਾਜਪੂਤਾਂ ਜਿਹਾ ਹੀ ਜਵਾਬ ਦਿੱਤਾ। ਪੀੜਤ ਦਲਿਤਾਂ ਖ਼ਿਲਾਫ ਹੀ ਕਾਰਵਾਈ ਕਰਨ ਵਾਲ਼ੇ ਪੁਲਿਸ ਮੁਲਾਜ਼ਮਾਂ ਨੂੰ ਰੋਹ ਵਿੱਚ ਆਏ ਨੌਜਵਾਨਾਂ ਵੱਲੋਂ ਭਜਾ ਭਜਾ ਕੇ ਕੁੱਟਿਆ ਗਿਆ। ਪੁਲਿਸ ਅਧਿਕਾਰੀਆਂ ਨੇ ਭੱਜ ਕੇ ਜਾਨ ਬਚਾਈ। ਪੁਲਿਸ ਚੌਕੀ ਨੂੰ ਅੱਗ ਲਗਾ ਕੇ ਸਾੜ ਦਿੱਤਾ ਗਿਆ। ਪੁਲਿਸ ਦੇ ਨਾਲ਼ ਹੀ ਮੀਡੀਆ ਦੀਆਂ ਗੱਡੀਆਂ ਵੀ ਦਲਿਤ ਨੌਜਵਾਨਾਂ ਦੇ ਗੁੱਸੇ ਦਾ ਨਿਸ਼ਾਨਾ ਬਣੀਆਂ।

ਹਾਲਾਤ ਕੁੱਝ ਨਾਰਮਲ ਹੋ ਰਹੇ ਸਨ ਪਰ ਦਲਿਤਾਂ ਦਾ ਗੁੱਸਾ ਅਜੇ ਸ਼ਾਂਤ ਨਹੀਂ ਸੀ ਹੋਇਆ। ਉਹਨਾਂ ਵਿੱਚ ਇਸ ਗੱਲ ਦਾ ਜ਼ਿਆਦਾ ਗੁੱਸਾ ਪਾਇਆ ਜਾ ਰਿਹਾ ਸੀ ਕਿ ਇੰਨੀ ਵੱਡੀ ਘਟਨਾ ਵਾਪਰ ਜਾਣ ਦੇ ਬਾਵਜੂਦ ਸਹਾਰਨਪੁਰ ਦੇ ਹਾਲਾਤ ਜਾਨਣ ਲਈ ਡੀ.ਜੀ.ਪੀ. ਸੁਲਖਾਨ ਸਿੰਘ ਅਤੇ ਪ੍ਰਮੁੱਖ ਸਕੱਤਰ ਗ੍ਰਹਿ ਦੇਵਾਸ਼ੀਸ਼ ਸਹਾਰਨਪੁਰ ਪਹੁੰਚੇ ਅਤੇ ਉਹਨਾਂ ਨੇ ਸਰਕਿਟ ਹਾਊਸ ਵਿੱਚ ਅਧਿਕਾਰੀਆਂ ਨਾਲ਼ ਬੈਠ ਕੇ ਘਟਨਾ ਦੀ ਜਾਣਕਾਰੀ ਲਈ। ਪਰ ਇਹਨਾਂ ਵਿੱਚੋਂ ਕੋਈ ਵੀ ਅਧਿਕਾਰੀ ਘਟਨਾ ਵਾਲ਼ੇ ਸਥਾਨ ਤੱਕ ਨਹੀਂ ਗਿਆ। ਨਾ ਹੀ ਕਿਸੇ ਧਿਰ ਨੂੰ ਕੋਈ ਅਧਿਕਾਰੀ ਮਿਲਿਆ। ਦਲਿਤਾਂ ਵਿੱਚ ਪਣਪੇ ਗੁੱਸੇ ਕਾਰਣ ਹੀ 21 ਮਈ ਨੂੰ ਦਿੱਲੀ ਵਿੱਚ ਕੀਤੇ ਇਕੱਠ ਵਿੱਚ ਭਾਰੀ ਗਿਣਤੀ ਵਿੱਚ ਸਮੁੱਚੇ ਦੇਸ਼ 'ਚੋਂ ਲੋਕ ਪਹੁੰਚੇ।

ਅਗਲਾ ਮਾਮਲਾ ਇਹ ਹੈ ਕਿ ਪੁਲਿਸ ਨੇ ਮਹਾਰਾਣਾ ਪ੍ਰਤਾਪ ਭਵਨ ਵਿੱਚ ਤੋੜਫੋੜ ਤੇ ਅੱਗਜਨੀ ਕਰਨ ਦੇ ਸੰਬੰਧ ਵਿੱਚ ਬਸਪਾ ਦੇ ਸਾਬਕਾ ਵਿਧਾਇਕ ਰਵਿੰਦਰ ਮੋਲਹੂ ਅਤੇ ਭੀਮ ਆਰਮੀ ਦੇ ਪ੍ਰਧਾਨ ਚੰਦਰ ਸ਼ੇਖਰ ਅਜ਼ਾਦ ਨੂੰ ਕੇਸ ਵਿੱਚ ਨਾਮਜ਼ਦ ਕਰ ਲਿਆ ਹੈ। ਬਸਪਾ ਦੇ ਸਾਬਕਾ ਵਿਧਾਇਕ ਦੇ ਖ਼ਿਲਾਫ਼ ਠਾਕਰ ਸਮਾਜ ਦੇ ਰਾਮਭੂਲ ਸਿੰਘ ਨੇ ਮੁਕੱਦਮਾ ਦਰਜ ਕਰਵਾਇਆ ਹੈ ਕਿ ਉਸ ਨੇ ਭੀੜ ਨੂੰ ਉਕਸਾ ਕੇ ਅੱਗਜਨੀ ਤੇ ਤੋੜ-ਫੋੜ ਕਰਵਾਈ। ਕਰੀਬ 18 ਮੁਕੱਦਮੇ ਦਰਜ ਕੀਤੇ ਗਏ ਸਨ। ਆਈ.ਜੀ. ਜੋਨ ਅਜੈ ਆਨੰਦ ਨੇ ਕਿਹਾ ਕਿ ਅਰੋਪੀਆਂ 'ਤੇ ਰਾਸੁਕਾ (ਰਾਸ਼ਟਰੀ ਸੁਰੱਖਿਆ ਕਾਨੂੰਨ) ਲਾਇਆ ਜਾਵੇਗਾ। ਕਈ ਵਿਅਕਤੀ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਹੋਰ ਗ੍ਰਿਫਤਾਰੀਆਂ ਵੀ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਤੋਂ ਅਗਲਾ ਕਦਮ ਜੋ ਦਿਸਿਆ ਉਹ ਸੀ 23 ਮਈ ਨੂੰ ਬਸਪਾ ਸੁਪਰੀਮੋ ਭੈਣ ਮਾਇਆਵਤੀ ਦੁਆਰਾ ਸ਼ੱਬੀਰਪੁਰ ਵਿੱਚ ਪੀੜਤ ਦਲਿਤਾਂ ਨੂੰ ਮਿਲਣ ਤੋਂ ਰੋਕਣ ਦਾ ਯਤਨ। ਸਰਕਾਰ ਨੇ ਉਹਨਾਂ ਦੇ ਹੈਲੀਕਾਪਟਰ ਨੂੰ ਲੈਂਡ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਸਰਕਾਰ ਦੀ ਇੱਛਾ ਸਪੱਸ਼ਟ ਸੀ ਕਿ ਦਲਿਤਾਂ ਨੂੰ ਮਾਨਸਿਕ ਤੌਰ 'ਤੇ ਇੰਨਾ ਤੋੜ ਦਿੱਤਾ ਜਾਵੇ ਕਿ ਉਹ ਮੁੜ ਕੇ ਸਿਰ ਨਾ ਚੁੱਕ ਸਕਣ। ਫਿਰ ਵੀ ਬਸਪਾ ਸੁਪਰੀਮੋ ਪੀੜਤ ਦਲਿਤ ਪਰਿਵਾਰਾਂ ਨੂੰ ਮਿਲੀ ਅਤੇ ਉਹਨਾਂ ਨੂੰ ਹੌਸਲਾ ਅਤੇ ਆਰਥਿਕ ਸਹਾਇਤਾ ਵੀ ਦਿੱਤੀ। ਪਰ ਉਸ ਦੇ ਜਾਣ ਦੀ ਦੇਰ ਸੀ ਕਿ ਰਾਜਪੂਤਾਂ ਨੇ ਵਾਪਸ ਜਾ ਰਹੀਆਂ ਗੱਡੀਆਂ 'ਤੇ ਚੰਦਪੁਰ ਪਿੰਡ ਕੋਲ਼ ਹਮਲੇ ਕੀਤੇ ਗਏ। ਇੱਕ ਵਿਅਕਤੀ ਨੂੰ ਗੋਲ਼ੀ ਮਾਰ ਦਿੱਤੀ ਤੇ ਦੋ ਵਿਅਕਤੀਆਂ ਨੂੰ ਤਲਵਾਰਾਂ ਨਾਲ਼ ਵੱਢ ਦਿੱਤਾ ਗਿਆ। ਇੱਕ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਈ ਜਖ਼ਮੀ ਹੋਏ।

ਲਗਾਤਾਰ ਹੋ ਰਹੀਆਂ ਇਹਨਾਂ ਜਾਤੀਵਾਦੀ ਕਾਰਵਾਈਆਂ ਨਾਲ਼ ਦਲਿਤ ਨੌਜਵਾਨਾਂ ਵਿੱਚ ਵੀ ਲਗਾਤਾਰ ਗੁੱਸਾ ਪੈਦਾ ਹੋ ਰਿਹਾ ਹੈ। ਉਹ ਵੀ ਕੁੱਝ ਕਰਨ ਲਈ ਕਾਹ਼ਲੇ ਹਨ ਤੇ ਜਾਤੀਵਾਦੀ ਹਿੰਦੂ ਅੱਤਵਾਦੀਆਂ ਨੂੰ ਮੋੜਵਾਂ ਉੱਤਰ ਦੇਣਾ ਚਾਹੁੰਦੇ ਹਨ। ਭੀਮ ਆਰਮੀ ਜਿਹੇ ਸੰਗਠਨ ਵਿੱਚ ਉਹਨਾਂ ਨੂੰ ਆਪਣਾ ਭਵਿੱਖ ਨਜ਼ਰ ਆਉਣ ਲੱਗਾ ਹੈ। ਪਰ ਸਭ ਤੋਂ ਖਤਰਨਾਕ ਗੱਲ ਜੋ ਦਿਖਦੀ ਹੈ ਉਹ ਹੈ ਪ੍ਰਸ਼ਾਸਨ ਦੁਆਰਾ ਭੀਮ ਆਰਮੀ ਨੂੰ ਲਗਾਮ ਲਾਉਣ ਦੀ ਆੜ੍ਹ ਵਿੱਚ ਦਲਿਤ ਨੌਜਵਾਨਾਂ ਦਾ ਘਾਣ ਕਰਨ ਦੀ ਯੋਜਨਾ ਦੀ ਕਨਸੋਅ। ਅਖਿਲ ਭਾਰਤੀ ਕਸ਼ੱਤਰੀ ਮਹਾਂਸਭਾ ਨੇ ਭੀਮ ਆਰਮੀ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਸ਼ਾਸਨ ਸਹਾਰਨਪੁਰ ਦੀ ਇਸ ਘਟਨਾ ਪਿੱਛੇ ਨਕਸਲੀਆਂ ਦੇ ਹੱਥ ਦੀ ਸੰਭਾਵਨਾ ਤਲਾਸ਼ ਰਿਹਾ ਹੈ। ਸਹਾਰਨਪੁਰ ਦੇ ਐਸ.ਐਸ.ਪੀ. ਪ੍ਰਬਲ ਪ੍ਰਤਾਪ ਸਿੰਘ ਦਾ ਵੀ ਕਹਿਣਾ ਹੈ ਕਿ ਭੀਮ ਆਰਮੀ ਦੀ ਸ਼ੈਲੀ ਬਿਲਕੁਲ ਨਕਸਲੀਆਂ ਵਾਲ਼ੀ ਹੈ। ਇਹ ਸਦਾ ਤੋਂ ਬ੍ਰਾਹਮਣਵਾਦੀ ਲੋਕਾਂ ਦੀ ਖ਼ਾਸੀਅਤ ਰਹੀ ਹੈ ਕਿ ਉਹ ਕਿਸੇ ਵੀ ਘਟਨਾ ਨੂੰ ਆਪਣੇ ਮਨਪਸੰਦ ਅੰਦਾਜ਼ ਵਿੱਚ ਮੋੜਨ ਦੀ ਜੁਗਤ ਜਾਣਦੇ ਹਨ। ਡਰ ਹੈ ਕਿ ਭੀਮ ਆਰਮੀ ਦੇ ਨੌਜਵਾਨਾਂ ਦਾ ਸੰਬੰਧ ਨਕਸਲੀਆਂ ਨਾਲ਼ ਜੋੜ ਕੇ ਨੌਜਵਾਨਾਂ ਨੂੰ ਬਰਬਾਦ ਕਰ ਦੇਣ ਦਾ ਦੌਰ ਵੀ ਸ਼ੁਰੂ ਕੀਤਾ ਜਾ ਸਕਦਾ ਹੈ। ਪ੍ਰਸ਼ਾਸਨ ਨੇ ਭੀਮ ਆਰਮੀ ਦੇ ਮੈਂਬਰਾਂ ਦੇ ਬੈਂਕ ਖਾਤੇ ਸੀਲ ਕਰਵਾ ਦਿੱਤੇ ਤਾਂ ਜੋ ਉਹ ਆਰਥਿਕ ਮਜ਼ਬੂਰੀਆਂ ਵਿੱਚ ਝੁਕ ਜਾਣ। ਸੰਭਾਵਨਾ ਪ੍ਰਗਟਾਈ ਜਾ ਸਕਦੀ ਹੈ ਕਿ ਅਗਲੇ ਕੁੱਝ ਦਿਨਾਂ ਵਿੱਚ ਗਰਮ ਮਿਜਾਜ਼ ਵਾਲ਼ੇ ਦਲਿਤ ਨੌਜਵਾਨਾਂ ਨੂੰ ਨਕਸਲੀ ਕਹਿ ਕੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਵੀ ਜਾ ਸਕਦਾ ਹੈ। ਭਾਵੇਂ ਉਹ ਭੀਮ ਆਰਮੀ ਨਾਲ਼ ਸੰਬੰਧਤ ਨਾ ਵੀ ਹੋਣ। ਇਸ ਤਰ੍ਹਾਂ ਦਲਿਤ ਨੌਜਵਾਨਾਂ ਨੂੰ ਦੇਸ਼ ਧਰੋਹੀ ਗਰਦਾਨ ਕੇ ਮਾਰਿਆ ਅਤੇ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਘਰੋਂ ਭੱਜਣ ਲਈ ਵੀ ਮਜ਼ਬੂਰ ਕੀਤਾ ਜਾ ਸਕਦਾ ਹੈ। ਦੋਵੇਂ ਪ੍ਰਸਥਿਤੀਆਂ ਸਾਡੇ ਸਮਾਜਿਕ ਸੰਘਰਸ਼ ਲਈ ਖਤਰਨਾਕ ਹਨ। ਇਸ ਤਰ੍ਹਾਂ ਦੀ ਸਥਿਤੀ ਤੋਂ ਬਚਾਅ ਕੀਤਾ ਜਾਣਾ ਬੇਹੱਦ ਜ਼ਰੂਰੀ ਹੈ।

ਜਦੋਂ ਵਿਰੋਧੀ ਸਿਰ ਚੜ੍ਹ ਕੇ ਬੋਲ ਰਿਹਾ ਹੋਵੇ ਅਜਿਹੀ ਸਥਿਤੀ ਵਿੱਚ ਚੁੱਪ ਕਰਕੇ ਬੈਠੇ ਰਹਿਣਾ ਵੀ ਠੀਕ ਨਹੀਂ ਹੁੰਦਾ। ਪਰ ਕਾਹ਼ਲੀ ਵਿੱਚ ਉਠਾਇਆ ਗਲਤ ਕਦਮ ਖਤਰਨਾਕ ਵੀ ਹੋ ਸਕਦਾ ਹੈ। ਇਸ ਲਈ ਪਹਿਲਾਂ ਤਾਂ ਸਮੁੱਚੇ ਦਲਿਤ ਪਛੜੇ ਖ਼ੁਦ ਨੂੰ ਹਿੰਦੂ ਮੰਨਣਾ ਤੇ ਕਹਿਣਾ ਛੱਡ ਦੇਣ। ਭੀਮ ਆਰਮੀ ਦੇ ਨੌਜਵਾਨਾਂ ਨੇ ਬ੍ਰਾਹਮਣ ਦੀ ਗੁਲਾਮੀ ਦੀ ਨਿਸ਼ਾਨੀ ਵਜੋਂ ਗੁੱਟਾਂ 'ਤੇ ਬੰਨ੍ਹਾਇਆ ਲਾਲ ਧਾਗਾ ਸਮੂਹਿਕ ਰੂਪ ਵਿੱਚ ਕਟਵਾ ਕੇ ਬ੍ਰਾਹਮਣ ਅਤੇ ਉਸਦੇ ਧਰਮ ਦੇ ਵਿਰੋਧ ਦੀ ਚੰਗੀ ਸ਼ੁਰੂਆਤ ਕੀਤੀ ਹੈ। ਰਾਜਪੂਤ ਕਦੇ ਯੋਧੇ ਨਹੀਂ ਰਹੇ ਸਗੋਂ ਨਿਰਦਈ ਰਹੇ ਹਨ। ਜੇਕਰ ਇਹ ਇੰਨੇ ਹੀ ਯੋਧੇ ਹੁੰਦੇ ਤਾਂ 1192 ਵਿੱਚ ਅੱਜ ਤੋਂ 825 ਸਾਲ ਪਹਿਲਾਂ ਮੁਹੰਮਦ ਗੌਰੀ ਵੱਲੋਂ ਇਹਨਾਂ ਦੇ ਮਹਾਨ ਸ਼ਾਸਕ ਪ੍ਰਿਥਵੀ ਰਾਜ ਚੌਹਾਨ ਦਾ ਕੱਟ ਕੇ ਅਫਗਾਨਿਸਤਾਨ ਲਿਜਾਇਆ ਗਿਆ ਸਿਰ ਹੀ ਵਾਪਸ ਲੈ ਆਉਂਦੇ। ਇਹ ਲੋਕ ਰਾਜ ਸੱਤਾ ਦੇ ਸਿਰ 'ਤੇ ਜ਼ੁਲਮ ਕਰਨ ਵਾਲ਼ੇ ਲੋਕ ਹਨ। ਜਦੋਂ ਹੀ ਇਹਨਾਂ ਨੂੰ ਗ਼ੁਲਾਮ ਵਜੋਂ ਅਛੂਤ/ਸ਼ੂਦਰ ਸੇਵਾਦਾਰ ਦੇ ਤੌਰ 'ਤੇ ਮਿਲਣੋ ਹਟ ਗਏ ਇਹਨਾਂ ਦੀ ਨਾਨੀ ਚੇਤੇ ਆ ਜਾਵੇਗੀ।



3 ਮਈ 2017 ਦੀ ਰਾਤ ਨੂੰ ਸਾਹਿਬ ਕਾਂਸ਼ੀ ਰਾਮ ਪਾਰਕ ਜੇਲ੍ਹ ਰੋਡ ਲਖਨਊ ਪੂਰੇ ਦਾ ਪੂਰਾ ਸਾੜ ਦਿੱਤਾ ਗਿਆ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

### 9 ਜੂਨ ਨੂੰ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਸੰਤ ਕਬੀਰ ਨੂੰ ਪੂਜਣ ਦੀ ਬਜਾਏ ਮੰਨਿਆ ਜਾਵੇ



ਦਰਸ਼ਨ ਸਿੰਘ ਬਾਜਵਾ
98783-83053

ਜਦੋਂ ਤੋਂ ਭਾਰਤ ਵਿੱਚ ਮਾਨਵਵਾਦੀ ਸਮਾਜਿਕ ਪ੍ਰਬੰਧ ਸਮਾਪਤ ਹੋ ਕੇ ਮਨੂੰ ਸਿੰਮ੍ਰਤੀ ਦਾ ਸੰਵਿਧਾਨ ਲਾਗੂ ਹੋਇਆ ਹੈ ਉਦੋਂ ਤੋਂ ਹੀ ਇਸ ਪ੍ਰਬੰਧ ਦੇ ਖਿਲਾਫ਼ ਅਵਾਜ਼ਾਂ ਵੀ ਉੱਠਦੀਆਂ ਰਹੀਆਂ ਹਨ। ਮੁਸਲਿਮ ਰਾਜ ਸਮੇਂ ਜਦੋਂ ਸਮਾਜਿਕ ਪ੍ਰਬੰਧ ਕੁੱਝ ਕੁ ਮੋਕਲ਼ਾ ਹੋਇਆ ਤਾਂ ਬਨਾਰਸ ਵਿੱਚੋਂ ਸੰਤ ਕਬੀਰ ਜੀ ਨੇ ਵੀ ਬ੍ਰਾਹਮਣਵਾਦ ਦੇ ਖ਼ਿਲਾਫ਼ ਆਪਣੀ ਆਵਾਜ਼ ਉਠਾਈ। ਉਹਨਾਂ ਨੇ ਸੰਘਰਸ਼ ਦਾ ਐਸਾ ਬਿਗ਼ਲ ਵਜਾਇਆ ਜਿਹੜਾ ਇੱਕ ਇਤਿਹਾਸ ਹੋ ਨਿੱਬੜਿਆ। ਕਬੀਰ ਸਾਹਿਬ ਨੇ ਆਪਣੀ ਬਾਣੀ ਰਾਹੀਂ ਇਸ ਢੰਗ ਨਾ਼ਲ ਬ੍ਰਾਹਮਣਵਾਦ ਦੇ ਬਖੀਏ ਉਧੇੜੇ ਕਿ ਬ੍ਰਾਹਮਣਵਾਦੀਆਂ ਨੂੰ ਲੁਕਣ ਲਈ ਜਗ੍ਹਾ ਮਿਲਣੀ ਮੁਸ਼ਕਲ ਹੋ ਗਈ। ਅੱਜ ਵੀ ਬੁੱਧੀਜੀਵੀਆਂ ਵੱਲੋਂ ਕਬੀਰ ਸਾਹਿਬ ਨੂੰ ਉਹਨਾਂ ਦੀ ਬੇਵਾਕੀ ਲਈ ਯਾਦ ਕੀਤਾ ਜਾਂਦਾ ਹੈ ਅਤੇ ਉਹਨਾਂ ਦੁਆਰਾ ਲਿਖੀਆਂ ਬੋਲੀਆਂ ਗੱਲਾਂ ਨੂੰ ਉਦਾਹਰਣ ਵਜੋਂ ਲਿਆ ਜਾਂਦਾ ਹੈ। ਜੇਕਰ ਦੇਖਿਆ ਜਾਵੇ ਕਿ ਬ੍ਰਾਹਮਣਵਾਦ ਪ੍ਰਤੀ ਕਬੀਰ ਸਾਹਿਬ ਦਾ ਰਵੱਈਆ ਇੰਨਾ ਸਖ਼ਤ ਕਿਉਂ ਹੈ ਤਾਂ ਪਤਾ ਲੱਗਦਾ ਹੈ ਕਿ ਉਹਨਾਂ ਦੇ ਪੁਰਖੇ ਕਿਸੇ ਸਮੇਂ ਜਾਤ-ਪਾਤ ਦੀ ਨਫ਼ਰਤ ਤੋਂ ਗ੍ਰਸਤ ਰਹੇ ਸਨ। ਇਸ ਜਾਤੀਵਾਦ ਤੋਂ ਛੁਟਕਾਰਾ ਪਾਉਣ ਖ਼ਾਤਰ ਉਹ ਹਿੰਦੂ ਧਰਮ ਨੂੰ ਤਿਆਗ ਕੇ ਇਸਲਾਮ ਦੀ ਸ਼ਰਣ ਵਿੱਚ ਗਏ ਸਨ। ਬਾਅਦ ਵਿੱਚ ਅਕਬਰ ਦੇ ਸਮੇਂ ਤੋਂ ਬ੍ਰਾਹਮਣ-ਮੁਗ਼ਲ ਹੁਕਮਰਾਨਾਂ ਦੇ ਗਠਜੋੜ ਹੋ ਜਾਣ ਕਾਰਣ ਇਸਲਾਮ ਕਬੂਲਣ ਵਾ਼ਲੇ ਦਲਿਤ-ਪਛੜੇ ਵਰਗ ਦੇ ਲੋਕਾਂ ਦਾ ਸਮਾਜਿਕ ਪੱਧਰ ਭਾਵੇਂ ਉੱਚ ਜਾਤੀਆਂ ਜਿਹਾ ਨਹੀਂ ਬਣ ਸਕਿਆ ਸੀ ਪਰ ਉਹਨਾਂ ਨੂੰ ਸਮਾਜ ਵਿੱਚ ਦਲੇਰੀ ਨਾ਼ਲ ਸੱਚ ਬੋਲ ਸਕਣ ਦੀ ਕੁੱਝ ਕੁ ਖੁੱਲ੍ਹ ਤਾਂ ਮਿਲ ਹੀ ਗਈ ਸੀ। ਇਸੇ ਖੁੱਲ੍ਹ ਨੇ ਹੀ ਹਰ ਸਮੇਂ ਖੱਡੀ ਵਿੱਚ ਲੱਤਾਂ ਲਮਕਾਈ ਰੱਖਣ ਵਾ਼ਲੇ ਜੁਲਾਹਿਆਂ ਦੇ ਪੁੱਤਰ ਨੂੰ ਕ੍ਰਾਂਤੀਕਾਰੀ ਸੰਤ ਕਬੀਰ ਜੀ ਦੇ ਰੂਪ ਵਿੱਚ ਸਾਹਮਣੇ ਲੈ ਆਂਦਾ। ਕਬੀਰ ਸਾਹਿਬ ਨੇ ਵੀ ਇਸ ਖੁੱਲ੍ਹ ਨੂੰ ਦਬੇ-ਕੁਚ਼ਲੇ ਸਮਾਜ ਦੀ ਗੱਲ ਕਹਿਣ ਲਈ ਖ਼ੂਬ ਇਸਤੇਮਾਲ ਕੀਤਾ।

ਜਦੋਂ ਭਾਰਤ ਵਿੱਚ ਇਸਲਾਮ ਦਾ ਬੋਲਬਾਲਾ ਹੋਇਆ ਤਾਂ ਜੁਲਾਹਿਆਂ ਵਿੱਚੋਂ ਬਹੁਤਿਆਂ ਨੇ ਇਸਲਾਮ ਕਬੂਲ ਕਰ ਲਿਆ। ਭਾਵੇਂ ਸੰਤ ਕਬੀਰ ਦਾ ਪਰਿਵਾਰ ਮੁਸਲਮਾਨ ਬਣ ਚੁੱਕਾ ਸੀ ਪਰ ਕਬੀਰ ਜੀ ਨੇ ਕਦੇ ਵੀ ਆਪਣੇ-ਆਪ ਨੂੰ ਗੱਜ-ਵੱਜ ਕੇ ਮੁਸਲਮਾਨ ਨਹੀਂ ਅਖਵਾਇਆ, ਸਗੋਂ ਨਾ ਹਮ ਹਿੰਦੂ ਨਾ ਮੁਸਲਮਾਨ ਹੀ ਕਿਹਾ। ਸੰਤ ਕਬੀਰ ਜੀ ਦਾ ਪਰਿਵਾਰਕ ਪਿਛੋਕੜ ਭਾਵੇਂ ਇਸਲਾਮ ਨਾ਼ਲ ਸੰਬੰਧਤ ਸੀ ਪਰ ਉਹਨਾਂ ਦੀਆਂ ਗੱਲਾਂ ਵਿੱਚੋਂ ਬੁੱਧ ਦੀ ਝਲਕ ਸਹਿਜੇ ਹੀ ਪੈ ਜਾਂਦੀ ਹੈ। ਬੁੱਧ ਧਰਮ ਦਾ ਪਹਿਰਾਵਾ ਭਾਵੇਂ ਅਲੱਗ ਸੀ ਪਰ ਕਬੀਰ ਸਾਹਿਬ ਦੀਆਂ ਗੱਲਾਂ ਵਿੱਚੋਂ ਬੋਲਦੀ ਬੁੱਧ ਦੀ ਵਿਚਾਰਧਾਰਾ ਨੂੰ ਸਪੱਸ਼ਟ ਮਹਿਸੂਸ ਕੀਤਾ ਜਾ ਸਕਦਾ ਹੈ। ਕਬੀਰ ਸਾਹਿਬ ਦੇ ਇੱਕ ਸ਼ਬਦ ਤੋਂ ਵੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਹ ਬੁੱਧ ਵਿਚਾਰਾਂ ਨੂੰ ਮੰਨਦੇ ਸਨ। ਉਹ ਲਿਖਦੇ ਹਨ :-

ਕਹਤੁ ਕਬੀਰ ਸੁਨਹੁ ਮੇਰੀ ਮਾਈ।।
ਇਨ ਮੁੰਡੀਅਨ ਮੇਰੀ ਜਾਤਿ ਗਵਾਈ।।
ਰਾਗ ਆਸਾ ਪੰਨਾ 484

ਇਸ ਸ਼ਬਦ ਵਿੱਚ ਕਬੀਰ ਸਾਹਿਬ ਆਪਣੀ ਮਾਤਾ ਨਾ਼ਲ ਵਾਰਤਾਲਾਪ ਕਰਦਿਆਂ 'ਮੁੰਡੀਅਨ' ਬਾਰੇ ਗੱਲ ਕਰਦੇ ਹਨ। ਮੁੰਡੀਅਨ ਦਾ ਭਾਵ ਮੁੰਨੇ ਹੋਏ ਸਿਰਾਂ ਵਾ਼ਲੇ ਲੋਕ। ਭਾਵ ਬੁੱਧ ਨੂੰ ਮੰਨਣ ਵਾ਼ਲੇ ਭਿਕਸ਼ੂ। ਭਿਕਸ਼ੂ ਕਿਸੇ ਜਾਤਪਾਤ ਨੂੰ ਨਹੀਂ ਮੰਨਦੇ। ਉਹਨਾਂ ਦਾ ਪ੍ਰਚਾਰ ਵੀ ਜਾਤਪਾਤ ਦੇ ਖ਼ਿਲਾਫ਼ ਹੁੰਦਾ ਹੈ। ਸ਼ਬਦ ਵਿੱਚ ਕਬੀਰ ਸਾਹਿਬ ਵੀ ਕਹਿੰਦੇ ਹਨ ਕਿ ਮੁੰਡੀਅਨ ਨੇ ਮੇਰੀ ਜਾਤ ਗਵਾ ਦਿੱਤੀ ਹੈ। ਭਾਵ ਕਿ ਉਹਨਾਂ ਦੀ ਸੰਗਤ ਦਾ ਸਦਕਾ ਕਬੀਰ ਸਾਹਿਬ ਵੀ ਜਾਤੀ ਤੋਂ ਰਹਿਤ ਹੋ ਗਏ ਹਨ।

ਮਗਹਰ ਬੁੱਧ ਦੀ ਧਰਤੀ ਰਹੀ ਹੈ। ਬੁੱਧ ਨੂੰ ਮੰਨਣ ਵਾ਼ਲੇ ਅੱਜ ਵੀ ਇਸ ਧਰਤੀ ਨੂੰ ਮਹਾਨ ਮੰਨਦੇ ਹਨ। ਸੰਤ ਕਬੀਰ ਜੀ ਦਾ ਬੋਧੀਆਂ ਦੀ ਧਰਤੀ ਮਗਹਰ ਨਾ਼ਲ ਪ੍ਰੇਮ ਵੀ ਉਹਨਾਂ ਨੂੰ ਬੋਧੀਆਂ ਦੇ ਨੇੜੇ ਸਾਬਤ ਕਰਦਾ ਹੈ। ਮਗਹਰ ਨਾ਼ਲ ਬੋਧੀਆਂ ਦਾ ਪ੍ਰੇਮ ਬ੍ਰਾਹਮਣਾਂ ਲਈ ਜਲਣ ਪੈਦਾ ਕਰਦਾ ਹੈ। ਬ੍ਰਾਹਮਣ ਦੀ ਹਮੇਸ਼ਾ ਇਹੀ ਕੋਸ਼ਿਸ਼ ਹੁੰਦੀ ਹੈ ਕਿ ਦੂਸਰੀ ਵਿਚਾਰਧਾਰਾ ਨੂੰ ਮੰਨਣ ਵਾ਼ਲਿਆਂ ਨੂੰ ਕਿਵੇਂ ਨਾ ਕਿਵੇਂ ਉਹਨਾਂ ਦੀ ਵਿਚਾਰਧਾਰਾ ਨਾ਼ਲੋਂ ਤੋੜਿਆ ਜਾਵੇ। ਇਸ ਕੰਮ ਲਈ ਬ੍ਰਾਹਮਣ ਹਮੇਸ਼ਾਂ ਕੋਈ ਨਾ ਕੋਈ ਕਾਢ ਕੱਢਦਾ ਹੈ। ਬ੍ਰਾਹਮਣੀ ਗ੍ਰੰਥਾਂ ਅਨੁਸਾਰ ਮਗਹਰ ਨੂੰ ਬੁਰਾ ਸਾਬਤ ਕੀਤਾ ਗਿਆ ਹੈ। ਇਹਨਾਂ ਗ੍ਰੰਥਾਂ ਅਨੁਸਾਰ ਕਾਸ਼ੀ ਵਿੱਚ ਮਰਨ ਵਾ਼ਲਾ ਸਿੱਧਾ ਸਵਰਗ ਵਿੱਚ ਜਾਂਦਾ ਹੈ। ਮਗਹਰ ਦੀ ਧਰਤੀ 'ਤੇ ਮਰਨ ਵਾ਼ਲਿਆਂ ਨੂੰ ਇਹਨਾਂ ਗ੍ਰੰਥਾਂ ਨੇ ਗਧੇ ਦੀ ਜੂਨ ਵਿੱਚ ਪੈਣ ਦਾ ਡਰਾਵਾ ਦੇ ਕੇ ਉੱਥੇ ਜਾਣ ਤੋਂ ਰੋਕਿਆ। ਕਬੀਰ ਸਾਹਿਬ ਖ਼ੁਦ ਕਾਸ਼ੀ ਬਨਾਰਸ ਵਿੱਚ ਰਹਿੰਦੇ ਸਨ। ਪਰ ਉਹਨਾਂ ਨੇ ਇਸ ਬ੍ਰਾਹਮਣੀ ਵਿਚਾਰ ਦਾ ਵਿਰੋਧ ਕਰਨ ਲਈ ਜਾਣ-ਬੁੱਝ ਕੇ ਉਸੇ ਮਗਹਰ ਦੀ ਧਰਤੀ 'ਤੇ ਆਪਣੇ ਪ੍ਰਾਣ ਤਿਆਗੇ ਜਿੱਥੋਂ ਬ੍ਰਾਹਮਣਾਂ ਨੇ ਲੋਕਾਂ ਨੂੰ ਰੋਕਿਆ। ਇਸ ਤਰ੍ਹਾਂ ਉਹਨਾਂ ਨੇ ਬ੍ਰਾਹਮਣਵਾਦ ਤੋਂ ਬਾਗ਼ੀ ਹੋਣ ਦਾ ਪ੍ਰਤੱਖ ਇਸ਼ਾਰਾ ਕੀਤਾ। ਮਗਹਰ ਦੀ ਧਰਤੀ 'ਤੇ ਜਾ ਕੇ ਮਰਨਾ ਕਬੀਰ ਸਾਹਿਬ ਲਈ ਕੋਈ ਪਵਿੱਤਰ ਧਰਤੀ ਦਾ ਹੋਣਾ ਜਾਂ ਸਵਰਗ ਪ੍ਰਾਪਤੀ ਲਈ ਯਤਨ ਨਹੀਂ ਬਲਕਿ ਬ੍ਰਾਹਮਣਵਾਦ ਦੇ ਪ੍ਰਚਾਰ ਦਾ ਵਿਚਾਰਧਾਰਕ ਵਿਰੋਧ ਹੈ ਕਿ ਜੈਸੀ ਧਰਤੀ ਕਾਸ਼ੀ ਦੀ ਹੈ, ਮਗਹਰ ਦੀ ਧਰਤੀ ਵੀ ਉਹੋ ਜਿਹੀ ਹੀ ਹੈ। ਜੇ ਇੱਕ ਥਾਂ 'ਤੇ ਮਰਨ ਨਾ਼ਲ ਸੁਰਗ ਦੀ ਪ੍ਰਾਪਤੀ ਸੰਭਵ ਹੈ ਤਾਂ ਦੂਸਰੀ ਥਾਂ 'ਤੇ ਮਰਨ ਨਾ਼ਲ ਗਧੇ ਦੀ ਜੂਨ ਕਿਵੇਂ ਪ੍ਰਾਪਤ ਹੋ ਸਕਦੀ ਹੈ? ਸਹੀ ਵਿਚਾਰਾਂ ਵਾ਼ਲੇ ਕਿਤੇ ਵੀ ਮਰਨ ਉਹ ਮੁਕਤ ਹੀ ਹੁੰਦੇ ਹਨ। ਉਹ ਲਿਖਦੇ ਹਨ :-

ਸਗਲ ਜਨਮੁ ਸਿਵਪੁਰੀ ਗਵਾਇਆ।।
ਮਰਤੀ ਬਾਰ ਮਗਹਰਿ ਉਠਿ ਆਇਆ।।
ਬਹੁਤੁ ਬਰਸ ਤਪੁ ਕੀਆ ਕਾਸੀ।।
ਮਰਨੁ ਭਇਆ ਮਗਹਰ ਕੀ ਬਾਸੀ।।
ਕਾਸੀ ਮਗਹਰ ਸਮ ਬੀਚਾਰੀ।।
ਓਛੀ ਭਗਤਿ ਕੈਸੇ ਉਤਰਸਿ ਪਾਰੀ।।
ਰਾਗ ਗਉੜੀ ਪੰਨਾ 326

ਸੰਤ ਕਬੀਰ ਇਸ ਸ਼ਬਦ ਵਿੱਚ ਮਗਹਰ ਨੂੰ ਪਵਿੱਤਰ ਕਰਾਰ ਨਹੀਂ ਦਿੰਦੇ ਅਤੇ ਨਾ ਹੀ ਕਾਸੀ ਨੂੰ ਨਿੰਦਦੇ ਹਨ। ਉਹਨਾਂ ਅਨੁਸਾਰ ਤਾਂ ਜਿਹੋ ਜਿਹੀ ਧਰਤੀ ਮਗਹਰ ਹੈ ਉਹੋ ਜਿਹੀ ਹੀ ਕਾਸੀ ਹੈ। ਮਗਹਰ ਵਿੱਚ ਆਖਰੀ ਸਮਾਂ ਬਿਤਾਉਣ ਦਾ ਮਤਲਬ ਉਸ ਨਾ਼ਲ ਜੋੜ ਦਿੱਤੀਆਂ ਗਈਆਂ ਮਾੜੀਆਂ ਰਵਾਇਤਾਂ ਨੂੰ ਤੋੜਨਾ ਹੀ ਹੈ। ਉਹਨਾਂ ਅਨੁਸਾਰ ਜਿਸ ਤਰ੍ਹਾਂ ਮਗਹਰ ਬੁੱਧ ਦੀ ਧਰਤੀ ਹੈ ਉਸੇ ਤਰ੍ਹਾਂ ਸ਼ਿਵ ਦੀ ਨਗਰੀ ਕਿਹਾ ਜਾਣ ਵਾ਼ਲਾ ਬਨਾਰਸ ਹੈ। ਬਨਾਰਸ ਵੀ ਬੁੱਧ ਦੀ ਧਰਤੀ ਹੈ ਕਿਉਂਕਿ ਇੱਥੇ ਵੀ ਬੁੱਧ ਵਸਦੇ ਹਨ। ਕਬੀਰ ਸਾਹਿਬ ਕਹਿੰਦੇ ਹਨ :-

ਸਿਵ ਕੀ ਪੁਰੀ ਬਸੈ ਬੁਧਿ ਸਾਰ।।
ਤਹ ਤੁਮ੍ਹ ਮਿਲਕੈ ਕਰਹੁ ਬਿਚਾਰੁ।।
ਰਾਗ ਭੈਰਉ ਪੰਨਾ 1159



ਬੋਧੀ ਵਿਚਾਰਧਾਰਾ ਅਤੇ ਬ੍ਰਾਹਮਣ ਦਾ ਵਿਰੋਧ ਹੈ ਉਸੇ ਤਰ੍ਹਾਂ ਕਬੀਰ ਸਾਹਿਬ ਅਤੇ ਬ੍ਰਾਹਮਣੀ ਵਿਚਾਰਧਾਰਾ ਦਾ ਆਪਸ ਵਿੱਚ ਭਾਰੀ ਵਿਰੋਧ ਹੈ। ਬ੍ਰਾਹਮਣੀ ਗ੍ਰੰਥਾਂ ਅਨੁਸਾਰ ਬ੍ਰਾਹਮਣ ਸ੍ਰੇਸ਼ਟ ਹਨ ਜਦਕਿ ਦੂਸਰੇ ਸਾਰੇ ਵਰਣ ਕੇਵਲ ਬ੍ਰਾਹਮਣ ਦੀ ਸੇਵਾ ਲਈ ਹੀ ਬ੍ਰਹਮਾ ਵੱਲੋਂ ਪੈਦਾ ਕੀਤੇ ਗਏ ਹਨ। ਮਾਨਵਵਾਦੀ ਵਿਚਾਰਧਾਰਾ ਅਨੁਸਾਰ ਸਾਰੇ ਮਨੁੱਖ ਬਰਾਬਰ ਹਨ। ਇਸ ਲਈ ਸੰਤ ਕਬੀਰ ਜੀ ਨੇ ਬ੍ਰਾਹਮਣਾਂ ਦੀ ਉੱਚਤਾ ਨੂੰ ਇਸ ਤਰ੍ਹਾਂ ਚੈਲਿੰਜ ਕੀਤਾ ਅਤੇ ਬ੍ਰਾਹਮਣੀ ਵਿਵਸਥਾ ਦਾ ਖੰਡਨ ਕਰਦੇ ਹੋਏ ਕਿਹਾ ਕਿ ਜੇ ਕਰ ਬ੍ਰਾਹਮਣ ਨੂੰ ਸੱਚਮੁੱਚ ਹੀ ਪ੍ਰਮਾਤਮਾ ਵੱਲੋਂ ਵਿਸ਼ੇਸ਼ ਤੌਰ 'ਤੇ ਦੁਨੀਆਂ ਵਿੱਚ ਭੇਜਿਆ ਗਿਆ ਹੈ ਤਾਂ ਉਹ ਆਮ ਆਦਮੀ ਵਾਂਗ ਹੀ ਕਿਉਂ ਪੈਦਾ ਹੋਇਆ ਹੈ ਅਤੇ ਕਿਸੇ ਹੋਰ ਰਾਹ ਕਿਉਂ ਨਹੀਂ ਆਇਆ? ਉਹ ਕਹਿੰਦੇ ਹਨ ਕਿ ਇੱਕ ਹੀ ਢੰਗ ਤਰੀਕਿਆਂ ਨਾ਼ਲ ਪੈਦਾ ਹੋਣ ਵਾ਼ਲਾ ਇੱਕ ਵਿਅਕਤੀ ਬ੍ਰਾਹਮਣ ਅਤੇ ਦੂਸਰਾ ਸ਼ੂਦਰ ਕਿਸ ਤਰ੍ਹਾਂ ਹੋ ਗਿਆ? ਕੀ ਬ੍ਰਾਹਮਣ ਦੇ ਸਰੀਰ ਅੰਦਰ ਖ਼ੂਨ ਦੀ ਜਗ੍ਹਾ ਦੁੱਧ ਦੌੜ ਰਿਹਾ ਹੈ? ਉਹ ਆਖਦੇ ਹਨ :-

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ।।
ਬਾਮਨ ਕਹਿ ਕਹਿ ਜਨਮੁ ਮਤ ਖੋਏ।। ੧।। ਰਹਾਉ।।
ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ।।
ਤਉ ਆਨ ਬਾਟ ਕਾਹੇ ਨਹੀ ਆਇਆ।।੨।।
ਤੁਮ ਕਤ ਬ੍ਰਾਹਮਣ ਹਮ ਕਤ ਸੂਦ।।
ਹਮ ਕਤ ਲੋਹੂ ਤੁਮ ਕਤ ਦੂਧ।।੩।।
ਰਾਗ ਗਉੜੀ ਪੰਨਾ 324

ਬ੍ਰਾਹਮਣੀ ਗ੍ਰੰਥਾਂ ਨੇ ਬ੍ਰਾਹਮਣ ਨੂੰ ਸਾਰਿਆਂ ਦਾ ਗੁਰੂ ਸਾਬਤ ਕੀਤਾ ਹੈ ਪਰ ਸਤਗੁਰੂ ਕਬੀਰ ਜੀ ਇਸ ਉੱਚਤਾ ਨੂੰ ਅਸਵੀਕਾਰ ਕਰਦਿਆਂ ਆਖਦੇ ਹਨ ਕਿ ਬ੍ਰਾਹਮਣ ਨੂੰ ਬ੍ਰਹਿਮੰਡ ਦੀ ਕੋਈ ਸਾਰ ਨਹੀਂ। ਉਹ ਤਾਂ ਚਾਰਾਂ ਵੇਦਾਂ ਵਿੱਚ ਹੀ ਉ਼ਲਝਿਆ ਹੋਇਆ ਹੈ। ਅਜਿਹਾ ਵਿਅਕਤੀ ਸਾਰੀ ਜਗਤ ਦਾ ਗੁਰੂ ਕਿਵੇਂ ਹੋ ਸਕਦਾ ਹੈ? ਉਹ ਲਿਖਦੇ ਹਨ :-

ਕਬੀਰ ਬਾਮਨ ਗੁਰੂ ਹੈ ਜਗਤ ਦਾ ਭਗਤਨ ਕਾ ਗੁਰੁ ਨਾਹਿ।।
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ।।
ਸ਼ਲੋਕ ਪੰਨਾ 1377

ਵੇਦਾਂ ਨੂੰ ਭਾਰਤੀ ਸੱਭਿਆਚਾਰ ਵਿੱਚ ਪ੍ਰਮਾਤਮਾ ਦੀਆਂ ਲਿਖਤਾਂ ਕਰਾਰ ਦਿੱਤਾ ਹੈ। ਵੇਦਾਂ ਦੇ ਅਧਾਰ 'ਤੇ ਹੀ ਸਿਮ੍ਰਤੀਆਂ ਬਣੀਆਂ ਜਿੰਨ੍ਹਾਂ ਨੇ ਵਰਣ ਵਾ਼ਲੀ ਸਮਾਜਿਕ ਵਿਵਸਥਾ ਕਾਇਮ ਕੀਤੀ। ਸੰਤ ਕਬੀਰ ਜੀ ਨੇ ਇਸ ਪ੍ਰਬੰਧ ਬਾਰੇ ਸਪੱਸ਼ਟ ਬਿਆਨ ਕੀਤਾ ਹੈ। ਉਹ ਲਿਖਦੇ ਹਨ :-

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ।।
ਸਾਂਕਲ ਜੇਵਰੀ ਲੈ ਹੈ ਆਈ।।
ਰਾਗ ਗਉੜੀ ਪੰਨਾ 329

ਬ੍ਰਾਹਮਣ ਵੇਦ ਸਿੰਮ੍ਰਤੀਆਂ ਦਾ ਪਾਠ ਕਰਦਾ ਹੈ। ਉਸਨੇ ਆਪਣੇ ਆਪ ਲਈ ਧਾਰਮਿਕ ਪੁਰਸ਼ ਦਰਸਾਉਂਦਾ ਇੱਕ ਵਿਸ਼ੇਸ਼ ਪਹਿਰਾਵਾ ਨਿਯਤ ਕੀਤਾ ਹੋਇਆ ਹੈ। ਇਹ ਪਹਿਰਾਵਾ ਹੈ ਧੋਤੀ, ਜਨੇਊ, ਮੱਥੇ 'ਤੇ ਤਿਲਕ ਅਤੇ ਗ਼ਲ ਵਿੱਚ ਮਾ਼ਲਾ। ਇਸ ਤਰ੍ਹਾਂ ਦਾ ਪਹਿਰਾਵਾ ਪਹਿਨ ਕੇ ਧਾਰਮਿਕ ਪੁਰਸ਼ ਹੋਣ ਦਾ ਦਿਖਾਵਾ ਕਰਨ ਵਾ਼ਲੇ ਭੇਖੀਆਂ ਨੂੰ ਸੰਤ ਕਹਿਣ ਦੀ ਬਜਾਏ ਕਠੋਰਤਾ ਨਾ਼ਲ ਠੱਗ ਦੀ ਉਪਾਧੀ ਦਿੰਦਿਆਂ ਉਹ ਆਖਦੇ ਹਨ ਕਿ ਇਹੋ ਜਿਹੇ ਲੋਕ ਕਿਸੇ ਵੀ ਪਾਸਿਉਂ ਸੰਤ ਨਹੀਂ ਬਲਕਿ ਬਨਾਰਸ ਦੇ ਠੱਗ ਹਨ। ਇਹੋ ਜਿਹੇ ਲੋਕ ਸਮੇਤ ਟਾਹਣੀਆਂ ਪੂਰੇ ਦਰੱਖਤ ਦਾ ਤਣਾ ਖਾ ਜਾਂਦੇ ਹਨ। ਆਦਮੀਆਂ ਨੂੰ ਖਾ ਜਾਣ ਵਾ਼ਲੇ ਇਹ ਲੋਕ ਪਵਿੱਤਰਤਾ ਦਾ ਢੌਂਗ ਵੀ ਕਰਦੇ ਹਨ। ਅਜਿਹੇ ਹੰਕਾਰ ਵਿੱਚ ਗ੍ਰਸੇ ਆਦਮੀ ਆਪ ਤਾਂ ਡੁਬਦੇ ਹੀ ਹਨ, ਨਾ਼ਲ ਸਾਰੀ ਦੁਨੀਆਂ ਨੂੰ ਵੀ ਡੋਬ ਦਿੰਦੇ ਹਨ। ਉਹ ਲਿਖਦੇ ਹਨ :-

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।।
ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ।।
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ।।੧।।
ਐਸੇ ਸੰਤ ਨ ਮੋ ਕਉ ਭਾਵਹਿ।।
ਡਾਲਾ ਸਿਉ ਪੇਡਾ ਗਟਕਾਵਹਿ।।੧।। ਰਹਾਉ।।
ਬਾਂਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ।।
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ।।੨।।
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ।।
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ।।
ਰਾਗ ਆਸਾ ਪੰਨਾ 478

ਬ੍ਰਾਹਮਣ ਨੇ ਧਾਰਮਿਕ ਗ੍ਰੰਥਾਂ ਦੇ ਜਰੀਏ ਅਸਾਨੀ ਨਾ਼ਲ ਆਪਣੀ ਰੋਟੀ ਦਾ ਬੰਦੋਬਸਤ ਕੀਤਾ ਹੋਇਆ ਹੈ। ਪਿੱਤਰਾਂ ਨੂੰ ਭੋਜਨ ਪਹੁੰਚਾਉਣ ਦਾ ਲਾਰਾ ਲਾ ਕੇ ਬ੍ਰਾਹਮਣ ਆਪਣੇ ਜਜਮਾਨਾਂ ਤੋਂ ਜੀਵਾਂ ਦੀਆਂ ਬਲੀਆਂ ਵੀ ਦਿਵਾ ਦਿੰਦਾ ਹੈ। ਬ੍ਰਾਹਮਣ ਪਿਤਰਾਂ ਨੂੰ ਭੋਜਨ ਪਹੁੰਚਾਉਣ ਦੇ ਇਸ ਕੰਮ ਲਈ ਆਪਣੇ ਜਜਮਾਨਾਂ ਤੋਂ ਮੋਟੀ ਫ਼ੀਸ ਵੀ ਵਸੂਲਦਾ ਹੈ। ਸੰਤ ਕਬੀਰ ਜੀ ਨੇ ਇਸ ਦੇ ਜਵਾਬ ਵਿੱਚ ਲੋਕਾਂ ਨੂੰ ਸਮਝਾਉਂਦਿਆਂ ਕਿਹਾ ਕਿ ਜੇਕਰ ਬ੍ਰਾਹਮਣਾਂ ਨੂੰ ਦਿੱਤਾ ਦਾਨ ਸੱਚਮੁੱਚ ਪਿਤਰਾਂ ਤੱਕ ਪਹੁੰਚਦਾ ਹੈ ਤਾਂ ਤੁਹਾਡੇ ਕਿਹੋ ਜਿਹੇ ਪਿਤਰ ਹਨ ਜੋ ਤੁਹਾਡੇ ਕੋ਼ਲੋਂ ਖ਼ੁਦ ਮੰਗ ਕੇ ਨਹੀਂ ਲੈ ਸਕਦੇ ਸਗੋਂ ਬ੍ਰਾਹਮਣਾਂ ਨੂੰ ਹੀ ਇਹ ਵਸਤਾਂ ਦੇਣ ਲਈ ਆਖਦੇ ਹਨ। ਉਹ ਲਿਖਦੇ ਹਨ :-

ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੇ ਜੀਉ ਦੇਹੀ।।
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ।।
ਰਾਗ ਗਉੜੀ ਬੈਰਾਗਣਿ ਪੰਨਾ 332

ਕਬੀਰ ਜੀ ਮੁਤਾਬਕ ਸਭ ਦੇਵੀ ਦੇਵਤੇ ਮੈ਼ਲੇ ਹਨ। ਨਿਰਮਲ ਉਹ ਹੈ ਜਿਸ ਨੇ ਰਾਮ ਰਮੱਈਆ ਨੂੰ ਜਾਣ ਲਿਆਹੈ। ਕਬੀਰ ਸਾਹਿਬ ਕਹਿੰਦੇ ਹਨ :-

ਮੈਲਾ ਬ੍ਰਹਮਾ ਮੈਲਾ ਇੰਦੁ।। ਰਵਿ ਮੈਲਾ ਮੈਲਾ ਹੈ ਚੰਦੁ।।੧।।
ਮੈਲਾ ਮਲਤਾ ਇਹੁ ਸੰਸਾਰੁ।। ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰ।।੧।। ਰਹਾਉ।।
ਮੈਲੇ ਬ੍ਰਹਮੰਡਾਇਕੈ ਈਸੁ।। ਮੈਲੇ ਨਿਸਿ ਬਾਸੁਰ ਦਿਨ ਤੀਸੁ।।੨।।
ਮੈਲਾ ਮੋਤੀ ਮੈਲਾ ਹੀਰੁ।। ਮੈਲਾ ਪਵਨੁ ਪਾਵਕੁ ਅਰੁ ਨੀਰੁ।।੩।।
ਮੈਲੇ ਸਿਵ ਸੰਕਰਾ ਮਹੇਸ।। ਮੈਲੇ ਸਿਧ ਸਾਧਿਕ ਅਰੁ ਭੇਖ।।੪।।
ਮੈਲੇ ਜੋਗੀ ਜੰਗਮ ਜਟਾ ਸਹੇਤਿ।। ਮੈਲੀ ਕਾਇਆ ਹੰਸੁ ਸਮੇਤਿ।।੫।।
ਕਹਿ ਕਬੀਰ ਤੇ ਜਨ ਪਰਵਾਨ।। ਨਿਰਮਲ ਤੇ ਜੋ ਰਾਮਹਿ ਜਾਨ।।੬।।
ਰਾਗ ਭੈਰਉ ਪੰਨਾ 1158

ਬ੍ਰਾਹਮਣ ਨੇ ਗ੍ਰੰਥਾਂ ਦੇ ਪਾਠ ਨੂੰ ਧਰਮ ਬਣਾਇਆ ਹੋਇਆ ਹੈ। ਕਬੀਰ ਸਾਹਿਬ ਦੇ ਅਨੁਸਾਰ ਇਹ ਪੁੱਠਾ ਕੰਮ ਹੈ ਜਿਹੜਾ ਕਿਸੇ ਪਾਸੇ ਵੀ ਨਹੀਂ ਲਿਜਾਂਦਾ। ਧਾਰਮਿਕ ਗ੍ਰੰਥਾਂ ਦਾ ਪਾਠ ਕਰਨ ਵਾ਼ਲੇ ਖੁਦ ਤਾਂ ਡੁਬਦੇ ਹੀ ਹਨ ਬਾਕੀਆਂ ਨੂੰ ਵੀ ਲੈ ਡੋਬਦੇ ਹਨ। ਸੰਤ ਕਬੀਰ ਕਹਿੰਦੇ ਹਨ :-

ਪੰਡੀਆ ਕਵਨ ਕੁਮਤਿ ਤੁਮ ਲਾਗੇ।।
ਬੂਡਹੁਗੇ ਪਰਵਾਰ ਸਕਲ ਸਿਉ ਰਾਮ ਨ ਜਪਹੁ ਅਭਾਗੇ।।੧।। ਰਹਾਉ।।
ਬੇਦ ਪੁਰਾਨ ਪੜ੍ਹੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ।।
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ।।੧।।
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।।
ਆਪਸ ਕਉ ਮੁਨਿਵਰ ਕਰਿ ਥਾਪਹੁ ਕਾਕਉ ਕਹਹੁ ਕਸਾਈ।।੨।।
ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ।।
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ।।੩।।
ਰਾਗੁ ਮਾਰੂ ਪੰਨਾ 1102

ਬ੍ਰਾਹਮਣ ਦਾ ਸਭ ਤੋਂ ਖਤਰਨਾਕ ਹਥਿਆਰ ਹੈ ਸਵਰਗ ਤੇ ਨਰਕ ਦਾ ਵਿਚਾਰ। ਨਰਕ ਦਾ ਡਰ ਅਤੇ ਸਵਰਗ ਦਾ ਲਾਲਚ ਆਮ ਲੋਕਾਂ ਨੂੰ ਬ੍ਰਾਹਮਣੀ ਕਰਮ ਕਾਂਡ ਕਰਨ ਲਈ ਉਕਸਾਉਂਦਾ ਰਹਿੰਦਾ ਹੈ। ਇਸ ਲਈ ਨਰਕ ਅਤੇ ਸੁਰਗ ਦਾ ਡਰ ਦਿਖਾ ਕੇ ਬ੍ਰਾਹਮਣ ਲੋਕਾਂ ਨੂੰ ਆਪਣੇ ਜਾ਼ਲ ਵਿੱਚ ਸਦਾ ਲਈ ਫਸਾਈ ਰੱਖਦੇ ਸਨ। ਇਸ ਕਰਕੇ ਕਈ ਵਾਰ ਕੋਈ ਵਿਅਕਤੀ ਕੁੱਝ ਵੀ ਬ੍ਰਾਹਮਣ ਦੀ ਸੇਵਾ ਵਿੱਚ ਹਾਜ਼ਰ ਕਰਨ ਲਈ ਤਿਆਰ ਹੋ ਜਾਂਦਾ ਹੈ। ਪ੍ਰੰਤੂ ਸੰਤ ਕਬੀਰ ਜੀ ਨੇ ਆਪਣੀ ਬਾਣੀ ਰਾਹੀਂ ਨਰਕ ਸੁਰਗ ਦੇ ਵਿਚਾਰ ਨੂੰ ਮੁੱਢੋਂ ਹੀ ਰੱਦ ਕਰਦਿਆਂ ਵਿਗਿਆਨਕ ਢੰਗ ਰਾਹੀਂ ਲੋਕਾਂ ਨੂੰ ਇਸ ਕੂੜ ਪ੍ਰਚਾਰ ਤੋਂ ਸੁਚੇਤ ਕੀਤਾ ਅਤੇ ਇਸ ਪਖੰਡ ਤੋਂ ਬਚਣ ਲਈ ਪ੍ਰੇਰਦਿਆਂ ਕਿਹਾ। ਉਹ ਕਹਿੰਦੇ ਹਨ :-

ਕਵਨ ਨਰਕੁ ਕਿਆ ਸੁਰਗੁ ਵਿਚਾਰਾ ਸੰਤਨ ਦੋਊ ਰਾਦੇ।।
ਹਮ ਕਾਹੂ ਕੀ ਕਾਣਿ ਨ ਕਢਤੇ ਆਪਨੇ ਗੁਰ ਪਰਸਾਦੇ।।
ਰਾਗ ਰਾਮਕਲੀ ਪੰਨਾ 969

ਕਬੀਰ ਜੀ ਆਪਣੇ ਪੈਰੋਕਾਰਾਂ ਨੂੰ ਸੁਚੇਤ ਕਰਦਿਆਂ ਆਖਦੇ ਹਨ ਕਿ ਉਹ ਪੱਕਾ ਇਰਾਦਾ ਬਣਾ ਕੇ ਮਨੂੰਵਾਦ ਦੇ ਚੁੰਗਲ ਵਿੱਚੋਂ ਨਿੱਕਲ ਜਾਣ ਤਾਂ ਹੀ ਮੁਕਤੀ ਦਾ ਮਾਰਗ ਅਪਣਾਇਆ ਜਾ ਸਕਦਾ ਹੈ। ਦੁਚਿੱਤੀ ਲਈ ਇਸ ਮਾਰਗ ਵਿੱਚ ਕੋਈ ਥਾਂ ਨਹੀਂ। ਮਤਲਬ ਕਬੀਰ ਸਾਹਿਬ ਵਰਗਿਆਂ ਨੂੰ ਮੰਨੀ ਵੀ ਜਾਣਾ ਅਤੇ ਗੁੱਟ 'ਤੇ ਬ੍ਰਾਹਮਣ ਦਾ ਲਾਲ ਧਾਗਾ ਵੀ ਬੰਨ੍ਹੀ ਰੱਖਣਾ। ਇਹ ਦੋਵੇਂ ਕਰਮ ਕਾਂਡ ਬਰਾਬਰ ਨਹੀਂ ਨਿਭ ਸਕਦੇ। ਉਹ ਲਿਖਦੇ ਹਨ :-

ਡਗਮਗ ਛਾਡਿ ਰੇ ਮਨ ਬਉਰਾ।।
ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ।।
ਰਾਗ ਗਉੜੀ ਪੰਨਾ 338

ਕਬੀਰ ਸਾਹਿਬ ਆਪਣੇ ਪੈਰੋਕਾਰਾਂ ਨੂੰ ਪਖੰਡ ਦਾ ਰਸਤਾ ਛੱਡ ਕੇ ਨਿਰਾਲੇ ਪੰਧ ਵੱਲ ਜਾਣ ਪ੍ਰਤੀ ਸੁਚੇਤ ਕਰਦੇ ਹਨ ਪਰ ਵਹਿਮਾਂ-ਭਰਮਾਂ ਵਿੱਚ ਬੁਰੀ ਤਰ੍ਹਾਂ ਜਕੜੀ ਸਧਾਰਨ ਅਤੇ ਲਾਈਲੱਗ ਜਨਤਾ ਜੇ ਕਰ ਉਹਨਾਂ ਦੀ ਗੱਲ ਨੂੰ ਨਹੀਂ ਸੁਣਦੀ ਅਤੇ ਉਹਨਾਂ ਹੀ ਪੁਰਾਣੇ ਪਖੰਡ ਨਾ਼ਲ ਭਰੇ ਮਾਰਗ ਨੂੰ ਕਸ ਕੇ ਪਕੜੀ ਰੱਖਦੀ ਹੈ ਤਾਂ ਕਬੀਰ ਸਾਹਿਬ ਕਹਿੰਦੇ ਹਨ ਕਿ ਅਜਿਹੇ ਮਾਹੌਲ ਵਿੱਚ ਸੱਚਾ ਸਤਗੁਰੂ ਵੀ ਕੀ ਕਰ ਸਕਦਾ ਹੈ ਜਦੋਂ ਉਸ ਦੀ ਕਿਸੇ ਨੇ ਗੱਲ ਹੀ ਨਹੀਂ ਸੁਣਨੀ। ਉਹ ਲਿਖਦੇ ਹਨ :-

ਕਬੀਰ ਸਾਚਾ ਸਤਿਗੁਰ ਕਿਆ ਕਰੈ ਜਉ ਸਿਖਾਂ ਮਹਿ ਚੂਕ।।
ਅੰਧੇ ਏਕ ਨ ਲਾਗਈ ਜਿਉ ਬਾਂਸ ਵਜਾਈਐ ਫੂਕ।।
ਸਲੋਕ ਪੰਨਾ 1372

ਪੜ੍ਹੇ-ਲਿਖੇ ਲੋਕ ਸਿਰਫ਼ ਆਪਣੇ ਪਰਿਵਾਰ ਤੱਕ ਹੀ ਸੀਮਤ ਹੋ ਕੇ ਸਾਡੇ ਮਹਾਂਪੁਰਸ਼ਾਂ ਦੇ ਵਚਨਾਂ ਨੂੰ ਭੁੱਲ ਗਏ ਹਨ ਇਸ ਲਈ ਸਮਾਜਿਕ ਵਿਕਾਸ ਦੀ ਗਤੀ ਕਾਫ਼ੀ ਮੱਧਮ ਹੈ। ਸੰਸਾਰ ਖਾਣਾ ਖਾਂਦਾ ਹੈ ਅਤੇ ਦੂਸਰੇ ਲੋਕਾਂ ਦੀ ਚਿੰਤਾ ਕੀਤੇ ਵਗ਼ੈਰ ਹੀ ਖਾ ਕੇ ਸੌਂ ਜਾਂਦਾ ਹੈ ਪਰ ਕਬੀਰ ਉਹਨਾਂ ਵਿਅਕਤੀਆਂ ਵਿੱਚੋਂ ਨਹੀਂ ਹੈ। ਕਬੀਰ ਤਾਂ ਆਪਣੀ ਡਿਉਟੀ ਨਿਭਾ ਰਿਹਾ ਹੈ। ਇਸ ਲਈ ਉਹ ਰਾਤ ਨੂੰ ਜਾਗਦਾ ਹੈ ਅਤੇ ਆਪਣੇ ਦੀਨ-ਦੁਖੀ ਲੋਕਾਂ ਦੀ ਹਾਲਤ 'ਤੇ ਵਿਚਾਰ ਕਰਦਿਆਂ ਰੋਂਦਾ ਹੈ ਅਤੇ ਉਹਨਾਂ ਦੀ ਹਾਲਤ ਬਦਲਣ ਲਈ ਕੋਸ਼ਿਸ਼ਾਂ ਕਰਦਾ ਹੈ। ਜਿਹੜਾ ਪੜ੍ਹਿਆ-ਲਿਖਿਆ ਵਿਅਕਤੀ ਅਜਿਹੀ ਕਿਸੇ ਤਰ੍ਹਾਂ ਦੀ ਕੋਸ਼ਿਸ਼ ਕਰਦਾ ਹੈ ਉਹ ਹੀ ਕਬੀਰ ਹੈ। ਜਿਸ ਤਰ੍ਹਾਂ ਤਥਾਗਤ ਬੁੱਧ ਦੇ ਵਚਨਾਂ ਅਨੁਸਾਰ ਉਹ ਹੀ ਬੁੱਧ ਹੈ ਜਿਸ ਨੂੰ ਗਿਆਨ ਪ੍ਰਾਪਤ ਹੋ ਗਿਆ ਅਤੇ ਜੋ ਚੰਗੇ-ਮਾੜੇ ਦੀ ਪਛਾਣ ਕਰਨ ਦੇ ਕਾਬਲ ਹੈ। ਕਬੀਰ ਸਾਹਿਬ ਇਸ ਬਾਰੇ ਸਮਝਾਉਂਦਿਅ ਆਖਦੇ ਹਨ :-

ਕਬੀਰ ਸੁਖੀਆ ਸਭ ਸੰਸਾਰ ਹੈ ਖਾਵੇ ਅਰ ਸੋਵੇ।।
ਦੁਖੀਆ ਦਾਸ ਕਬੀਰ ਹੈ ਜਾਗੇ ਅਰ ਰੋਵੇ।।

ਕਬੀਰ ਜੀ ਨੇ ਬੌਧ ਭਿਕਸ਼ੂਆਂ ਵਾਂਗ ਹੀ ਦੇਸ਼ ਵਿਦੇਸ਼ ਵਿੱਚ ਜਗ੍ਹਾ-ਜਗ੍ਹਾ 'ਤੇ ਘੁੰਮ ਕੇ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ। 'ਕਬੀਰ ਮਨਸੁਰ' ਪੁਸਤਕ ਵਿੱਚ ਉਹਨਾਂ ਦੀ ਬਗ਼ਦਾਦ, ਸਮਰਕੰਦ ਅਤੇ ਬੁਖ਼ਾਰੇ ਦੀ ਯਾਤਰਾ ਦਾ ਵਰਣਨ ਆਉਂਦਾ। ਇਸ ਦਾ ਮਤਲਬ ਉਹ ਇਕੱਲੇ ਦੇਸ਼ ਤੱਕ ਹੀ ਸੀਮਤ ਨਹੀਂ ਰਹੇ ਸਗੋਂ ਦੂਰ ਤੱਕ ਗਏ ਅਤੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕੀਤਾ। ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦੇ ਪਿਤਾ ਜੀ ਕਬੀਰ ਪੰਥੀ ਸਨ। ਇਸ ਲਈ ਬਾਬਾ ਸਾਹਿਬ ਉੱਪਰ ਕਬੀਰ ਸਾਹਿਬ ਦਾ ਕਾਫ਼ੀ ਅਸਰ ਝਲਕਦਾ ਹੈ। ਕੁੱਝ ਸਮੇਂ ਤੋਂ ਧਾਣਕਾ ਸਮਾਜ ਨੇ ਕਬੀਰ ਸਾਹਿਬ ਨੂੰ ਆਪਣੇ ਗੁਰੂ ਦੇ ਤੌਰ 'ਤੇ ਪ੍ਰਵਾਨ ਕਰ ਲਿਆ ਹੈ। ਆਪਣੇ ਗੁਰੂ ਵਾਂਗ ਧਾਣਕਾ ਸਮਾਜ ਖੁਦ ਵੀ ਕ੍ਰਾਂਤੀਕਾਰੀ ਰਿਹਾ ਹੈ। ਇਸ ਕਰਕੇ ਵਰਣ ਵਿਵਸਥਾ ਵਾ਼ਲੇ ਸਮਾਜਿਕ ਪ੍ਰਬੰਧ ਵਿੱਚ ਇਸ ਵਰਗ ਨੂੰ ਸ਼ਾਮਲ ਨਹੀਂ ਕੀਤਾ ਗਿਆ। ਧਾਣਕਾ ਸਮਾਜ ਦਾ ਸੰਤ ਕਬੀਰ ਨੂੰ ਆਪਣਾ ਗੁਰੂ ਮੰਨ ਲੈਣਾ ਵੀ ਕ੍ਰਾਂਤੀਕਾਰੀ ਕਦਮ ਹੀ ਹੈ। ਪਰ ਉਦੋਂ ਬਹੁਤ ਨਿਰਾਸ਼ਤਾ ਹੁੰਦੀ ਹੈ ਜਦੋਂ ਦੇਖਦੇ ਹਾਂ ਕਿ ਧਾਣਕਾ ਸਮਾਜ ਕਬੀਰ ਸਾਹਿਬ ਨੂੰ ਪੂਜਦਾ ਜ਼ਰੂਰ ਹੈ ਪਰ ਅਜੇ ਵੀ ਇਸ ਸਮਾਜ ਦਾ ਬਹੁਤਾ ਹਿੱਸਾ ਬ੍ਰਾਹਮਣਵਾਦੀ ਰੀਤੀ-ਰਸਮਾਂ ਨੂੰ ਮੰਨਦਾ ਹੈ। ਇਹ ਸਿੱਧਾ ਕਬੀਰ ਸਾਹਿਬ ਦਾ ਵਿਰੋਧੀ ਹੋ ਜਾਣਾ ਹੈ। ਜਦੋਂ ਸੰਤ ਕਬੀਰ ਨੂੰ ਮੰਨਣ ਵਾ਼ਲੇ ਲੋਕ ਅੰਧ-ਵਿਸ਼ਵਾਸ ਤੇ ਬ੍ਰਾਹਮਣਵਾਦ ਦੀ ਕੈਦ ਵਿੱਚੋਂ ਨਿੱਕਲ ਕੇ ਕਬੀਰ ਸਾਹਿਬ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਮੰਨਣ ਲੱਗ ਜਾਣਗੇ, ਉਦੋਂ ਸਮਾਜਿਕ ਇਨਕਲਾਬ ਦੀ ਸ਼ੁਰੂਆਤ ਹੋਵੇਗੀ।

# ਸਹਾਰਨਪੁਰ ਦੇ ਦੰਗੇ ਤੇ ਦਲਿਤਾਂ ਦਾ ਨਵਾਂ ਮਸੀਹਾ ਚੰਦਰਸ਼ੇਖਰ


ਪ੍ਰੋ. ਬਲਵਿੰਦਰਪਾਲ ਸਿੰਘ
91-98157-00916

ਭਾਜਪਾ ਤੇ ਆਰ ਐਸ ਐਸ ਆਪਣੇ ਹਿੰਦੂ ਰਾਜ ਦੇ ਮਿਸ਼ਨ ਦੀ ਪੂਰਤੀ ਵੱਲ ਪੜਾਅ ਦਰ ਪੜਾਅ ਅੱਗੇ ਵੱਧ ਰਹੀ ਹੈ। 2014 ਵਿਚ ਬਹੁਗਿਣਤੀ ਨਾਲ ਦੇਸ਼ ਦੀ ਹਕੂਮਤ ਤੇ ਕਬਜ਼ਾ ਤੇ ਉਸ ਤੋਂ ਬਾਅਦ ਹਿੰਦੂ ਧਰੁਵੀ ਕਰਨ ਕਰਕੇ ਸੂਬਿਆਂ ਵਿਚ ਰਾਸ਼ਟਰਵਾਦ ਦੇ ਨਾਮ 'ਤੇ ਭਗਵੇਂਵਾਦ ਦਾ ਝੰਡਾ ਲਗਾਤਾਰ ਲਹਿਰਾ ਰਹੀ ਹੈ, ਘੱਟ ਗਿਣਤੀਆਂ ਤੇ ਦਲਿਤਾਂ 'ਤੇ ਹਮਲੇ ਜਾਰੀ ਹਨ ਤੇ ਪਾਕਿਸਤਾਨ ਵਿਰੁੱਧ ਜਾਣ ਬੁੱਝ ਕੇ ਨਫ਼ਰਤ ਵਧਾਈ ਜਾ ਰਹੀ ਹੈ ਤਾਂ ਜੋ ਹਿੰਦੂ ਭਾਈਚਾਰੇ ਵਿਚ ਜਨੂੰਨੀ ਸੋਚ ਅਧੀਨ ਇਕਮੁੱਠ ਕੀਤਾ ਜਾ ਸਕੇ। ਫਿਰਕੂ ਸੋਚ ਅਧੀਨ ਜੋ ਦੰਗੇ ਹੁੰਦੇ ਹਨ, ਉਸ ਦਾ ਕਾਰਨ ਵੀ ਭਗਵੇਂਵਾਦੀ ਏਜੰਡਾ ਹੁੰਦਾ ਹੈ, ਜੋ ਪੂਰੀ ਤਰ੍ਹਾਂ ਰਾਜਨੀਤਕ ਹੁੰਦਾ ਹੈ। ਇਸੇ ਨੀਤੀ ਤਹਿਤ ਆਰ ਐਸ ਐਸ ਤੇ ਭਾਪਜਪਾ ਗੀਤਾ ਨੂੰ ਰਾਸ਼ਟਰੀ ਗਰੰਥ ਸਿਰਜ ਕੇ ਸਿੱਖਿਆ ਪ੍ਰਣਾਲੀ ਵਿਚ ਸਿਲੇਬਸ ਵਜੋਂ ਸ਼ਾਮਲ ਕਰਨਾ ਚਾਹੁੰਦੀ ਹੈ। ਆਰ ਐਸ ਐਸ ਤੇ ਭਾਜਪਾ ਦਾ ਨਿਸ਼ਾਨਾ 2019 ਵਿਚ ਭਾਜਪਾ ਦੇ ਖ਼ਾਤੇ 400 ਤੋਂ ਵੱਧ ਲੋਕ ਸਭਾ ਸੀਟਾਂ ਪਾ ਕੇ, ਦੇਸ਼ ਨੂੰ ਹਿੰਦੂ ਰਾਸ਼ਟਰ ਸਿਰਜਣਾ ਕਰਨਾ ਹੈ।

### ਦਲਿਤਾਂ 'ਤੇ ਹਮਲੇ

ਸਹਾਰਨਪੁਰ ਵਿੱਚ ਠਾਕਰਾਂ ਵੱਲੋਂ ਦਲਿਤਾਂ 'ਤੇ ਹਮਲਿਆਂ, ਘਰਾਂ ਦੀ ਸਾੜ-ਫੂਕ, ਕੁੱਟਮਾਰ ਤੋਂ ਬਾਅਦ ਪੁਲੀਸ ਪ੍ਰਸ਼ਾਸਨ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਸੰਬੰਧ ਵਿੱਚ ਆਦਿਤਿਆ ਨਾਥ ਸਰਕਾਰ ਵੀ ਮੂਕ ਦਰਸ਼ਕ ਬਣੀ ਰਹੀ। ਪ੍ਰਤੀਕਰਮ ਵਜੋਂ ਦਲਿਤ ਭਾਈਚਾਰਾ ਅੰਦੋਲਨ ਦੇ ਰਾਹ 'ਤੇ ਪੈ ਗਿਆ। ਉਨ੍ਹਾਂ ਨੇ ਦਿੱਲੀ ਵਿੱਚ ਹੀ ਮੋਰਚਾ ਲਗਾ ਦਿੱਤਾ। ਵੱਡੀ ਗੱਲ ਇਹ ਹੈ ਕਿ ਇਸ ਸਾਰੇ ਅੰਦੋਲਨ ਦੀ ਅਗਵਾਈ ਕਾਲਜ ਦੇ ਵਿਦਿਆਰਥੀ, ਵਿਦਿਆਰਥਣਾਂ ਤੇ ਨੌਜਵਾਨ ਕਰ ਰਹੇ ਹਨ। ਉਨ੍ਹਾਂ ਦੀ ਪ੍ਰੇਰਣਾ ਸਦਕਾ ਪੂਰੇ ਦੇਸ ਵਿੱਚੋਂ ਦਲਿਤ ਦਿੱਲੀ ਵਿਖੇ ਜੰਤਰ ਮੰਤਰ ਸਥਾਨ 'ਤੇ 21 ਮਈ ਨੂੰ ਇਕੱਠੇ ਹੋਏ। ਇਹ ਅੰਦੋਲਨ ਇਕ ਤਰ੍ਹਾਂ ਜਿੱਥੇ ਭਾਜਪਾ ਲਈ ਵੱਡੀ ਚੁਣੌਤੀ ਸੀ, ਉੱਥੇ ਬਸਪਾ ਲਈ ਵੀ। ਜੇਕਰ ਦਲਿਤ ਭਾਈਚਾਰੇ ਦੇ ਸਿਰ 'ਤੇ ਚਾਰ ਵਾਰ ਯੂਪੀ ਦੀ ਸੱਤਾ ਹਾਸਲ ਕਰਨ ਵਾਲੀ ਬਸਪਾ ਦੀ ਗੱਲ ਕਰੀਏ ਤਾਂ ਉਹ ਨਿਘਾਰ ਦੀ ਸਥਿਤੀ ਦਾ ਸਾਹਮਣਾ ਕਰ ਰਹੀ ਹੈ ਤੇ ਦਲਿਤ ਭਾਈਚਾਰਾ ਬਸਪਾ ਸੁਪਰੀਮੋ ਮਾਇਆਵਤੀ ਦੀਆਂ ਨੀਤੀਆਂ ਕਾਰਨ ਨਿਰਾਸ਼ ਹੈ। ਸਹਾਰਨਪੁਰ ਵਿਚ ਦਲਿਤਾਂ 'ਤੇ ਹਮਲਿਆਂ ਤੋਂ ਬਾਅਦ ਲੀਡਰਸ਼ਿਪ ਦੀ ਘਾਟ ਦੇ ਬਾਵਜੂਦ ਦਲਿਤਾਂ ਵਿੱਚ ਆਦਿਤਿਆ ਨਾਥ ਸਰਕਾਰ ਵਿਰੁੱਧ ਭਾਰੀ ਰੋਸ ਦਾ ਪ੍ਰਗਟਾਵਾ ਦੇਖਣ ਨੂੰ ਮਿਲ ਰਿਹਾ ਹੈ। ਇਸ ਅੰਦੋਲਨ ਦੀ ਅਗਵਾਈ ਸਹਾਰਨਪੁਰ ਦਾ ਗੱਭਰੂ ਚੰਦਰਸ਼ੇਖਰ ਆਜ਼ਾਦ ਜਿਸ ਨੇ ਹੁਣ ਆਪਣੇ ਨਾਮ ਦੇ ਨਾਲ ਰਾਵਣ ਰੱਖ ਲਿਆ ਹੈ, ਉਹ ਕਰ ਰਿਹਾ ਹੈ।

### ਕੌਣ ਹੈ ਚੰਦਰਸ਼ੇਖਰ

ਚੰਦਰਸ਼ੇਖਰ ਨੇ ਸਹਾਰਨਪੁਰ ਦੇ ਫਤਿਹਪੁਰ ਦੇ ਭਾਦੋ ਪਿੰਡ ਵਿੱਚ ਇੱਕ ਸਕੂਲ ਖੋਲ੍ਹਿਆ ਹੋਇਆ ਹੈ ਤੇ ਦਲਿਤ ਬੱਚਿਆਂ ਨੂੰ ਮੁਫ਼ਤ ਸਿੱਖਿਆ ਦੇ ਰਿਹਾ ਹੈ। ਅੱਜ ਪੱਛਮ ਉੱਤਰ ਪ੍ਰਦੇਸ਼ ਵਿੱਚ ਸਹਾਰਨਪੁਰ, ਮੁਜ਼ੱਫਰਨਗਰ, ਮੇਰਠ ਤੇ ਸ਼ਾਮਲੀ ਜ਼ਿਲ੍ਹੇ ਵਿੱਚ ਇਸ ਤਰ੍ਹਾਂ ਦੀਆਂ 350 ਸਕੂਲ ਮੌਜੂਦ ਹਨ। ਇਹ ਮੁਹਿੰਮ ਜੋ ਚੰਦਰਸ਼ੇਖਰ ਵੱਲੋਂ ਚਲਾਈ ਗਈ ਹੈ, ਉਹ ਸਿਰਫ਼ ਸਿੱਖਿਆ ਤੱਕ ਸੀਮਤ ਨਹੀਂ, ਸਗੋਂ ਦਲਿਤਾਂ 'ਤੇ ਅੱਤਿਆਚਾਰਾਂ ਤੇ ਹੱਕਾਂ ਲਈ ਵੀ ਇਸ ਭਾਈਚਾਰੇ ਨੂੰ ਲਾਮਬੰਦ ਕਰਨ ਲਈ ਚੰਦਰਸ਼ੇਖਰ ਨੇ ਬਾਬਾ ਸਾਹਿਬ ਅੰਬੇਡਕਰ ਦੇ ਨਾਂ 'ਤੇ ਭੀਮ ਸੈਨਾ ਦੀ ਸਥਾਪਨਾ ਕੀਤੀ ਹੈ। ਪਿਛਲੇ ਦਿਨੀਂ ਸ਼ਬੀਰਪੁਰ ਵਿੱਚ ਭਗਵੇਂਵਾਦੀਆਂ ਨੇ ਇੱਕ ਦਲਿਤ ਨੌਜਵਾਨ ਦਾ ਕਤਲ ਕਰ ਦਿੱਤਾ ਅਤੇ ਇਸ ਦੇ ਰੋਸ ਵਜੋਂ ਦਲਿਤ ਭਾਈਚਾਰੇ ਨੇ ਵਿਰੋਧ ਕੀਤਾ ਤਾਂ ਪ੍ਰਸ਼ਾਸਨ ਨੇ ਡੰਡੇ ਦੇ ਜ਼ੋਰ ਨਾਲ ਇਸ ਨੂੰ ਦਬਾ ਦਿੱਤਾ। ਭੀਮ ਸੈਨਾ ਕਾਰਨ ਦਲਿਤਾਂ ਦਾ ਰੋਸ ਭੜਕ ਉੱਠਿਆ। ਆਦਿਤਿਆ ਨਾਥ ਸਰਕਾਰ ਨੇ ਚੰਦਰਸ਼ੇਖਰ ਅਤੇ ਭੀਮ ਸੈਨਾ 'ਤੇ ਨਕਸਲੀ ਹੋਣ ਦੇ ਦੋਸ਼ ਲਗਾਏ। ਭੀਮ ਸੈਨਾ ਨੇ ਅੰਦੋਲਨ ਨੂੰ ਇਤਿਹਾਸਕ ਮੋੜਾ ਦਿੰਦਿਆਂ ਦਿੱਲੀ ਦੇ ਜੰਤਰ-ਮੰਤਰ 'ਤੇ ਅੰਦੋਲਨ ਕਰਕੇ ਦੇਸ ਦਾ ਧਿਆਨ ਖਿੱਚਿਆ ਕਿ ਭਗਵੇਂ ਵਿਚਾਰਧਾਰਾ ਵਿੱਚ ਰੰਗੀਆਂ ਸਰਕਾਰਾਂ ਜ਼ੁਲਮ ਵਿਰੁੱਧ ਅੰਦੋਲਨ ਕਰਨ ਵਾਲੇ ਦਲਿਤਾਂ ਨੂੰ ਕਿਵੇਂ ਨਕਸਲੀ ਅੱਤਵਾਦੀ ਹੋਣ ਦੇ ਦੋਸ਼ ਲਗਾ ਕੇ ਬਦਨਾਮ ਕਰ ਰਹੀਆਂ ਹਨ।






### ਕਾਂਸ਼ੀ ਰਾਮ ਦਾ ਅੰਦੋਲਨ ਤੇ ਭੀਮ ਸੈਨਾ

ਭੀਮ ਸੈਨਾ ਦੇ ਪ੍ਰਦਰਸ਼ਨ ਦੀ ਗੂੰਜ ਤਿੰਨ ਦਹਾਕੇ ਪਹਿਲਾਂ ਬਸਪਾ ਸੁਪਰੀਮੋ ਸ੍ਰੀ ਕਾਂਸ਼ੀ ਰਾਮ ਦੇ ਅੰਦੋਲਨ ਦੀ ਯਾਦ ਕਰਵਾਉਂਦੀ, ਜਿਸ ਨੇ ਭਾਰਤ ਵਿੱਚ ਦਲਿਤਾਂ 'ਤੇ ਹੋ ਰਹੇ ਜ਼ੁਲਮਾਂ ਵਿਰੁੱਧ ਸਿਰਫ਼ ਅਵਾਜ਼ ਹੀ ਨਹੀਂ ਉਠਾਈ ਸੀ, ਸਗੋਂ ਦਲਿਤਾਂ ਨੂੰ ਇਕੱਠਿਆਂ ਕਰਕੇ ਸਿਆਸੀ ਸ਼ਕਤੀ ਵੀ ਪ੍ਰਦਾਨ ਕੀਤੀ ਸੀ। ਬਾਬਾ ਸਾਹਿਬ ਅੰਬੇਡਕਰ ਦੀ ਵਿਚਾਰਧਾਰਾ ਤੇ ਖੇਤਰੀ ਦਲਿਤ ਨੇਤਾਵਾਂ ਨੇ ਸੁਤੰਤਰਤਾ ਅੰਦੋਲਨ ਦੇ ਸਮੇਂ ਦੌਰਾਨ ਮਹਾਰਾਸ਼ਟਰ ਵਿੱਚ ਭਾਵੇਂ ਜਿੰਨੀਆਂ ਲਹਿਰਾਂ ਉੱਠੀਆਂ ਹੋਣ, ਸੱਤਾ ਦੀ ਰਾਜਨੀਤੀ ਵਿੱਚ ਦਲਿਤਾਂ ਦੀ ਸ਼ਕਤੀ ਦਾ ਪ੍ਰਯੋਗ ਕਾਂਸ਼ੀ ਰਾਮ ਨੇ ਹੀ ਸਫ਼ਲ ਕਰ ਕੇ ਦਿਖਾਇਆ। 1984 ਦੌਰਾਨ ਬਹੁਜਨ ਸਮਾਜ ਪਾਰਟੀ ਬਣਾ ਕੇ ਕਾਂਸ਼ੀ ਰਾਮ ਨੇ ਸੰਪੂਰਨ ਦਲਿਤ ਬਲਕਿ ਬਹੁਜਨ ਸਮਾਜ ਨੂੰ ਰਾਜਨੀਤਕ ਰੂਪ ਨਾਲ ਇਕਮੁੱਠ ਕੀਤਾ ਤੇ ਅਹਿਸਾਸ ਕਰਾਇਆ ਕਿ ਦਲਿਤਾਂ ਨੂੰ ਗੁਲਾਮੀ ਤੋਂ ਮੁਕਤੀ ਪਾਉਣ ਦੇ ਲਈ ਬਸਪਾ ਨੂੰ ਸੱਤਾ ਵਿੱਚ ਪਹੁੰਚਾਉਣਾ ਜ਼ਰੂਰੀ ਹੈ। ਕਾਂਸ਼ੀ ਰਾਮ ਦੀ ਬਦੌਲਤ ਹੀ ਮਾਇਆਵਤੀ ਨੂੰ ਯੂਪੀ ਵਿੱਚ ਸੱਤਾ ਹਾਸਲ ਹੋਈ ਸੀ ਤੇ ਦਲਿਤਾਂ 'ਤੇ ਹੋ ਰਹੇ ਜ਼ੁਲਮਾਂ ਨੂੰ ਠੱਲ੍ਹ ਪਈ ਸੀ। ਇਹ ਵੱਖਰੀ ਗੱਲ ਹੈ ਕਿ ਮਾਇਆਵਤੀ ਕਾਂਸ਼ੀ ਰਾਮ ਦੇ ਅੰਦੋਲਨ ਨੂੰ ਜਾਰੀ ਨਹੀਂ ਰੱਖ ਸਕੀ ਤੇ ਸਿਧਾਂਤ ਤੋਂ ਭਟਕ ਕੇ ਅੱਜ ਬੁਰੀ ਤਰ੍ਹਾਂ ਰਾਜਨੀਤੀ ਵਿੱਚੋਂ ਗਾਇਬ ਹੋ ਰਹੀ ਹੈ। ਸਾਲ 2014 ਵਿੱਚ ਲੋਕਸਭਾ ਚੋਣ ਵਿੱਚ ਸਫਾਏ ਅਤੇ ਯੂਪੀ ਵਿਧਾਨ ਸਭਾ ਵਿੱਚ ਵੱਡੀ ਹਾਰ ਤੋਂ ਬਾਅਦ ਮਾਇਆਵਤੀ ਬਸਪਾ ਨੂੰ ਬਚਾਉਣ ਦਾ ਮਾਰਗ ਖੋਜ ਰਹੀ ਸੀ ਕਿ ਹੁਣ ਭੀਮ ਸੈਨਾ ਨੇ ਉਸ ਦੀ ਨੀਂਦ ਉਡਾ ਦਿੱਤੀ। ਭੀਮ ਸੈਨਾ ਨੇ ਸਿਰਫ਼ ਬਸਪਾ ਦੀ ਨੀਂਦ ਹੀ ਨਹੀਂ ਉਡਾਈ, ਸਗੋਂ ਭਾਜਪਾ ਦੇ ਨੇਤਾਵਾਂ ਦੀ ਨੀਂਦ ਵੀ ਉਡਾ ਦਿੱਤੀ ਹੈ, ਕਿਉਂਕਿ ਅੰਬੇਡਕਰ ਸੈਨਾ ਦਲਿਤ ਭਾਈਚਾਰੇ ਨੂੰ ਆਪਣੇ ਵਲ ਖਿੱਚਣ ਵਿਚ ਪੂਰੀ ਤਰ੍ਹਾਂ ਸਫਲ ਹੋਈ ਹੈ।

### ਦਲਿਤਾਂ ਨੇ ਧਰਮ ਬਦਲੇ

ਦਲਿਤ ਭਾਈਚਾਰੇ ਨੇ ਬਹੁਤ ਸਾਰੀਆਂ ਥਾਵਾਂ 'ਤੇ ਯੂਪੀ ਵਿੱਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਆਪਣੇ ਘਰਾਂ ਤੋਂ ਹਟਾ ਦਿੱਤਾ ਹੈ। ਕਈ ਥਾਂਵਾਂ 'ਤੇ ਦਲਿਤਾਂ ਨੇ ਬੋਧ ਧਰਮ ਅਪਨਾ ਲਿਆ ਹੈ ਤੇ ਕਈ ਦਲਿਤ ਇਸਲਾਮ ਧਰਮ ਅਪਣਾਉਣ ਦੀਆਂ ਧਮਕੀਆਂ ਦੇ ਰਹੇ ਹਨ ਕਿ ਜੇਕਰ ਆਦਿਤਿਆ ਨਾਥ ਪ੍ਰਸ਼ਾਸਨ ਨੇ ਸਾਡੇ ਨਾਲ ਇਨਸਾਫ਼ ਨਾ ਕੀਤਾ, ਤਾਂ ਅਸੀਂ ਇਸਲਾਮ ਅਪਣਾ ਲਵਾਂਗੇ।

### ਘੱਟ ਗਿਣਤੀਆਂ 'ਤੇ ਹਮਲੇ

ਇਸ ਤੋਂ ਪਹਿਲਾਂ ਵੀ ਯੂਪੀ, ਬਿਹਾਰ, ਹਰਿਆਣਾ ਵਿੱਚ ਦਲਿਤਾਂ 'ਤੇ ਹਮਲੇ ਹੁੰਦੇ ਰਹੇ ਹਨ। ਜਾਂਚ ਆਯੋਗ ਬਿਠਾਇਆ ਜਾਂਦਾ ਹੈ। ਮੁਆਵਜ਼ਾ ਦੇਣ ਦੀ ਗੱਲ ਸਰਕਾਰਾਂ ਵੱਲੋਂ ਹੁੰਦੀ ਹੈ। ਹਮਲਾਵਰਾਂ ਨੂੰ ਸਜ਼ਾ ਦੇਣ ਦੀ ਵੀ ਗੱਲ ਕੀਤੀ ਜਾਂਦੀ ਹੈ, ਪਰ ਦਲਿਤਾਂ ਨੂੰ ਇਨਸਾਫ਼ ਨਹੀਂ ਮਿਲਦਾ। ਭਾਰਤ ਵਿੱਚ ਘੱਟਗਿਣਤੀਆਂ ਨਾਲ ਵੀ ਇਹ ਵਰਤਾਰਾ ਜਾਰੀ ਹੈ। ਮੋਦੀ ਰਾਜ ਦੌਰਾਨ ਗਊ ਹੱਤਿਆ ਦੇ ਨਾਂ 'ਤੇ ਮੁਸਲਮਾਨਾਂ 'ਤੇ ਅੱਤਿਆਚਾਰ ਹੋ ਰਹੇ ਹਨ ਤੇ ਕਈ ਥਾਂਵਾਂ 'ਤੇ ਉਨ੍ਹਾਂ ਦੀਆਂ ਹੱਤਿਆਵਾਂ ਵੀ ਕਰ ਦਿੱਤੀਆਂ ਗਈਆਂ ਹਨ। ਗੁਜਰਾਤ ਵਿੱਚ ਮੁਸਲਮਾਨਾਂ ਦੀ ਨਸਲਕੁਸ਼ੀ ਵੀ ਹੋ ਚੁੱਕੀ ਹੈ, ਪਰ ਹੁਣ ਮੋਦੀ ਸਰਕਾਰ ਉਸ ਨੂੰ ਗੁਜਰਾਤ ਦੰਗਿਆਂ ਦਾ ਨਾਂ ਦੇ ਰਹੀ ਹੈ, ਜਿਵੇਂ ਕਾਂਗਰਸ ਦੇ ਰਾਜ ਦੌਰਾਨ ਹੋਏ ਦਿੱਲੀ ਸਿੱਖ ਕਤਲੇਆਮ ਨੂੰ ਮੋਦੀ ਸਰਕਾਰ ਦਿੱਲੀ ਦੰਗਿਆਂ ਦਾ ਹੀ ਨਾਂ ਦੇ ਰਹੀ ਹੈ।

### ਸਿੱਖਾਂ 'ਤੇ ਹਮਲੇ

ਇਸ ਤੋਂ ਇਲਾਵਾ ਸਿੱਖ ਕੌਮ ਨੂੰ ਹਿੰਦੂ ਧਰਮ ਦਾ ਅੰਗ ਮੰਨ ਕੇ ਉਨ੍ਹਾਂ ਦਾ ਇਤਿਹਾਸ ਵੀ ਬਦਲਿਆ ਜਾ ਰਿਹਾ ਹੈ। ਇੱਥੋਂ ਤੱਕ ਕਿ ਰਾਸ਼ਟਰੀ ਸਿੱਖ ਸੰਗਤ ਦੇ ਰਾਹੀਂ ਨਕਲੀ ਸਿੱਖਾਂ ਨੂੰ ਅੰਮ੍ਰਿਤਧਾਰੀ ਬਣਾ ਕੇ ਗ੍ਰੰਥੀ ਬਣਾਇਆ ਜਾ ਰਿਹਾ ਹੈ ਤੇ ਗੁਰਦੁਆਰਿਆਂ 'ਤੇ ਕਬਜ਼ੇ ਕੀਤੇ ਜਾ ਰਹੇ ਹਨ। ਗੁਰੂ ਗਰੰਥ ਸਾਹਿਬ 'ਤੇ ਪੰਜਾਬ ਵਿਚ ਹਮਲੇ, ਸਾਰੇ ਸਕੂਲਾਂ ਵਿਚ ਗੀਤਾ ਦੇ ਪਾਠ ਨੂੰ ਲਾਜ਼ਮੀ ਕਰਨਾ, ਪੰਜਾਬ ਵਿਚ ਪੰਜਾਬੀ ਬੱਚਿਆਂ ਦੀ ਪੰਜਾਬੀ ਬੋਲੀ ਤੋਂ ਦੂਰੀ ਨੂੰ ਹੋਰ ਵਧਾਉਣਾ ਹੈ, ਸਿੱਖ ਕੌਮ ਵਿਰੁੱਧ ਇਕ ਵੱਡੀ ਸਾਜ਼ਿਸ਼ ਹੈ। ਪਰ ਸਿੱਖ ਲੀਡਰਸ਼ਿਪ ਘੂਕ ਸੁੱਤੀ ਪਈ ਹੈ ਜਾਂ ਫਿਰ ਸੱਤਾ ਦੇ ਲੋਭ ਵਿਚ ਮਚਲੀ ਹੋਈ ਹੈ। ਆਰ. ਐੱਸ. ਐੱਸ. ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਸਿੱਖ ਧਰਮ ਵਿੱਚ ਦਸਮ ਗ੍ਰੰਥ ਤੇ ਇਤਿਹਾਸ ਦੇ ਮੁੱਦਿਆਂ 'ਤੇ ਵੰਡੀਆਂ ਪਾ ਕੇ ਆਪਸ ਵਿੱਚ ਗੁਰਦੁਆਰਿਆਂ ਵਿੱਚ ਲੜਾਈ ਝਗੜੇ ਕਰਵਾ ਕੇ ਸਿੱਖਾਂ ਦਾ ਅਕਸ ਵਿਸ਼ਵ ਵਿੱਚ ਹਿੰਸਕ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ।

ਕਾਰਨ ਇਹੀ ਹੈ ਕਿ ਕੈਨੇਡਾ, ਅਮਰੀਕਾ, ਯੂਰਪ, ਆਸਟਰੇਲੀਆ ਵਿੱਚ ਸਿੱਖ ਆਪਣੀ ਯੋਗਤਾ ਕਾਰਨ ਵੱਡੇ-ਵੱਡੇ ਅਹੁਦਿਆਂ 'ਤੇ ਪਹੁੰਚ ਚੁੱਕੇ ਹਨ ਅਤੇ ਉੱਥੋਂ ਦੇ ਲੋਕਾਂ 'ਤੇ ਸੰਕਟ ਪੈਣ 'ਤੇ ਦਰਵੇਸ਼ ਵਜੋਂ ਉਨ੍ਹਾਂ ਦਾ ਸਹਾਰਾ ਬਣ ਕੇ ਬਹੁੜਦੇ ਹਨ। ਇਸ ਕਾਰਨ ਸਿੱਖਾਂ ਦਾ ਅਦਬ ਸਤਿਕਾਰ ਵਿਦੇਸ਼ਾਂ ਵਿੱਚ ਵਧ ਰਿਹਾ ਹੈ, ਜੋ ਕਿ ਭਗਵੀਂ ਜਥੇਬੰਦੀਆਂ ਤੇ ਭਾਜਪਾ ਸਰਕਾਰ ਨੂੰ ਹਜ਼ਮ ਨਹੀਂ ਹੋ ਰਿਹਾ। ਅਸਲ ਵਿੱਚ ਭਗਵੇਂਵਾਦੀ ਜੱਥੇਬੰਦੀਆਂ ਤੇ ਆਰ. ਐੱਸ. ਐੱਸ. ਭਾਰਤ ਨੂੰ ਹਿੰਦੂ ਰਾਜ ਵਜੋਂ ਸਿਰਜਣਾ ਚਾਹੁੰਦੀਆਂ ਹਨ। ਘੱਟਗਿਣਤੀਆਂ ਤੇ ਦਲਿਤਾਂ 'ਤੇ ਹੁਣ ਤੱਕ ਹੋਏ ਸਮੁੱਚੇ ਹਮਲੇ ਇਸੇ ਵਿਚਾਰਧਾਰਾ ਦੀ ਦੇਣ ਹਨ। ਲੋੜ ਇਸੇ ਗੱਲ ਦੀ ਹੈ ਕਿ ਇਸ ਭਗਵੇਂਵਾਦ ਨੂੰ ਨੱਥ ਪਾਉਣ ਦੇ ਲਈ ਦਲਿਤਾਂ, ਘੱਟ ਗਿਣਤੀਆਂ ਨੂੰ ਇਕੱਠੇ ਅੰਦੋਲਨ ਕਰਨ ਦੀ ਲੋੜ ਹੈ, ਜੋ ਭਗਵੇਂਵਾਦੀਆਂ ਨੂੰ ਸੱਤਾ ਤੋਂ ਪਾਸੇ ਧਕੇਲ ਦੇਵੇ।

# ਪੰਜਾਬ ਦੇ ਇਤਿਹਾਸ ਨੂੰ ਸੰਭਾਲਦੀ ਪੁਸਤਕ 'ਬਲੱਡ ਆਨ ਦੀ ਗਰੀਨ' ਡਾ: ਜੌਹਲ, ਡਾ: ਢਿੱਲੋਂ ਤੇ ਡਾ: ਐਸ ਪੀ ਸਿੰਘ ਨੂੰ ਭੇਂਟ

ਲੁਧਿਆਣਾ- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਪ੍ਰਸਿੱਧ ਵਿਗਿਆਨੀਆਂ, ਸਾਹਿਤਕਾਰਾਂ ਅਤੇ ਵਿਦਵਾਨਾਂ ਦੁਆਰਾ ਪੰਜਾਬ ਖੇਤੀ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ, ਪ੍ਰਸਿੱਧ ਪੱਤਰਕਾਰ ਅਤੇ ਸਾਬਕਾ ਸੂਚਨਾ ਕਮਿਸ਼ਨਰ ਸ. ਪੀ ਪੀ ਐਸ ਗਿੱਲ ਦੀ ਪੰਜਾਬ ਦੇ ਸੰਤਾਪੇ ਦਿਨਾਂ ਬਾਰੇ ਲਿਖੀ ਪੁਸਤਕ 'ਬਲੱਡ ਆਨ ਦੀ ਗਰੀਨ' ਸੰਬੰਧੀ ਵਿਚਾਰ ਚਰਚਾ ਕੀਤੀ ਗਈ।

ਇਹ ਪੁਸਤਕ 1984 ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਵਿੱਚ ਪੰਜਾਬ ਵਿੱਚ ਵਾਪਰੇ ਦੁਖਦਾਈ ਸਮੇਂ ਤੇ ਇੱਕ ਡੂੰਘੀ ਝਾਤ ਪਾਉਂਦੀ ਹੈ ਕਿਉਂਕਿ ਇਹ ਸਮਾਂ ਪੰਜਾਬ ਦੇ ਗੰਭੀਰ ਸੰਕਟ ਦਾ ਹੈ। ਸ. ਪੀ.ਪੀ.ਐਸ. ਗਿੱਲ ਪੀਏਯੂ ਵਿਖੇ ਅਪਰ ਨਿਰਦੇਸ਼ਕ ਸੰਚਾਰ ਦੀ ਸੇਵਾ ਵੀ ਨਿਭਾ ਚੁੱਕੇ ਹਨ।

ਇਸ ਸਮਾਰੋਹ ਦੇ ਮੁੱਖ ਮਹਿਮਾਨ ਚਾਂਸਲਰ, ਸੈਂਟਰਲ ਯੂਨੀਵਰਸਿਟੀ ਪੰਜਾਬ, ਬਠਿੰਡਾ ਡਾ. ਐਸ. ਐਸ. ਜੌਹਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੀ ਪੀ ਐਸ. ਗਿੱਲ ਦੁਆਰਾ ਇੱਕ ਬਹੁਤ ਵੱਡਾ ਉਪਰਾਲਾ ਇਤਿਹਾਸ ਨੂੰ ਸਾਂਭਣ ਲਈ ਕੀਤਾ ਗਿਆ ਹੈ ਜੋ ਕਿ ਬਿਲਕੁਲ ਨਿਰਪੱਖ ਅਤੇ ਬਿਨਾਂ ਕਿਸੇ ਰਾਜਨੀਤਿਕ ਦਖਲ-ਅੰਦਾਜ਼ੀ ਦੇ ਸਿਰੇ ਚੜ੍ਹਿਆ ਹੈ । ਡਾ. ਜੌਹਲ ਨੇ ਇਸ ਪੁਸਤਕ ਨੂੰ ਇੱਕ ਇਤਿਹਾਸਕ ਦਸਤਾਵੇਜ ਦੱਸ ਕੇ ਸਨਮਾਨਿਆ ਅਤੇ ਕਿਹਾ ਕਿ ਇਸ ਲਈ ਸ. ਗਿੱਲ ਇਸ ਉਪਰਾਲੇ ਲਈ ਵਿਸ਼ੇਸ਼ ਧੰਨਵਾਦ ਦੇ ਪਾਤਰ ਬਣਦੇ ਹਨ ।

ਪੰਜਾਬ ਖੇਤੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਨੇ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਇਸ ਪੁਸਤਕ ਵਿੱਚ ਸ. ਗਿੱਲ ਨੇ ਉਸ ਸਮੇਂ ਵਾਪਰੀਆਂ ਪੰਜਾਬ ਦੀਆਂ ਦੁਖਦਾਈ ਘਟਨਾਵਾਂ ਦਾ ਵਰਣਨ ਬੜੇ ਮਾਰਮਿਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਕਰਕੇ ਸਮਾਜ ਵਿੱਚ ਆਪਣਾ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਸ. ਗਿੱਲ ਨੂੰ ਵਿਸ਼ੇਸ਼ ਤੌਰ ਤੇ ਵਧਾਈ ਦਿੱਤੀ।

ਵਿਸ਼ੇਸ਼ ਮਹਿਮਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ-ਚਾਂਸਲਰ ਡਾ. ਐਸ. ਪੀ. ਸਿੰਘ ਨੇ ਕਿਹਾ ਕਿ ਇਸ ਪੁਸਤਕ ਦੁਆਰਾ ਪੰਜਾਬ ਦੀ ਸੱਚੀ ਅਤੇ ਸੁੱਚੀ ਤਸਵੀਰ ਸਾਹਮਣੇ ਆਉਂਦੀ ਹੈ । ਉਨ੍ਹਾਂ ਕਿਹਾ ਕਿ ਬਲਦੇ ਮੌਸਮਾਂ ਦੀ ਵਾਰਤਾ ਏਨੇ ਸਹਿਜ ਤੇ ਸੁਹਜ ਨਾਲ ਲਿਖ ਸਕਣਾ ਪੀ ਪੀ ਐਸ ਦਾ ਹੀ ਕਮਾਲ ਹੈ। ਪ੍ਰਮੁੱਖ ਬੁਲਾਰੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਅਤੇ ਪ੍ਰਸਿੱਧ ਸਾਹਿਤਕਾਰ ਡਾ. ਮਨਮੋਹਨ ਸਿੰਘ ਆਈ ਪੀ ਐਸ ਨੇ ਕਿਹਾ ਕਿ ਇਹ ਪੁਸਤਕ ਸ. ਗਿੱਲ ਦੀ ਪੱਤਰਕਾਰੀ ਉਸ ਸਮੇਂ ਵਿੱਚ ਵਾਪਰਨ ਵਾਲੀਆਂ ਦੁਖਦਾਈ ਘਟਨਾਵਾਂ ਦੀ ਵਿਸ਼ੇਸ਼ ਗਵਾਹੀ ਭਰਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਪੁਸਤਕ ਨੂੰ ਸ. ਗਿੱਲ ਦੁਆਰਾ ਬੜੇ ਸਹਿਜ ਅਤੇ ਸੰਤੁਲਨ ਨਾਲ ਰਚਿਆ ਗਿਆ ਹੈ ਜਿਸ ਵਿੱਚ ਪੰਜਾਬ ਦੀਆਂ ਰੱਤ ਰੰਗੀਆਂ ਫ਼ਸਲਾਂ, ਜਵਾਨੀਆਂ ਦਾ ਘਾਣ, ਮੌਕਾ ਪ੍ਰਸਤੀ, ਅਨਪੜ੍ਹਤਾ ਅਤੇ ਰਾਜਨੀਤਿਕ ਧੋਖੇਬਾਜ਼ੀ ਆਦਿ ਸਭ ਕੁਝ ਹੀ ਨਜ਼ਰੀਂ ਪੈਂਦਾ ਹੈ । ਡਾ: ਅਮਰਜੀਤ ਸਿੰਘ ਹੇਅਰ ਨੇ ਆਪਣੇ ਵਿਦਿਆਰਥੀ ਪੀ ਪੀ ਐਸ ਗਿੱਲ ਤੋਂ ਹੋਰ ਵੱਡੀ ਕਿਤਾਬ ਲਿਖਣ ਦੀ ਰੀਝ ਪ੍ਰਗਟਾਈ।



ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਸ. ਗੁਰਭਜਨ ਸਿੰਘ ਗਿੱਲ ਨੇ ਸ. ਗਿੱਲ ਦੀ ਪੁਸਤਕ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪੁਸਤਕ ਪੰਜਾਬ ਦੇ ਬੁਰੇ ਦੌਰ ਦੀ ਤਸਵੀਰ ਨੂੰ ਪੂਰੀ ਸ਼ਿੱਦਤ ਨਾਲ ਸਾਹਮਣੇ ਲੈ ਕੇ ਆਉਂਦੀ ਹੈ । ਇਸ ਪੁਸਤਕ ਨੂੰ ਪੰਜਾਬੀ ਵਿੱਚ ਜਲਦੀ ਅਨੁਵਾਦ ਕੀਤਾ ਜਾ ਰਿਹਾ ਹੈ ਤਾਂ ਕਿ ਵੱਧ ਤੋਂ ਵੱਧ ਪੰਜਾਬੀ ਪਾਠਕ ਇਸ ਨੂੰ ਪੜ੍ਹ ਸਕਣ।

ਸ. ਪੀ.ਪੀ.ਐਸ. ਗਿੱਲ ਨੇ ਇਸ ਸਮਾਰੋਹ ਦਾ ਸਫ਼ਲਤਾਪੂਰਵਕ ਆਯੋਜਨ ਕਰਨ ਲਈ ਪੀਏਯੂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਪੁਸਤਕ ਵਿੱਚ ਇਤਿਹਾਸਕ ਤੱਤਾਂ ਨੂੰ ਪੂਰੇ ਸਹਿਜ ਅਤੇ ਸੰਤੁਲਨ ਨਾਲ ਬਰਕਰਾਰ ਰੱਖਿਆ ਗਿਆ ਹੈ । ਬੇਸਿਕ ਸਾਇੰਸਜ ਕਾਲਿਜ ਦੀ ਡੀਨ ਡਾ: ਗੁਰਿੰਦਰ ਕੌਰ ਸੰਘਾ ਨੇ 1988 ਚ ਅੱਤਵਾਦੀਆਂ ਵੱਲੋਂ ਆਪਣੇ ਸਤਿਕਾਰ ਯੋਗ ਪਿਤਾ ਸ: ਰਾਜਿੰਦਰ ਸਿੰਘ ਰੰਧਾਵਾ ਦੇ ਬੇਕਸੂਰੇ ਕਤਲ ਦੇ ਹਵਾਲੇ ਨਾਲ ਕਿਹਾ ਕਿ ਉਸ ਵਕਤ ਪੁਲੀਸ ਦਾ ਰੋਲ ਵੀ ਸ਼ੱਕ ਦੇ ਘੇਰੇ ਚ ਸੀ।

ਅਪਰ ਨਿਰਦੇਸ਼ਕ ਸੰਚਾਰ ਡਾ. ਜਗਦੀਸ਼ ਕੌਰ ਨੇ ਸਮਾਰੋਹ ਦਾ ਸੰਚਾਲਨ ਬਾਖੂਬੀ ਨਿਭਾਇਆ। ਇਸ ਮੌਕੇ ਡਾ: ਤੇਜਵੰਤ ਸਿੰਘ ਸਾਬਕਾ ਡੀਨ, ਸ: ਗੁਰਦਰਸ਼ਨ ਸਿੰਘ ਸੇਵਾਮੁਕਤ ਐਡੀ: ਡੀ ਜੀ ਪੀ ਯੂ ਪੀ, ਯੂਨੀਵਰਸਿਟੀ ਦੇ ਡੀਨ ਡਾਇਰੈਕਟਰ ਸਾਹਿਬਾਨ ਚੋਂ ਡਾ: ਨੀਲਮ ਗਰੇਵਾਲ, ਡਾ: ਜਸਕਰਨ ਸਿੰਘ ਮਾਹਲ, ਡਾ: ਰਵਿੰਦਰ ਕੌਰ ਧਾਲੀਵਾਲ, ਡਾ: ਜਸਪਾਲ ਸਿੰਘ, ਡਾ: ਮਹਿੰਦਰ ਸਿੰਘ ਸਿੱਧੂ, ਡਾ: ਸੁਖਪਾਲ ਸਿੰਘ,ਡਾ: ਜਸਵਿੰਦਰ ਭੱਲਾ, ਡਾ: ਨਿਰਮਲ ਜੌੜਾ, ਡਾਇਰੈਕਟਰ, ਯੁਵਕ ਭਲਾਈ, ਪੰਜਾਬ ਯੂਨੀਵਰਸਿਟੀ, ਉੱਘੇ ਲੇਖਕ ਤੇ ਸਫ਼ਲ ਕਿਸਾਨ ਸ: ਮਹਿੰਦਰ ਦੋਸਾਂਝ ਜਗਤਪੁਰ, ਡਾ: ਸ ਸ ਗਿੱਲ, ਹਕੀਕਤ ਸਿੰਘ ਮਾਂਗਟ, ਪ੍ਰੋ: ਰਵਿੰਦਰ ਭੱਠਲ, ਡਾ: ਗੁਰਇਕਬਾਲ ਸਿੰਘ, ਡਾ: ਗੁਲਜ਼ਾਰ ਪੰਧੇਰ, ਸ: ਹਰਪ੍ਰੀਤ ਸਿੰਘ ਸੰਧੂਐਡਵੋਕੇਟ, ਰਣਜੋਧ ਸਿੰਘ, ਤੇਜਪਰਤਾਪ ਸਿੰਘ ਸੰਧੂ, ਕੰਵਲਜੀਤ ਸਿੰਘ ਸ਼ੰਕਰ, ਡਾ: ਅਮਰਜੀਤ ਭੁੱਲਰ, ਪ੍ਰੋਫੈਸਰ ਆਫ ਇਕਨਾਮਿਕਸ ਪ੍ਰਿੰਸ ਜਾਰਜ ਯੂਨੀ: ਕੈਨੇਡਾ, ਡਾ: ਮਾਨ ਸਿੰਘ ਤੂਰ, ਡਾ: ਸਰਬਜੀਤ ਸਿੰਘ, ਡਾ: ਅਨਿਲ ਸ਼ਰਮਾ,ਡਾ: ਏ ਪੀ ਸਿੰਘ, ਡਾ: ਰਾਜ ਕੁਮਾਰ ਮਹੇ, ਡਾ: ਕਾਰਜ ਸਿੰਘ ਢਿੱਲੋਂ, ਸ਼੍ਰੀ ਰ ਕ ਕਾਲੀਆ ਐਡਵੋਕੇਟ ਤੋਂ ਇਲਾਵਾ ਕਈ ਸਿਰਕੱਢ ਵਿਅਕਤੀ ਹਾਜ਼ਰ ਸਨ।

– (ਐਸ ਬਲਵੰਤ)

# ਅੰਬੇਡਕਰਵਾਦ ਦਾ ਹਿੰਦੂਕਰਨ ਚਿੰਤਾਜਨਕ



ਕੁਲਵੰਤ ਸਿੰਘ ਟਿੱਬਾ
91- 92179 71379

ਭਾਰਤ ਅੰਦਰ ਆਰੀਅਨ ਵਿਚਾਰਧਾਰਾ ਅਤੇ ਅੰਬੇਡਕਰਵਾਦ ਦਾ ਸਿੱਧਾ ਟਕਰਾਅ ਪਿਛਲੇ ਕੁੱਝ ਸਮੇਂ ਤੋਂ ਦੇਖਣ ਨੂੰ ਮਿਲ ਰਿਹਾ ਹੈ ਪਰ ਅਜੋਕੇ ਦੌਰ ਵਿੱਚ ਅੰਬੇਡਕਰਵਾਦ ਦਾ ਹਿੰਦੂਕਰਨ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਸ਼ਾਇਦ ਇਤਿਹਾਸਕ ਪਿਛੋਕੜ ਵਾਂਗ ਬੜੀ ਜਲਦੀ ਹੀ ਅੰਬੇਡਕਰ ਨੂੰ ਮਨੂਵਾਦ ਨਿਗਲ ਜਾਵੇਗਾ। ਮੇਰਾ ਇਹ ਦਾਅਵਾ ਸ਼ਾਇਦ ਅੰਬੇਡਕਰਵਾਦੀਆਂ ਓਪਰਾ ਜਿਹਾ ਲੱਗੇ ਪਰ ਇਹ ਨਿਸ਼ਚਿਤ ਹੈ, ਜੇਕਰ ਅੰਬੇਡਕਰ ਦੀ ਵਿਚਾਰਧਾਰਾ ਨੂੰ ਮੰਨਣ ਦਾ ਦਾਅਵਾ ਕਰਨ ਵਾਲੇ ਲੋਕਾਂ ਨੇ ਪਿਛੋਕੜ ਤੋਂ ਸਬਕ ਨਾ ਸਿਖਿਆ। ਅੰਬੇਡਕਰ ਵਿਰੋਧੀ ਵਿਚਾਰਧਾਰਾ ਦਾ ਕੇਂਦਰ ਬਿੰਦੂ ਭਗਵਾਨ ਹੈ । ਪਿੱਛੇ ਜਿਹੇ ਇੱਕ ਹਿੰਦੀ ਓਹ ਮਾਈ ਗਾਡ ਨਾਂ ਦੀ ਫ਼ਿਲਮ ਵਿੱਚ ਕਾਂਚੀ ਮਹਿਤਾ ਨਾਂ ਦਾ ਇੱਕ ਪਾਤਰ , ਜੋ ਪ੍ਰਸਿੱਧ ਅਦਾਕਾਰ ਪਰੇਸ ਰਾਵਲ ਵੱਲੋਂ ਨਿਭਾਇਆ ਗਿਆ ਹੈ,ਹਿੰਦੂ ਦੇਵੀ ਦੇਵਤਿਆਂ ਦੇ ਨਾਂ ਤੇ ਹੋ ਰਹੇ ਵਪਾਰ ਤੇ ਬੜੇ ਹੀ ਚਲਾਕੀ ਨਾਲ ਪੇਸ਼ ਕਰਦਾ ਹੈ। ਇਹ ਫ਼ਿਲਮ ਵਿੱਚ ਜਦੋਂ ਦੇਵੀ ਦੇਵਤਿਆਂ ਦੇ ਨਾਂ ਤੇ ਵਪਾਰ ਕਰਨ ਵਾਲੇ ਪੁਜਾਰੀਆਂ ਦਾ ਧੰਦਾ ਕਾਂਚੀ ਮਹਿਤਾ ਦੀਆਂ ਤਰਕ ਭਰਪੂਰ ਦਲੀਲਾਂ ਕਾਰਣ ਬੰਦ ਹੋਣ ਦੇ ਕੰਢੇ ਪੁੱਜਦਾ ਹੈ ਤਾਂ ਪੁਜਾਰੀ ਲੋਕ ਕਾਂਚੀ ਨੂੰ ਹੀ ਭਗਵਾਨ ਬਣਾ ਕੇ ਉਸਦਾ ਮੰਦਰ ਬਣਾ ਕੇ ਲੁੱਟ ਦਾ ਕਾਰੋਬਾਰ ਮੁੜ ਸ਼ੁਰੂ ਕਰ ਦਿੰਦੇ ਹਨ। ਜਦਕਿ ਕਾਂਚੀ ਪੁਜਾਰੀ ਵਰਗ ਦੀ ਲੁੱਟ ਨੂੰ ਨੰਗਾ ਕਰਨ ਵਿੱਚ ਸਾਰੀ ਫ਼ਿਲਮ ਵਿੱਚ ਜੱਦੋਜਹਿਦ ਕਰਦਾ ਹੈ। ਖੈਰ ਇਸ ਫ਼ਿਲਮ ਦਾ ਜ਼ਿਕਰ ਮੇਰੇ ਇਸ ਹਥਲੇ ਲੇਖ ਦੀ ਭਾਵਨਾ ਦਾ ਪ੍ਰਗਟਾਵਾ ਕਰਨਾ ਹੈ। ਫ਼ਿਲਮ ਓਹ ਮਾਈ ਗਾਡ ਵਾਂਗ ਮਨੂਵਾਦ ਵਿਰੁੱਧ ਗਹਿਗੱਚ ਲੜਾਈ ਕਰਨ ਵਾਲੇ ਡਾ. ਅੰਬੇਡਕਰ ਨੂੰ ਵੀ ਭਗਵਾਨ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਹਾਲਾਂਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਦੀ ਵਿਚਾਰਧਾਰਾ ਲਿਖਤਾਂ ਦੇ ਰੂਪ ਵਿੱਚ ਮੌਜੂਦ ਹੈ ਪਰ ਫਿਰ ਵੀ ਅੰਬੇਡਕਰ ਦੀ ਵਿਚਾਰਧਾਰਾ ਮੰਨਣ ਵਾਲੇ ਲੋਕ ਖ਼ੁਦ ਹੀ ਅੰਬੇਡਕਰਵਾਦ ਦੇ ਹਿੰਦੂਕਰਨ ਲਈ ਮੋਹਰੀ ਭੂਮਿਕਾ ਨਿਭਾ ਰਹੇ ਹਨ। ਇਸ ਨੂੰ ਮਹਿਜ਼ ਸੰਯੋਗ ਨਹੀ ਮੰਨਿਆ ਜਾ ਸਕਦਾ। ਜਦਕਿ ਡਾ. ਅੰਬੇਡਕਰ ਨੇ ਸਪਸ਼ਟ ਤੌਰ ਤੇ ਲਿਖਿਆ ਕਿ ਮੇਰੀ ਜੈ ਜੈ ਕਾਰ ਕਰਨ ਦੀ ਥਾਂ ਮੇਰੇ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਆਪਣੀ ਜੀਅ ਜਾਨ ਦੀ ਬਾਜੀ ਲਗਾ ਦਿਓ। ਡਾ. ਅੰਬੇਡਕਰ ਦੇ ਵਿੱਚ ਪ੍ਰੀ ਨਿਰਮਾਣ ਤੋਂ ਬਾਅਦ ਲੰਮਾ ਸਮਾਂ ਰਾਜਨੀਤਿਕ ਅਤੇ ਸਮਾਜਿਕ ਤੌਰ ਤੇ ਭਾਰਤ ਅੰਦਰ ਹਾਸ਼ੀਏ ਤੇ ਰਹੇ ਡਾ. ਅੰਬੇਡਕਰ ਦੀ ਮਹੱਤਤਾ ਪਿਛਲੇ ਇੱਕ ਦਹਾਕੇ ਜ਼ਿਆਦਾ ਵਧੀ ਹੈ ਕਿਉਂਕਿ ਡਾ. ਅੰਬੇਡਕਰ ਇੱਕ ਰਾਜਨੀਤਿਕ ਬਰਾਂਡ ਬਣ ਕੇ ਉੱਭਰਿਆ। ਪਿਛਲੇ ਸਾਲ 2016 ਵਿੱਚ ਬਾਬਾ ਸਾਹਿਬ ਡਾ. ਬੀ.ਆਰ.ਅੰਬੇਡਕਰ ਦੇ 125 ਵੇਂ ਜਨਮ ਦਿਹਾੜੇ ਨੂੰ ਆਲਮੀ ਪੱਧਰ ਤੇ ਯੂਐੱਨਓ ਵੱਲੋਂ ਮਨਾਏ



ਜਾਣ ਤੋਂ ਬਾਅਦ ਅੰਬੇਡਕਰ ਦੀ ਘੇਰਾਬੰਦੀ ਵੱਡੀ ਪੱਧਰ ਤੇ ਹੋ ਰਹੀ ਹੈ। ਡਾ. ਅੰਬੇਡਕਰ ਨੂੰ ਭਗਵਾਨ ਬਣਾ ਕੇ ਪੇਸ਼ ਕੀਤਾ ਜਾਣ ਲੱਗਿਆ ਹੈ। ਹਰ ਸ਼ਹਿਰ, ਗਲੀ ਮੁਹੱਲੇ ਵਿੱਚ ਡਾ. ਅੰਬੇਡਕਰ ਦੇ ਬੁੱਤ ਲਗਾਏ ਜਾ ਰਹੇ ਹਨ। ਅੰਬੇਡਕਰਵਾਦੀ ਕਹਾਉਣ ਵਾਲੇ ਲੋਕਾਂ ਦੇ ਘਰਾਂ ਅੰਦਰ ਬਣੇ ਪੂਜਾ ਰੂਮ ਵਿੱਚ ਅੰਬੇਡਕਰ ਦੀ ਧੂਫ਼ ਬੱਤੀ ਹੋਣ ਲੱਗੀ ਹੈ।

ਜਿਸ ਵਿਚਾਰਧਾਰਾ ਦੇ ਖ਼ਿਲਾਫ਼ ਡਾ. ਅੰਬੇਡਕਰ ਜੀਵਨ ਭਰ ਲੜਦਾ ਰਿਹਾ, ਉਸਦੇ ਪੈਰੋਕਾਰ ਡਾ. ਅੰਬੇਡਕਰ ਨੂੰ ਭਗਵਾਨ ਮੰਨ ਕੇ ਪੂਜਾ ਕਰਨ ਅਤੇ ਜੈ ਜੈ ਕਾਰ ਕਰਕੇ ਆਪਣੇ ਆਪ ਨੂੰ ਸੱਚੇ ਅੰਬੇਡਕਰਵਾਦੀ ਕਹਾਉਣ ਦੀ ਹੋੜ ਜਿਹੀ ਲੱਗ ਗਈ ਹੈ ਜਦਕਿ ਅਸਲ ਵਿੱਚ ਅਜਿਹੇ ਅੰਬੇਡਕਰਵਾਦੀ ਲੋਕ ਹੀ ਅੰਬੇਡਕਰ ਦੇ ਹਿੰਦੂਕਰਨ ਦਾ ਮੁੱਢ ਬੰਨ੍ਹ ਰਹੇ ਹਨ। ਅਸੀਂ ਖੁਸ ਹੋ ਰਹੇ ਹਾਂ ਕਿ ਦੇਖੋ ਅੰਬੇਡਕਰ ਦੀ ਜੈ ਜੈ ਕਾਰ ਹੋ ਰਹੀ ਹੈ। ਪਹਿਲੀ ਨਜ਼ਰੇ ਦੇਖਿਆ ਲੱਗਦਾ ਹੈ ਕਿ ਅੰਬੇਡਕਰ ਯੁੱਗ ਦੀ ਸ਼ੁਰੂਆਤ ਹੋ ਗਈ ਹੈ ਪਰ ਇਸ ਵਰਤਾਰੇ ਨੂੰ ਡੂੰਘਾਈ ਨਾਲ ਸਮਝਣ ਦੀ ਜ਼ਰੂਰਤ ਹੈ।

ਚੇਤੰਨ ਮਨ ਅਤੇ ਸਹਿਜ ਅਵਸਥਾ ਨਾਲ ਅਜੋਕੇ ਮਾਹੌਲ ਦੀ ਪੜਚੋਲ ਕਰਦਿਆਂ ਇਹ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਹਿੰਦੂਵਾਦ ਵਿੱਚ ਅੰਬੇਡਕਰ ਨੂੰ ਜਜ਼ਬ ਕਰਨ ਲਈ ਸਾਜ਼ਿਸ਼ ਰਚੀ ਜਾ ਰਹੀ ਹੈ ਅਤੇ ਇਸ ਸਾਜ਼ਿਸ਼ ਵਿੱਚ ਅਸੀਂ ਖੁਸੀ ਖੁਸੀ ਭਾਗੀਦਾਰ ਬਣ ਰਹੇ ਹਾਂ। ਇਸਦਾ ਪ੍ਰੱਤਖ ਪ੍ਰਣਾਮ ਹੈ ਕਿ ਅੰਬੇਡਕਰ ਦੀ ਫੋਕੀ ਜੈ ਜੈ ਕਾਰ ਹੀ ਹੋ ਰਹੀ ਹੈ ਜਦਕਿ ਉਸਦੀ ਵਿਚਾਰਧਾਰਾ ਨੂੰ ਨੁੱਕਰੇ ਲਾਉਣ ਲਈ ਅੱਡੀ ਚੋਟੀ ਦਾ ਜੋਰ ਲਗਾਇਆ ਜਾ ਰਿਹਾ ਹੈ। ਭਾਜਪਾ ਵੀ ਡਾ. ਅੰਬੇਡਕਰ ਤੇ ਆਪਣਾ ਦਾਅਵਾ ਠੋਕ ਰਹੀ ਹੈ ਜਦਕਿ ਗੁਜਰਾਤ ਵਿੱਚ ਸਿੱਖਿਆ ਵਿਭਾਗ ਵੱਲੋਂ ਸਕੂਲੀ ਪਾਠਕ੍ਰਮ ਵਿੱਚ ਡਾ. ਅੰਬੇਡਕਰ ਦੀਆਂ 22 ਪ੍ਰਤਿੱਗਿਆਂਵਾ ਪ੍ਰਕਾਸ਼ਿਤ ਹੋਣ ਦਾ ਭਾਜਪਾ ਸਰਕਾਰ ਨੂੰ ਜਿਉਂ ਹੀ ਪਤਾ ਲੱਗਿਆ ਤਾਂ ਤੁਰੰਤ ਹੀ ਸਿਲੇਬਸ ਵਿੱਚੋਂ ਇਸ ਨੂੰ ਹਟਾ ਦਿੱਤਾ ਗਿਆ। ਕਿਉਂਕਿ ਡਾ. ਅੰਬੇਡਕਰ ਦੀਆਂ 22 ਪ੍ਰਤਿੱਗਿਆਂਵਾ ਅਸਲ ਵਿੱਚ ਮਨੂੰਵਾਦ ਲਈ ਵੱਡਾ ਖਤਰਾ ਹਨ। ਡਾ. ਅੰਬੇਡਕਰ ਦੇ ਜਿਊਂਦੇ ਜੀਅ ਉਨ੍ਹਾਂ ਦਾ ਵਿਰੋਧ ਕਰਦੀ ਰਹੀ ਕਾਂਗਰਸ ਦੇ ਐੱਸਸੀ ਸੈੱਲ ਨੇ ਭੀਲਵਾੜਾ ਵਿਖੇ 126 ਵੇਂ ਜਨਮ ਦਿਹਾੜੇ ਸਬੰਧੀ ਆਯੋਜਿਤ ਸਮਾਗਮ ਵਿੱਚ 126 ਕਿੱਲੋ ਦੁੱਧ ਨਾਲ ਡਾ. ਅੰਬੇਡਕਰ ਦੇ ਬੁੱਤ ਨੂੰ ਇਸਨਾਨ ਕਰਵਾਇਆ ਗਿਆ। ਇੱਥੇ ਹੀ ਬੱਸ ਨਹੀ ਡਾ. ਅੰਬੇਡਕਰ ਦੀ ਪੂਜਾ ਲਈ ਵਿਸ਼ੇਸ਼ ਤੌਰ ਤੇ ਪੰਡਿਤ ਬੁਲਾਏ ਗਏ, ਮੰਤਰ ਪੜੇ ਗਏ, ਯੱਗ ਕੀਤਾ ਗਿਆ।

ਪੰਡਿਤਾਂ ਨੇ ਯੱਗ ਅਤੇ ਮੰਤਰ ਉਚਾਰਣ ਵਿੱਚ ਗਾਂ ਦੇ ਗੋਬਰ, ਮੂਤਰ, ਗਾਂ ਦਾ ਦੁੱਧ , ਦਹੀ ਦੀ ਵਰਤੋਂ ਕਰਕੇ ਅਛੂਤ ਅੰਬੇਡਕਰ ਨੂੰ ਪਵਿੱਤਰ ਕਰ ਦਿੱਤਾ। ਰਾਜਸਥਾਨ ਵਿੱਚ ਬਾਬਾ ਰਾਮਦੇਵ ਦੇ ਚੰਦੇ ਨਾਲ ਅੰਬੇਡਕਰ ਦਾ ਆਦਮ ਕੱਦ ਬੁੱਤ ਲਗਾਇਆ ਜਾ ਰਿਹਾ ਹੈ। ਇੱਕ ਹੋਰ ਖ਼ਬਰ ਮੁਤਾਬਿਕ ਅੰਬੇਡਕਰ ਜੈਅੰਤੀ ਮੌਕੇ ਵੱਡਾ ਸੰਤਸੰਗ ਆਯੋਜਿਤ ਕੀਤਾ ਗਿਆ , ਭਗਵਾਨ ਅੰਬੇਡਕਰ ਅਤੇ ਗਣੇਸ਼ ਦੀਆਂ ਮੂਰਤੀਆਂ ਦੀ ਸਾਂਝੇ ਰੂਪ ਵਿੱਚ ਪੂਜਾ ਕਰਕੇ ਲੱਡੂਆਂ ਦਾ ਭੋਗ ਲਵਾਇਆ ਗਿਆ। ਰਾਏਪੁਰ ਵਿੱਚ ਅੰਬੇਡਕਰ ਮਹਿਮਾ ਲਈ ਔਰਤਾਂ ਵੱਲੋਂ 5100 ਕਲਸ ਯਾਤਰਾ ਕੱਢੀ ਗਈ, ਔਰਤਾਂ ਨੇ ਪਾਣੀ ਅਤੇ ਨਾਰੀਅਲ ਲੈ ਕੇ ਡਾ. ਅੰਬੇਡਕਰ ਦੇ ਬੁੱਤ ਨੂੰ ਅਰਪਿਤ ਕੀਤਾ ਗਿਆ। ਜਲਦੀ ਹੀ ਡਾ. ਅੰਬੇਡਕਰ ਦੇ ਨਾਂ ਤੇ ਮੰਦਰ ਬਣਾਉਣ ਦੀ ਗੱਲ ਸੁਣਨ ਨੂੰ ਮਿਲ ਰਹੀ ਹੈ। ਫਿਰ ਮੰਦਰ ਵਿੱਚ ਅੰਬੇਡਕਰ ਦੀ ਮਹਿਮਾ ਹੋਵੇਗੀ , ਘੰਟੀਆਂ , ਘੜਿਆਲ ਵੱਜਣਗੇ , ਚੌਂਕੀਆਂ ਲੱਗਣੀਆਂ , ਪ੍ਰਸਾਦ ਵੰਡਿਆ ਜਾਵੇਗਾ।

ਉਨ੍ਹਾਂ ਦੀ ਵਿਚਾਰਧਾਰਾ ਕਿਧਰੇ ਅਲੋਪ ਹੋ ਜਾਵੇਗੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਹਨੂਮਾਨ ਚਾਲੀਸਾ ਦੀ ਤਰਾਂ ਭੀਮ ਚਾਲੀਸਾ ਵੀ ਰਚ ਦਿੱਤੀ ਗਈ, ਹੁਣ ਗਾਈ ਜਾਵੋ ਬੱਸ ਡਾ. ਅੰਬੇਡਕਰ ਦੇ ਭਜਨ। ਡਾ. ਅੰਬੇਡਕਰ ਨੇ ਬੁੱਤ ਪੂਜਾ ਅਤੇ ਵਿਅਕਤੀ ਪੂਜਾ ਦਾ ਡਟਵਾਂ ਵਿਰੋਧ ਕੀਤਾ ਪਰ ਅਸੀਂ ਡਾ. ਅੰਬੇਡਕਰ ਦੇ ਸਿਧਾਂਤਾਂ ਦੇ ਉਲਟ ਕੰਮ ਕਰ ਰਹੇ ਹਾਂ। ਪੰਜਾਬ ਵਿੱਚ ਡਾ. ਅੰਬੇਡਕਰ ਦੇ ਬੁੱਤ ਨੂੰ ਦੁੱਧ ਨਾਲ ਪੰਚ ਇਸਨਾਨੀ ਕਰਵਾਉਣ ਦੀ ਖ਼ਬਰ ਹੈ। ਇਹ ਮਨੂਵਾਦ ਨਹੀ ਤਾਂ ਹੋਰ ਕੀ ਹੈ। ਭਾਰਤ ਅੰਦਰ ਕਈ ਥਾਵਾਂ ਤੇ ਨਜਾਇਜ਼ ਕਬਜਾ ਕਰਨ ਲਈ ਅੰਬੇਡਕਰ ਦੇ ਬੁੱਤ ਦਾ ਸਹਾਰਾ ਲਿਆ ਜਾ ਰਿਹਾ ਹੈ।

ਅੰਬੇਡਕਰਵਾਦ ਵਿੱਚ ਮੂਰਤੀ ਪੂਜਾ ਜਾਂ ਹਿੰਦੂਕਰਨ ਲਈ ਕੋਈ ਥਾਂ ਨਹੀ ਹੈ ਪਰ ਫਿਰ ਧੜੱਲੇ ਨਾਲ ਹੋ ਰਿਹਾ ਹੈ, ਕੀ ਇਹ ਸਿਰਫ਼ ਇਤਫ਼ਾਕ ਹੈ। ਜੇਕਰ ਅਸੀਂ ਸਵੈ ਪੜਚੋਲ ਕਰਕੇ ਸਹੀ ਨਿਰਣਾ ਨਾ ਲਿਆ ਤਾਂ ਸਾਡੇ ਮਹਾਂਪੁਰਸ਼ਾਂ ਦਾ ਵਿਚਾਰਧਾਰਾ ਹਾਸ਼ੀਏ ਤੇ ਧੱਕ ਦਿੱਤੀ ਜਾਵੇਗੀ ਅਤੇ ਭਵਿੱਖ ਵਿੱਚ ਆਉਣ ਵਾਲੀ ਨਸਲਾਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ।

### ਜਨਮ ਦਿਨ ‘ਤੇ ਵਿਸ਼ੇਸ਼

## ਮਹਾਨ ਅਜ਼ਾਦੀ ਘੁਲਾਟੀਆ ਪੰਡਿਤ ਕਿਸ਼ੋਰੀ ਲਾਲ



ਨਵਜੋਤ ਬਜਾਜ (ਗੱਗੂ)
91-98721-02614

ਪੰਡਿਤ ਕਿਸ਼ੋਰੀ ਲਾਲ ਦਾ ਜਨਮ 9 ਜੂਨ 1990 ਨੂੰ ਪਿੰਡ ਧਰਮ ਪੁਰ ਵਿਖੇ ਅਧਿਆਪਕ ਪਿਤਾ ਪੰਡਿਤ ਰਘਵੀਰਦੱਤ ਸ਼ਾਸਤਰੀ ਦੇ ਘਰ ਹੋਇਆ । ਪੰਜਾਬ ਦਾ ਇਹ ਕੰਡੀ ਇਲਾਕੇ ਵਿੱਚ ਵਸਿਆ ਪਿੰਡ, ਮਾਤਾ ਧਰਮ ਪੁਰ ਦੇਵੀ ਦੇ ਪ੍ਰਾਚੀਨ ਮੰਦਰ ਅਤੇ ਦੂਜਾ ਅਜ਼ਾਦੀ ਘੁਲਾਟੀਏ ਪੰਡਿਤ ਕਰਕੇ ਮਸ਼ਹੂਰ ਹੈ। ਕਿਸ਼ੋਰੀ ਲਾਲ ਨੇ ਦਸਵੀਂ ਪਾਸ ਕਰਨ ਉਪਰੰਤ ਡੀ.ਏ.ਵੀ ਕਾਲਜ ਲਹੌਰ ਵਿਖੇ ਬੀ.ਏ ਵਿੱਚ ਦਾਖਲਾ ਲਿਆ। ਉਥੇ ਉਹਨਾਂ ਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ। ਉਸ ਸਮੇਂ ਭਗਤ ਸਿੰਘ ਪੰਡਿਤ ਕਿਸ਼ੋਰੀਲਾਲ ਵਰਗੇ ਹਮ ਖਿਆਲ ਨੌਜਵਾਨਾ ਲਈ ਰੋਲ ਮਾਡਲ ਬਣ ਚੁੱਕਿਆ ਸੀ। ਇਹ ਸਭ ਕੁਝ ਦੇਖ ਕੇ ਪੰਡਿਤ ਕਿਸੋਰੀ ਲਾਲ ਪ੍ਰਭਾਵਤ ਹੋਇਆ, ਉਹ ਵੀ ਦੇਸ ਭਗਤੀ ਤੇ ਅਜ਼ਾਦੀ ਦਾ ਪ੍ਰਵਾਨਾ ਬਣ



ਗਿਆ। ਉਸ ਨੇ ਆਪਣੀ ਪੜਾਈ ਵਿਚਾਲੇ ਹੀ ਛੱਡ ਦਿੱਤੀ ਤੇ ਉਹ ਪੰਜਾਬ ਦੀ ਨੌਜਵਾਨ ਭਾਰਤ ਸਭਾ ਵਿੱਚ ਸ਼ਾਮਿਲ ਹੋ ਗਏ।

ਪੰਡਿਤ ਕਿਸ਼ੋਰੀ ਲਾਲ ਭਗਤ ਲਾਲ ਭਗਤ ਸਿੰਘ ਦੇ ਕਰੀਬੀ ਤੇ ਵਿਸ਼ਵਾਸ ਪਾਤਰ ਬਣ ਗਏ ਤੇ ਜਥੇਬੰਦੀ ਦੇ ਸਿਰ ਕੱਢ ਆਗੂ ਸਾਬਤ ਹੋਏ। 15 ਅਪ੍ਰੈਲ 1929 ਨੂੰ ਪੰਡਿਤ ਕਿਸ਼ੋਰੀ ਲਾਲ ਨੂੰ ਇਨਕਲਾਬੀਆਂ ਦੇ ਗੁਪਤ ਅੱਡੇ ਕਸ਼ਮੀਰ ਬਿਲਡਿੰਗ ਤੋ ਅੰਗਰੇਜ਼ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਉਨ੍ਹਾਂ ਪਾਸੋਂ ਮਿਲੀ ਅਲਮਾਰੀ ਦੀ ਚਾਬੀ, ਜਿਸ ਵਿੱਚ ਬੰਬ ਬਣਾਉਣ ਦਾ ਪਾਊਡਰ, ਬੰਬਾ ਦੇ ਖੋਲ, ਬੰਬ ਬਣਾਉਣ ਦੀ ਤਕਨੀਕ ਵਾਲੀ ਕਿਤਾਬਾਂ ਵੀ ਫੜੀਆਂ ਗਈਆਂ ਸਨ। ਇਸ ਲਈ ਪੰਡਿਤ ਕਿਸ਼ੋਰੀ ਲਾਲ ਲਾਲ ਤੇ ਇਨਕਲਾਬੀਆਂ ਲਈ ਬੰਬ ਬਣਾਉਣ, ਸਾਂਡਰਸ ਦੇ ਕਤਲ, ਅਸੈਂਬਲੀ ਵਿੱਚ ਬੰਬ ਸੁੱਟਣ ਵਿੱਚ ਮਦਦ ਕਰਨ ਅਤੇ ਅੰਗਰੇਜ਼ੀ ਸਰਕਾਰ ਖ਼ਿਲਾਫ਼ ਬਗਾਵਤੀ ਇਸ਼ਤਿਹਾਰ ਛਾਪਣ ਵਰਗੇ ਗੰਭੀਰ ਦੋਸ਼ ਲੱਗ ਚੁੱਕੇ ਸਨ, ਇਸ ਲਈ ਪੰਡਿਤ ਕਿਸ਼ੋਰੀ ਲਾਲ ਨੂੰ 1929 ਤੋ ਲੈ ਕੇ 1946 ਤੱਕ ਵੱਖੋ-ਵੱਖਰੀਆਂ ਜੇਲ੍ਹਾਂ ਵਿੱਚ ਕੈਦ ਰੱਖਿਆ ਤੇ ਉਸ ਨੂੰ ਅੰਗਰੇਜ਼ ਪੁਲਿਸ ਦਾ ਅਣਮਨੁੱਖੀ ਤਸ਼ੱਦਦ ਝੱਲਣਾ ਪਿਆ। 1946 ਨੂੰ ਜਦੋਂ ਪੰਡਿਤ ਜੀ ਰਿਹਾਅ ਹੋਏ ਤਾਂ ਉਹ ਕਮਿਉਨਿਸਟ ਵਿਚਾਰਧਾਰਾ ਹੋਣ ਕਰਕੇ ਕਮਿਉਨਿਸਟ ਪਾਰਟੀ ਨਾਲ ਜੁੜ ਗਏ ਤੇ ਫਿਰ ਦੇਸ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ ਲੱਗੇ। ਅਜ਼ਾਦੀ ਮਗਰੋਂ ਵੀ 1958 ਵਿੱਚ ਮੁਕੇਰੀਆ ਵਿਖੇ ਇੱਕ ਕਾਨਫਰੰਸ ਦੌਰਾਨ ਇਹਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੰਡਿਤ ਜੀ ਨੇ ਅਜ਼ਾਦੀ ਦੀ ਲੜਾਈ ਦੌਰਾਨ ਸਭ ਤੋ ਲੰਬੀ ਚੱਲੀ ਭੁੱਖ ਹੜਤਾਲ (ਲਗਭਗ 77ਦਿਨ) ਵਿੱਚ ਵੀ ਹਿੱਸਾ ਲਿਆ। ਉਹ ਗੋਆ ਦੇ ਸੱਤਿਆ ਗ੍ਰਹਿ ਵਿੱਚ ਵਰਦੀਆਂ ਗੋਲੀਆਂ ਵਿੱਚ ਵੀ ਡਟੇ ਰਹੇ। ਪੰਡਿਤ ਕਿਸ਼ੋਰੀ ਲਾਲ ਪੂਰਾ ਜੀਵਨ ਦੇਸ ਖਾਤਰ ਸੰਘਰਸ਼ ਕਰਦ ਰਹੇ। ਆਖਿਰ ਉਹ 11 ਜੁਲਾਈ 1990 ਨੂੰ ਸਾਨੂੰ ਸਦੀ ਵੀ ਵਿਛੋੜਾ ਦੇ ਗਏ। 9 ਜੂਨ ਨੂੰ ਪੰਡਿਤ ਜੀ ਦੇ 108 ਵੇਂ ਜਨਮ ਦਿਨ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਦਿਆਂ, ਸਿਰਫ ਭਗਤ ਸਿੰਘ ਦਾ ਸਾਥੀ ਕਹਿਣ ਨਾਲ ਉਨ੍ਹਾਂ ਵੱਲੋਂ ਦੇਸ ਦੀ ਅਜ਼ਾਦੀ ਲਈ ਕੀਤੇ ਸੰਘਰਸ਼ ਦਾ ਮੁੱਲ ਨਹੀਂ ਉਤਾਰਿਆ ਜਾ ਸਕਦਾ। ਪੰਡਿਤ ਜੀ ਨੇ ਵੀ ਭਗਤ ਸਿੰਘ, ਸੁਖਦੇਵ ਸਿੰਘ ਤੇ ਰਾਜਗੁਰੂ ਵਾਂਗ ਦੇਸ਼ ਅਜ਼ਾਦੀ ਲਈ ਸੰਘਰਸ਼ ਕੀਤਾ। ਅਸੀ ਕਦੇ ਵੀ ਅਜਿਹੇ ਮਹਾਨ ਅਜ਼ਾਦੀ ਘੁਲਾਟੀਏ ਦਾ ਦੇਣਾ ਨਹੀਂ ਦੇ ਸਕਦੇ, ਰਹਿੰਦੀ ਦੁਨੀਆ ਤੱਕ ਉਹ ਸਾਡੇ ਦਿਲਾਂ ਵਿੱਚ ਜਿਉਦੇ ਰਹਿਣਗੇ।

# ਇੰਝ ਚਲਾਇਆ ਦੋ ਹਜ਼ਾਰ ਦਾ ਨੋਟ



ਹਰਦੀਪ ਬਿਰਦੀ
91-90416-00900

ਨੋਟਬੰਦੀ ਵਾਲੇ ਦਿਨ ਸਿਰਫ਼ ਚਾਰ ਸੌ ਰੁਪਏ ਜੇਬ ਚ ਸਨ ਤੇ ਹੌਂਸਲਾ ਸੀ ਕਿ ਕੋਈ ਨਾ ਕਲ੍ਹ ਨੂੰ ਦੋ ਹਜ਼ਾਰ ਕਢਵਾ ਲਵਾਂਗਾ । ਪਰ ਦੋ ਦਿਨ ਬਾਅਦ ਸ਼ਾਮ ਨੂੰ ਜਦ ਪੈਸੇ ਕਢਵਾਉਣ ਲਈ ਏ ਟੀ ਐਮ ਅੱਗੇ ਪੁੱਜਾ ਤਾਂ ਜਾਂ ਬਹੁਤੇ ਏ ਟੀ ਐਮ ਖ਼ਾਲੀ ਸਨ ਜਾਂ ਬੰਦ। ਮਨ ਨਿਰਾਸ਼ ਹੋਇਆ। ਪਰੇਸ਼ਾਨੀ ਝੱਲਣ ਤੋਂ ਬਾਅਦ ਆਖ਼ਿਰ ਦਸ ਦਿਨਾਂ ਬਾਅਦ ਬੈਂਕ ਚੋਂ ਜਾ ਕੇ ਪੈਸੇ ਕਢਵਾਏ। ਪੈਸੇ ਮਿਲਣ ਦੀ ਵਖਰੀ ਹੀ ਖੁਸ਼ੀ ਸੀ । ਦੋ ਹਜ਼ਾਰ ਦੇ ਕੜਕ ਨੋਟ ਜੇਬ ਚ ਵਖਰਾ ਹੀ ਅਹਿਸਾਸ ਦੇ ਰਹੇ ਸਨ। ਪਰ ਇਹ ਖੁਸ਼ੀ ਜ਼ਿਆਦਾ ਦੇਰ ਨਾ ਰਹੀ । ਮੋਬਾਇਲ ਦਾ ਬਿਲ ਜਮ੍ਹਾਂ ਕਰਾਉਣ ਲੱਗਾ ਤਾਂ ਉਸਨੇ ਕਿਹਾ ਪੈਸੇ ਖੁੱਲੇ ਦਿਓ ਜੀ । ਬਹਿਸ ਕਰਨ ਤੋਂ ਬਾਅਦ ਉਥੋਂ ਚਲ ਪਿਆ। ਫੇਰ ਕੁਝ ਪੰਸ-ਾਰੀ ਦਾ ਸਮਾਨ ਲਿਆ ਤਾਂ ਤਿੰਨ ਸੌ ਦੇ ਕਰਕਰੀਬ ਪੈਸੇ ਦੇਣੇ ਬਣੇ ਜਦੋਂ ਦੋ ਹਜ਼ਾਰ ਦਾ ਨੋਟ ਕਢਿਆ ਤਾਂ ਦੁਕਾਨਦਾਰ ਨੇ ਉਹੀ ਜਵਾਬ ਦਿੱਤਾ ਖੁੱਲੇ ਦਵੋ ਜੀ । ਪਹਿਲਾਂ ਨੋਟ ਨਾ ਮਿਲਣ ਦੀ ਪਰੇਸ਼ਾਨੀ ਸੀ ਤੇ ਹੁਣ ਦੋ ਹਜ਼ਾਰ ਦੇ ਨੋਟ ਨੂੰ ਚਲਾਉਣ ਦੀ ਨਵੀਂ ਪਰੇਸ਼ਾਨੀ। ਫੇਰ ਸੋਚਿਆ ਇੱਕ ਕਮੀਜ਼ ਲੈ ਲੈਨੇ ਆਂ । ਪਰ ਇੱਥੇ ਦੁਕਾਨਦਾਰ ਕਹਿੰਦਾ ਦੋ ਲੈਲੋ ਤਾਂ ਤੋੜ ਦਵਾਂਗੇ ਨੋਟ। ਜਦੋਂ ਲੋੜ ਹੀ ਨਹੀ ਸੀ ਤਾਂ ਕਿਵੇਂ ਲੈ ਲੈਂਦਾ ਦੋ ਕਮੀਜ਼। ਬਹਿਸ ਕਰਨ ਤੋਂ ਬਾਅਦ ਉਥੋਂ ਵੀ ਚੱਲ ਪਿਆ। ਰਾਤ ਬੜੀ ਪਰੇਸ਼ਾਨੀ ਚ ਲੰਘੀ। ਸਵੇਰੇ ਨਵੇਂ ਜੋਸ਼ ਨਾਲ ਪੇਟ੍ਰੋਲ ਪੰਪ ਤੇ ਪੁੱਜਾ ਤੇ ਦੋ ਸੌ ਦਾ ਤੇਲ ਪਾਉਣ ਲਈ ਕਿਹਾ । ਜਵਾਬ ਮਿਲਿਆ, " ਪੈਸੇ ਖੁੱਲੇ ਨੇ ?" ਮੈਂ ਕਿਹਾ , " ਦੋ ਹਜ਼ਾਰ ਦੇ "। ਇਥੋਂ ਵੀ ਕੋਰਾ ਜਵਾਬ ਮਿਲ ਗਿਆ । ਹੁਣ ਬਹਿਸ ਕਰਕੇ ਅਗਲੇ ਪੰਪ ਲਈ ਚਲੇ ਪਾ ਦਿੱਤੇ ।

ਉਥੇ ਜਾ ਕੇ ਵੀ ਦੋ ਸੌ ਦਾ ਤੇਲ ਪਾਉਣ ਲਈ ਕਿਹਾ, ਜਵਾਬ ਉਹੀ ਸੀ , "ਪੈਸੇ ਖੁੱਲੇ ਨੇ ?" ਮੈਂ ਕਿਹਾ , " ਦੋ ਹਜ਼ਾਰ ਦੇ "। ਤਾਂ ਨਵਾਂ ਜਵਾਬ ਸੀ ਬਾਕੀ ਪੰਜ ਸੌ ਦੇ ਮਿਲਣਗੇ । ਮੈਂ ਪੰਜ ਸੌ ਦੇ ਨੋਟਾਂ ਚ ਬਕਾਇਆ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਪੰਪ ਤੋਂ ਬੁੜ ਬੁੜ ਕਰਦਾ ਚਲਣ ਲੱਗਾ ਤਾਂ ਪੰਪ ਵਾਲਾ ਦੋ ਸੌ ਦੇ ਭੁਗਤਾਨ ਬਾਰੇ ਕਹਿਣ ਲੱਗਾ । ਮੈਂ ਕਿਹਾ ਤੇਲ ਤੂੰ ਪਾਉਣਾ ਨਹੀਂ ਤੇ ਮੈਂ ਇਹੀ ਨੋਟ ਦੇਣਾ । ਉਹ ਕਹਿੰਦਾ ਤੇਲ ਤਾਂ ਮੈਂ ਪਾ ਦਿੱਤਾ ਤੁਸੀ ਪੈਸੇ ਦਵੋ । ਨੋਟ ਤੋੜਨ ਦੇ ਚੱਕਰ ਚ ਉਹ ਪਹਿਲਾਂ ਹੀ ਤੇਲ ਪਾ ਚੁੱਕਾ ਸੀ ਜੋ ਮੇਰੇ ਧਿਆਨ ਚ ਨਹੀਂ ਸੀ ਤੇ ਉਹ ਕਾਹਲ ਕਰ ਚੁੱਕਾ ਸੀ । ਹੁਣ ਗਰਾਰੀ ਫਸ ਗਈ । ਪੰਪ ਵਾਲਾ ਖੁੱਲੇ ਪੈਸੇ ਮੰਗ ਰਿਹਾ ਸੀ ਤੇ ਮੈਂ ਦੋ ਹਜ਼ਾਰ ਨੂੰ ਤੋੜਨ ਦੀ ਜਿੱਦ ਤੇ ਸੀ । ਉਸਨੇ ਮੈਨੂੰ ਪੁਰਾਣੇ ਪੰਜ ਸੌ ਦੇਣ ਦੀ ਕੋਸਿਸ਼ ਕੀਤੀ ਪਰ ਮੈਂ ਇਨਕਾਰ ਕਰ ਦਿੱਤਾ ।

ਪੰਪ ਵਾਲੇ ਨੇ ਟਰਕੌਣ ਦੀ ਕੋਸ਼ਿਸ਼ ਕੀਤੀ ਕਿ ਬਹੁਤ ਸਮਾਂ ਲੱਗੂ ਤੋੜਨ ਨੂੰ ਹਾਲੇ ਖੁੱਲੇ ਨਹੀਂ ਆ ਰਹੇ । ਪਰ ਮੈਂ ਇੰਤੇਜਾਰ ਕਰਨ ਲਈ ਕਿਹਾ। ਫੇਰ ਉਸਨੇ ਨਵਾਂ ਟੋਟਕਾ ਵਰਤਿਆ। ਸਰਦਾਰ ਜੀ ਅੱਠ ਸੌ ਖੁੱਲੇ ਲੈ ਲੋ ਬਾਕੀ ਦੋ ਪੰਜ ਸੌ ਦੇ ਲੈਲੋ ਤੇ ਸ਼ਾਮ ਨੂੰ ਆਕੇ ਬਦਲ ਲਿਓ । ਪਰ ਹੁਣ ਮੈਂ ਨੋਟ ਸੌ ਸੌ ਦੇ ਲੈਣ ਦੀ ਜਿੱਦ ਤੇ ਹੀ ਅੜ ਗਿਆ । ਉਸਨੇ ਲੱਗਭੱਗ ਪੰਦਰਾਂ ਮਿੰਟ ਇੰਝ ਹੀ ਬਰਬਾਦ ਕਰ ਦਿੱਤੇ । ਮੇਰੀ ਨਜ਼ਰ ਉਸਦੀ ਨਜ਼ਰ ਨਾਲ ਲੜ ਰਹੀ ਸੀ । ਆਖਿਰ ਉਹ ਖਿਜ਼ ਗਿਆ ਤੇ ਅੰਦਰੋਂ ਜਾਕੇ ਸੌ ਸੌ ਦੇ ਨੋਟਾਂ ਚ ਬਕਾਇਆ ਲੈ ਆਇਆ। ਸੌ ਸੌ ਦੇ ਨੋਟਾਂ ਚ ਬਕਾਇਆ ਦੇਕੇ ਉਹ ਇੰਝ ਅਹਿਸਾਨ ਕਰ ਸੀ ਜਿਸ ਤਰਾਂ ਤੇਲ ਪਵਾਉਣ ਦੇ ਪੈਸੇ ਦੇ ਰਿਹਾ ਹੋਵੇ। ਪਰ ਜੋ ਵੀ ਸੀ, ਉਸਦਾ ਕਾਹਲੀ ਨਾਲ ਪਾਇਆ ਤੇਲ ਮੈਨੂੰ ਰਾਸ ਆ ਗਿਆ ਤੇ ਪੰਦਰਾਂ ਵੀਹ ਮਿੰਟ ਦੇ ਸਮੇਂ ਦੀ ਬਰਬਾਦੀ ਤੋਂ ਬਾਅਦ ਨੋਟ ਟੁੱਟਣ ਤੇ ਮੈਂ ਵੀ ਆਪਣੇ ਆਪ ਨੂੰ ਰਾਜਾ ਮਹਿਸੂਸ ਕਰ ਰਿਹਾ ਸੀ।

# ਚੋਣਾਂ ਜਿੱਤਣ ਦੇ ਬਾਵਜੂਦ ਹਰ ਫ਼ਰੰਟ ’ਤੇ ਫ਼ੇਲ੍ਹ ਮੋਦੀ ਸ਼ਾਸਨ

(ਸਫਾ 10 ਦੀ ਬਾਕੀ)

ਸਵਾਲਾਂ ਦੇ ਜਵਾਬ ਲੋਕਾਂ ਵੱਲੋਂ ਪੁੱਛੇ ਜਾਣੇ ਨਹੀਂ ਬਣਦੇ? ਕਾਂਗਰਸ ਨੇ ਵੀ ਸਰਕਾਰ ਦੀਆਂ ਇਹਨਾਂ ਪ੍ਰਾਪਤੀਆਂ ਅਤੇ ਅਸਫ਼ਲਤਾਵਾਂ ਬਾਰੇ ਤਿੰਨ ਸਾਲਾਂ ਦੇ 30 ਟਰਿੱਕ ਤਹਿਤ 30 ਵੱਖੋ-ਵੱਖਰੇ ਮੁੱਦੇ ਉਠਾਏ ਹਨ, ਜਿਹੜੇ 26 ਮਈ ਨੂੰ 20 ਪ੍ਰੈੱਸ ਕਾਨਫ਼ਰੰਸਾਂ ਕਰ ਕੇ ਵਿਚਾਰੇ ਜਾਣਗੇ। ਮੋਦੀ ਸ਼ਾਸਨ ਦੌਰਾਨ ਸੰਘ ਪਰਿਵਾਰ ਨੂੰ ਰਾਜਕੀ ਸਰਪ੍ਰਸਤੀ ਮਿਲਣ ’ਤੇ ਉਸ ਵੱਲੋਂ ਹਿੰਦੂਤੱਵੀ ਏਜੰਡਾ ਦੇਸ਼ ’ਚ ਪੂਰੀ ਤਰ੍ਹਾਂ ਲਾਗੂ ਕੀਤਾ ਜਾ ਰਿਹਾ ਹੈ। ਸੰਘ ਪਰਵਾਰ, ਭਾਜਪਾ, ਕੇਂਦਰ ਸਰਕਾਰ ਅਤੇ ਭਾਜਪਾ ਦੀ ਅਗਵਾਈ ਵਾਲੀਆਂ ਸੂਬਾ ਸਰਕਾਰਾਂ ਵੱਲੋਂ ਜਿਸ ਢੰਗ ਨਾਲ ਸਮਾਜਕ-ਸਿਆਸੀ ਪ੍ਰੋਗਰਾਮ ਲਵ ਜਿਹਾਦ ਅਤੇ ਗਊ ਰੱਖਿਆ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ ਅਤੇ ਫ਼ਿਰਕੂ ਭੀੜਾਂ ਵੱਲੋਂ ਕਨੂੰਨ ਨੂੰ ਆਪਣੇ ਹੱਥਾਂ ’ਚ ਲੈ ਕੇ ਮੌਕੇ ’ਤੇ ਹੀ ਇਨਸਾਫ ਕਰਦਿਆਂ ਹੱਤਿਆਵਾਂ ਕੀਤੀਆਂ ਜਾ ਰਹੀਆਂ ਹਨ, ਉਹ ਦੇਸ਼ ਦੇ ਲੋਕਰਾਜੀ ਢਾਂਚੇ ਉੱਤੇ ਇੱਕ ਧੱਬਾ ਹੈ। ਪਿਛਲੇ ਤਿੰਨ ਸਾਲਾਂ ਵਿੱਚ ਇਹਨਾਂ ਘਟਨਾਵਾਂ ’ਚ ਭਾਰੀ ਵਾਧਾ ਹੋਇਆ ਹੈ। 28 ਸਤੰਬਰ 2016 ਨੂੰ ਦਾਦਰੀ ’ਚ ਮੁਹੰਮਦ ਅਖਲਾਕ ਦਾ ਭੀੜ ਨੇ ਕਤਲ ਕੀਤਾ, ਝਾਰਖੰਡ ਦੇ ਡੈਲਟੋਨਗੰਜ, ਮੱਧ ਪ੍ਰਦੇਸ਼ ਦੇ ਉਜੈਨ ਤੇ ਮੰਡਸੌਰ, ਗੁਜਰਾਤ ਦੇ ਊਨਾ, ਹਰਿਆਣੇ ਦੇ ਸੋਨੀਪਤ, ਰਾਜਸਥਾਨ ਦੇ ਚਿਤੌੜਗੜ੍ਹ ਅਤੇ ਅਲਵਰ ’ਚ ਗਊ ਰੱਖਿਅਕਾਂ ਨੇ ਦਲਿਤਾਂ ਅਤੇ ਮੁਸਲਮਾਨਾਂ ਨੂੰ ਆਪਣਾ ਨਿਸ਼ਾਨਾ ਬਣਾਇਆ। ਇਹ ਸਾਰੇ ਰਾਜ ਭਾਜਪਾ ਸ਼ਾਸਤ ਪ੍ਰਦੇਸ਼ ਹਨ। ਇਹ ਘਟਨਾਵਾਂ ਸੂਬਿਆਂ ’ਚ ਖ਼ਰਾਬ ਅਮਨ-ਕਨੂੰਨ ਦੀ ਸਥਿਤੀ ਕਾਰਨ ਨਹੀਂ ਵਾਪਰੀਆਂ, ਸਗੋਂ ਇਹਨਾਂ ਨੂੰ ਰਾਜਸੀ ਸਰਪ੍ਰਸਤੀ ਹਾਸਲ ਜਨੂੰਨੀਆਂ ਨੇ ਵਰਤਾਇਆ ਸੀ। ਕੀ ਇਹ ਮੋਦੀ ਸਰਕਾਰ ਦੀ ਸਮਾਜਿਕ ਸੁਰੱਖਿਆ ਦੀ ਫ਼ੇਲ੍ਹ ਹੋਈ ਨੀਤੀ ਦਾ ਸਿੱਟਾ ਨਹੀਂ? ਅਸਲ ਵਿੱਚ ਮੋਦੀ ਸ਼ਾਸਨ ਆਰਥਿਕ ਪੱਖੋਂ ਦੇਸ਼ ਦਾ ਦੀਵਾਲਾ ਕੱਢ ਰਿਹਾ ਹੈ ਅਤੇ ਕਾਰਪੋਰੇਟ ਜਗਤ ਕੋਲ ਲੋਕਾਂ ਦੇ ਹੱਕ ਵੇਚ ਰਿਹਾ ਹੈ। ਆਰ ਐੱਸ ਐੱਸ ਦਾ ਹਿੰਦੂਤੱਵੀ ਏਜੰਡਾ ਲਾਗੂ ਕਰ ਕੇ ਦੇਸ਼ ’ਚ ਘੱਟ-ਗਿਣਤੀਆਂ ਲਈ ਵਡੇਰਾ ਖ਼ਤਰਾ ਪੈਦਾ ਕਰ ਰਿਹਾ ਹੈ ਅਤੇ ਸਮਾਜਿਕ ਸੁਰੱਖਿਆ ਨਾਂਅ ਦੀ ਕੋਈ ਚੀਜ਼ ਦੇਸ਼ ’ਚ ਬਚੀ ਹੀ ਨਹੀਂ।

ਕਹਿਣ ਨੂੰ ਭਾਵੇਂ ਹੁਣ ਵਾਲੀ ਸਰਕਾਰ ਨਿੱਤ ਨਵੀਂਆਂ ਸਕੀਮਾਂ ਚਲਾਉਣ ਦਾ ਦਾਅਵਾ ਕਰਦੀ ਹੈ, ਪਰ ਅਸਲ ਵਿੱਚ ਮਨਮੋਹਨ ਸਿੰਘ ਸਰਕਾਰ ਦੀਆਂ ਸਕੀਮਾਂ ਨੂੰ ਅੱਗੇ ਵਧਾਉਣ ਲਈ ਅਣਮੰਨੇ ਢੰਗ ਨਾਲ ਯਤਨਸ਼ੀਲ ਹੈ, ਕਿਉਂਕਿ ਉਸ ਕੋਲ ਆਪਣਾ ਕੋਈ ਸਿਆਸੀ ਦ੍ਰਿਸ਼ਟੀਕੋਨ ਨਹੀਂ ਹੈ। ਤਦੇ ਮੋਦੀ ਦੀ ਸਰਕਾਰ ਹਰ ਖੇਤਰ ਵਿੱਚ ਫ਼ੇਲ੍ਹ ਹੁੰਦੀ ਦਿਖਾਈ ਦੇ ਰਹੀ ਹੈ।

# ਵਿਸ਼ਵ ਵਾਤਾਵਰਨ ਦਿਵਸ "ਲੋਕਾਂ ਨੂੰ ਕੁਦਰਤ ਨਾਲ ਜੋੜਨ ਦਾ ਵਸੀਲਾ"

**ਵਿਸ਼ਵਜੀਤ ਸਿੰਘ**

ਜੂਨ 1972 ਉਹ ਮਹੀਨਾ ਸੀ ਜਦੋਂ ਪਹਿਲੀ ਵਾਰ ਸੰਯੁਕਤ ਰਾਸ਼ਟਰ ਨੇ ਅੰਤਰਰਾਸ਼ਟਰੀ ਵਾਤਾਵਰਣ ਮੁੱਦਿਆਂ 'ਤੇ ਇਕ ਬਹੁਤ ਵੱਡੀ ਕਾਨਫਰੰਸ ਕਰਵਾਈ ਅਤੇ ਇਸ ਕਾਨਫਰੰਸ ਤੋਂ ਬਾਅਦ ਅੰਤਰਰਾਸ਼ਟਰੀ ਵਾਤਾਵਰਣ ਰਾਜਨੀਤੀ ਵਿਚ ਇਕ ਵੱਡਾ ਮੋੜ ਆਇਆ। ਇਸ ਇੰਟਰਨੈਸ਼ਨਲ ਕਾਨਫਰੰਸ ਦਾ ਨਾਮ ਸੀ 'ਯੂਨਾਈਟਿਡ ਨੇਸ਼ਨ ਕਾਨਫਰੰਸ ਆਨ ਹਿਊਮਨ ਇਨਵਾਇਰਮੈਂਟ' ਜੋ ਕਿ 5 ਜੂਨ 16 ਜੂਨ ਨੂੰ ਸਵੀਡਨ ਦੀ ਰਾਜਧਾਨੀ ਸਟੋਕਹੋਲਮ ਵਿਚ ਹੋਈ ਸੀ ਅਤੇ ਇਸ ਨੂੰ ਇਸ ਕਰਕੇ 'ਸਟੋਕਹੋਲਮ ਕਾਨਫਰੰਸ' ਦੇ ਨਾਮ ਨਾਲ ਨਾਲ ਵੀ ਜਾਣਿਆ ਜਾਂਦਾ ਹੈ। ਇਸ ਕਾਨਫਰੰਸ ਨਾਲ ਇਹ ਸਪਸ਼ਟ ਹੋ ਗਿਆ ਕਿ ਵਾਤਾਵਰਣ ਸਾਡੇ ਲਈ ਕਿੰਨਾ ਜ਼ਰੂਰੀ ਹੈ ਅਤੇ ਇਸ ਦੇ ਸਾਂਭ-ਸੰਭਾਲ ਲਈ ਅੰਤਰਰਾਸ਼ਟਰੀ ਪੱਧਰ 'ਤੇ ਮਾਪਦੰਡਾਂ ਨੂੰ ਨਿਰਧਾਰਿਤ ਕੀਤਾ ਜਾਵੇ। ਇਸ ਲਈ ਅਸੀਂ ਇਸ ਦਿਨ ਦੀ ਮਹੱਤਤਾ ਕਰਕੇ ਹਰ ਸਾਲ 5 ਜੂਨ ਨੂੰ "ਵਿਸ਼ਵ ਵਾਤਾਵਰਣ ਦਿਵਸ" ਵਜੋਂ ਮਨਾਉਂਦੇ ਹਾਂ। ਵਾਤਾਵਰਣ ਸੰਬੰਧੀ ਇਹ ਸਾਲ ਦਾ ਸਭ ਤੋਂ ਅਹਿਮ ਦਿਨ ਹੁੰਦਾ ਹੈ ਅਤੇ ਇਸ ਸਾਲ ਇਸ ਦਿਨ ਦਾ ਵਿਸ਼ਾ ਹੈ "ਲੋਕਾਂ ਨੂੰ ਕੁਦਰਤ ਨਾਲ ਜੋੜਨਾ" ਤਾਂਕਿ ਅਸੀਂ ਬਾਹਰ ਨਿਕਲ ਸਕੀਏ ਅਤੇ ਕੁਦਰਤ ਦੀ ਖ਼ੂਬਸੂਰਤੀ ਦੀ ਪ੍ਰਸ਼ੰਸਾ ਕਰੀਏ ਅਤੇ ਆਪਣੀ ਧਰਤੀ ਨੂੰ ਬਚਾਉਣ ਦਾ ਪ੍ਰਣ ਲਈਏ।

ਇਸ ਤੋਂ ਬਾਅਦ ਸੰਯੁਕਤ ਰਾਸ਼ਟਰ ਨੇ 1987 ਵਿਚ ਇੱਕ 'ਵਰਲਡ ਕਮਿਸ਼ਨ ਆਨ ਇਨਵਾਇਰਮੈਂਟ ਐਂਡ ਡਿਵੈਲਪਮੈਂਟ' ਬਿਠਾਇਆ ਜਿਸ ਵਿਚੋਂ ਪ੍ਰਸਿੱਧ ਬਰੰਟਲੈਂਡ ਕਮਿਸ਼ਨ ਰਿਪੋਰਟ ਨਿਕਲੀ ਜਿਸ ਦਾ ਨਾਮ ਸੀ "ਸਾਡਾ ਸਾਂਝਾ ਭਵਿੱਖ"। ਇਸ ਕਮਿਸ਼ਨ 'ਚੋਂ 'ਸਸਟੇਨੇਬਲ ਵਿਕਾਸ' ਸ਼ਬਦ ਉਭਰ ਕੇ ਆਇਆ। ਇਸ ਰਿਪੋਰਟ ਮੁਤਾਬਿਕ ਸਸਟੇਨੇਬਲ ਵਿਕਾਸ ਉਹ ਵਿਕਾਸ ਹੈ ਜਿਸ ਵਿਚ ਅਸੀਂ ਆਪਣੀ ਹੁਣ ਦੀਆਂ ਲੋੜਾਂ (ਜਿਵੇਂ ਸਾਫ ਹਵਾ, ਪਾਣੀ, ਮਿੱਟੀ ਆਦਿ) ਦੀ ਇਸ ਤਰ੍ਹਾਂ ਪੂਰਤੀ ਕਰਾਂਗੇ ਕਿ ਭਵਿੱਖ ਵਿਚ ਸਾਡੀ ਪੀੜੀਆਂ ਨੂੰ ਉਨ੍ਹਾਂ ਦੀਆਂ ਲੋੜਾਂ ਪੂਰੀ ਕਰਨ ਵਿਚ ਕੋਈ ਸਮੱਸਿਆ ਨਾ ਆਵੇ। ਇਸ ਤੋਂ ਭਾਵ ਹੈ ਕਿ ਅਸੀਂ ਆਪਣੇ ਸਰੋਤ ਬੜੇ ਸਾਂਭ-ਸੰਭਾਲ ਕੇ ਵਰਤੀਏ ਤਾਂਕਿ ਸਾਡੀ ਆਉਣ ਵਾਲੀਆਂ ਪੀੜੀਆਂ ਵੀ ਇਨ੍ਹਾਂ ਨੂੰ ਵਰਤ ਸਕਣ। ਜੇ ਅਸੀਂ ਇਨ੍ਹਾਂ ਨੂੰ ਹੁਣ ਹੀ ਖਤਮ ਕਰ ਦਵਾਂਗੇ ਤਾਂ ਸਾਡੀਆਂ ਪੀੜੀਆਂ ਦੀ ਹੋਂਦ ਖਤਰੇ ਵਿਚ ਪੈ ਜਾਵੇਗੀ।

1992 ਵਿਚ ਹੋਈ ਰਿਓ ਸਮਿੱਟ ਵਿਚ ਰਿਓ ਡੇਕਲਾਰੇਸ਼ਨ ਅਪਣਾਈ ਗਈ ਅਤੇ ਸਸਟੇਨੇਬਲ ਡਿਵੈਲਪਮੈਂਟ ਦੇ ਸੰਬੰਧ ਵਿਚ ਏਜੰਡਾ 21 ਜਾਰੀ ਕੀਤਾ ਗਿਆ। ਇਸ ਦੇ ਨਾਲ ਹੀ ਅੰਤਰਰਾਸ਼ਟਰੀ ਪੱਧਰ 'ਤੇ "ਯੂਨਾਈਟਿਡ ਨੇਸ਼ਨਜ਼ ਫਰੇਮਵਰਕ ਕੰਵੈਂਸ਼ਨ ਆਨ ਕਲਾਈਮੇਟ ਚੇਂਜ" ਸੰਧੀ ਨੂੰ ਅਪਣਾਇਆ ਗਿਆ ਅਤੇ ਹੁਣ ਤੱਕ ਇਸ ਨੂੰ 197 ਦੇਸ਼ ਮਨਜ਼ੂਰ ਕਰ ਚੁਕੇ ਹੁਣ। ਇਸ ਸੰਧੀ ਤੋਂ ਬਾਅਦ ਵਾਤਾਵਰਣ ਦਾ ਵਿਸ਼ਾ ਤਕਰੀਬਨ ਹਰ ਦੇਸ਼ ਲਈ ਜ਼ਰੂਰੀ ਹੋ ਗਿਆ। ਸਰਕਾਰਾਂ ਲਈ ਵਾਤਾਵਰਣ ਵੀ ਇਕ ਅਹਿਮ ਮੁੱਦਾ ਬਣ ਗਿਆ ਜਿਸ ਦੇ ਨਾਲ ਨਜਿੱਠਣਾ ਵੀ ਬਹੁਤ ਜ਼ਰੂਰੀ ਹੋ ਗਿਆ। ਅਠਾਰਵੀਂ ਸਦੀ ਦੇ ਮੱਧ ਵਿਚ ਯੂਰੋਪ ਅਤੇ ਉੱਤਰੀ ਅਮਰੀਕਾ ਵਿਚ ਆਈ ਉਦਯੋਗਿਕ ਕ੍ਰਾਂਤੀ ਨੇ ਇਤਿਹਾਸ ਦਾ ਰੁੱਖ ਬਦਲ ਕੇ ਰੱਖ ਦਿੱਤਾ। ਉਸ ਸਮੇਂ ਅਜੇ ਉਦਯੋਗਿਕ ਕ੍ਰਾਂਤੀ ਵਾਲੇ ਦੇਸ਼ ਆਉਣ ਵਾਲੇ ਵਾਤਾਵਰਣ ਸੰਬੰਧੀ ਖ਼ਤਰਿਆਂ ਤੋਂ ਜਾਣੂ ਨਹੀਂ ਸਨ। ਪਿਛਲੇ 50 ਸਾਲਾਂ ਵਿਚ ਕਾਫੀ ਮੁਲਕਾਂ ਵਿਚ ਜਮਹੂਰੀ ਰਾਜ ਸਥਾਪਿਤ ਹੋਏ ਅਤੇ ਉਦਯੋਗਿਕ ਵਿਕਾਸ ਦੀ ਸ਼ੁਰੂਆਤ ਹੋ ਗਈ। ਨਾਲ ਹੀ ਨਾਲ ਉਦਯੋਗਿਕ ਕ੍ਰਾਂਤੀ ਵੇਲੇ ਹੋਏ ਵਿਕਾਸ ਦੇ ਨਤੀਜਿਆਂ ਵਜੋਂ, ਵਾਤਾਵਰਣ 'ਤੇ ਦੁਸ਼ਪ੍ਰਭਾਵ ਸਾਹਮਣੇ ਆਉਣ ਲੱਗੇ। ਇਸ ਲਈ ਵਾਤਾਵਰਣ ਵਿਸ਼ਾ ਸਾਰੇ ਦੇਸ਼ਾਂ ਲਈ ਇਕ ਚੁਣੌਤੀ ਬਣ ਗਿਆ ਅਤੇ ਲਗਭਗ ਹਰ ਸਾਲ ਵਾਤਾਵਰਨ ਸਬੰਧੀ ਵਿਸ਼ੇ 'ਤੇ ਅੰਤਰਰਾਸ਼ਟਰੀ ਕਾਨਫਰੰਸਾਂ ਸ਼ੁਰੂ ਹੋ ਗਈਆਂ। ਹਾਲ ਹੀ ਵਿਚ ਪਿਛਲੇ ਸਾਲ ਨਵੰਬਰ ਵਿਚ "ਮਾਰਾਕੇਚ ਵਾਤਾਵਰਣ ਬਦਲਾਅ" ਕਾਨਫਰੰਸ ਹੋਈ ਜਿਸ ਵਿਚ ਸੰਯੁਕਤ ਰਾਸ਼ਟਰ ਦੇ ਲਗਭਗ ਹਰ ਮੈਂਬਰ ਨੇ ਭਾਗ ਲਿਆ ਅਤੇ ਵਾਤਾਵਰਨ ਸਬੰਧੀ ਗੱਲਬਾਤ ਕੀਤੀਆਂ। ਵਾਤਾਵਰਣ ਅਜੋਕੇ ਸਮੇਂ ਦਾ ਬਹੁਤ ਹੀ ਗੰਭੀਰ ਮੁੱਦਾ ਹੈ। ਭਾਰਤ ਵਰਗੇ ਦੇਸ਼ ਲਈ ਵੀ ਵਾਤਾਵਰਣ ਇਕ ਅਹਿਮ ਮੁੱਦਾ ਬਣ ਚੁੱਕਿਆ ਹੈ ਕਿਉਂਕਿ ਸਾਡੇ ਕੋਲ 1.3 ਬਿਲੀਅਨ ਦੀ ਵਸੋਂ ਹੈ ਅਤੇ ਦੁਨੀਆ ਦਾ 2.4 ਪ੍ਰਤੀਸ਼ਤ ਜ਼ਮੀਨ ਦਾ ਹਿੱਸਾ ਹੈ ਅਤੇ ਇੰਨੀ ਆਬਾਦੀ ਬਸ ਇੰਨੇ ਕੁ ਜ਼ਮੀਨ ਅਤੇ ਸਰੋਤਾਂ 'ਤੇ ਨਿਰਭਰ ਹੈ। ਭਾਰਤ ਵਿਚ 'ਵਾਤਾਵਰਣ, ਜੰਗਲ ਅਤੇ ਜਲਵਾਯੂ ਬਦਲਾਅ' ਮੰਤਰਾਲਾ 1985 ਵਿਚ ਹੋਂਦ ਵਿਚ ਆਇਆ ਜਿਸ ਦਾ ਕੰਮ ਵਾਤਾਵਰਣ ਦੇ ਖੇਤਰ ਲਈ ਕੰਮ ਕਰਨਾ ਸੀ। ਅੱਜ ਅਸੀਂ ਦੁਨੀਆ ਵਿਚ ਤੇਜੀ ਨਾਲ ਵਿਕਾਸ ਕਰ ਰਹੇ ਦੇਸ਼ ਵਜੋਂ ਜਾਣੇ ਜਾਂਦੇ ਹਾਂ। ਪਰ ਇਹ ਵਿਕਾਸ ਸਸਟੇਨੇਬਲ ਵਿਕਾਸ ਨਹੀਂ ਹੈ, ਇਸ ਨਾਲ ਸਾਡੇ ਪਰਿਆਵਰਣ ਅਤੇ ਵਾਤਾਵਰਣ ਨੂੰ ਲਗਾਤਾਰ ਨੁਕਸਾਨ ਪੁਹੰਚ ਰਿਹਾ ਹੈ। ਵਰਲਡ ਬੈਂਕ ਦੀ ਇਕ ਰਿਪੋਰਟ ਮੁਤਾਬਿਕ ਵਿਕਾਸ ਨਾਲ ਵਾਤਾਵਰਣ ਖਰਾਬ ਹੋਣ ਕਰਨ ਭਾਰਤ ਨੂੰ ਲਗਭਗ ਹਰ ਸਾਲ 80 ਬਿਲੀਅਨ ਡਾਲਰ ਦਾ ਨੁਕਸਾਨ ਹੋ ਰਿਹਾ ਹੈ।

ਇਸ ਸਮੇਂ ਵਾਤਾਵਰਣ ਦਾ ਸਭ ਤੋਂ ਵੱਡਾ ਮੁੱਦਾ ਜੈਵਿਕ ਬਾਲਨ ਦੇ ਬਲਣ ਤੋਂ ਹੋਣ ਵਾਲਾ ਧੂੰਆਂ ਹੈ। ਇਸ ਦੇ ਨਾਲ ਸਿਹਤ ਨੂੰ ਸਭ ਤੋਂ ਵੱਧ ਨੁਕਸਾਨ ਪੁਹੰਚ ਰਿਹਾ ਹੈ। ਆਰਥਿਕ ਵਿਕਾਸ ਦੇ ਨਾਲ-ਨਾਲ ਪ੍ਰਦੂਸ਼ਣ ਨੂੰ ਘਟਾਉਣ ਦੇ ਤਰੀਕੇ ਲੱਭੇ ਜਾਣੇ ਚਾਹੀਦੇ ਤਾਂਕਿ ਸਸਟੇਨੇਬਲ ਵਿਕਾਸ ਹੋ ਸਕੇ। ਬੋਸਟਨ ਵਿਚ ਜਾਰੀ ਹੋਈ 'ਸਟੇਟ ਆਫ ਦ ਗਲੋਬਲ ਏਅਰ' ਰਿਪੋਰਟ ਵਿਚ ਇਹ ਦਸਿਆ ਗਿਆ ਹੈ ਕਿ 2015 ਵਿਚ ਹਵਾ ਪ੍ਰਦੂਸ਼ਣ ਤੋਂ ਭਾਰਤ ਵਿਚ ਅੰਦਾਜਨ 11 ਲੱਖ ਲੋਕਾਂ ਦੀ ਜਾਨ ਗਈ। ਹਾਲ ਹੀ ਵਿਚ ਆਈ ਗ੍ਰੀਨਪੀਸ ਇੰਡੀਆ ਦੀ ਰਿਪੋਰਟ ਮੁਤਾਬਿਕ ਹਰ ਸਾਲ 12 ਲੱਖ ਲੋਕ ਹਵਾ ਪ੍ਰਦੂਸ਼ਣ ਨਾਲ ਮਰਦੇ ਹਨ ਅਤੇ ਪ੍ਰਦੂਸ਼ਿਤ ਹਵਾ ਵਿਚ ਦਿੱਲੀ ਸਭ ਤੋਂ ਮੋਹਰੀ ਹੈ। ਅਮਰੀਕਾ ਦੇ ਇਕ ਹੈਲਥ ਇੰਸਟੀਟਿਊਟ ਦੀ ਰਿਪੋਰਟ ਮੁਤਾਬਿਕ ਹੁਣ ਭਾਰਤ ਵਿਚਲਾ ਹਵਾ ਪ੍ਰਦੂਸ਼ਣ ਚੀਨ ਦੇ ਹਵਾ ਪ੍ਰਦੂਸ਼ਣ ਤੋਂ ਵੀ ਖਤਰਨਾਕ ਹੋ ਗਿਆ ਹੈ। ਸਰਕਾਰ ਵਲੋਂ ਹਵਾ ਦੀ ਗੁਣਵੱਤਾ ਸਮਾਬੰਧੀ ਇਕ ਇੰਡੈਕਸ ਜਾਰੀ ਕੀਤਾ ਗਿਆ ਹੈ ਜੋ ਸਰਕਾਰ ਅਤੇ ਪ੍ਰਸ਼ਾਸ਼ਨ ਨੂੰ ਲਗਾਤਾਰ ਹਵਾ ਦੀ ਗੁਣਵੱਤਾ ਸੰਬੰਧੀ ਜਾਣਕਾਰੀ ਦਿੰਦਾ ਰਹੇਗਾ ਤਾਂਕਿ ਜੇ ਹਵਾ ਖਰਾਬ ਹੁੰਦੀ ਹੈ ਤਾਂ ਸਮੇਂ ਸਿਰ ਰਹਿੰਦੇ ਇਸ ਤੇ ਕਾਬੂ ਪਾਇਆ ਜਾ ਸਕੇ ਸਰਕਾਰ ਵਲੋਂ 1 ਅਪ੍ਰੈਲ 2017 ਤੋਂ ਬੀ.ਐੱਸ. ਨਿਯਮ ਲਾਗੂ ਕਰਨਾ ਵੀ ਇਕ ਸ਼ਾਲਾਘਾਯੋਹਗ ਕਦਮ ਹੈ ਜਿਸ ਨਾਲ ਹਵਾ ਪ੍ਰਦੂਸ਼ਣ ਦੀ ਸਮਸਿਆ ਨੂੰ ਘੱਟ ਕੀਤਾ ਜਾ ਸਕੇਗਾ। ਗੱਡੀਆਂ ਦੁਆਰਾ ਕੀਤਾ ਜਾ ਰਿਹਾ ਪ੍ਰਦੂਸ਼ਣ ਸਭ ਤੋਂ ਵੱਡੀ ਸਮੱਸਿਆ ਹੈ। ਹਾਲ ਵਿਚ ਹੀ ਸਰਕਾਰ 2030 ਤੱਕ ਸਾਰੀਆਂ ਗੱਡੀਆਂ ਬਿਜਲੀ 'ਤੇ ਚਲਾਉਣ ਬਾਰੇ ਸੋਚ ਰਹੀ ਹੈ।

ਇਸੇ ਤਰ੍ਹਾਂ ਪਾਣੀ ਦੇ ਪ੍ਰਦੂਸ਼ਣ ਦਾ ਮੁੱਦਾ ਵੀ ਬਹੁਤ ਗੰਭੀਰ ਹੈ। ਹਾਲ ਵਿਚ ਹੀ ਉੱਤਰਾਖੰਡ ਹਾਈ ਕੋਰਟ ਨੇ ਗੰਗਾ ਨੂੰ ਜਿਉਂਦੇ ਇਨਸਾਨ ਦਾ ਦਰਜਾ ਦਿੱਤਾ ਅਤੇ ਉਸਦੇ ਮਾਪੇ ਵੀ ਨਿਰਧਾਰਿਤ ਕੀਤੇ ਹਨ । ਗੰਗਾ ਨਦੀ ਭਾਰਤ ਦੇਸ਼ ਲਈ ਬਹੁਤ ਅਹਿਮ ਨਦੀ ਹੈ ਅਤੇ ਇਸਦੇ ਸਾਫ ਸਫਾਈ ਲਈ ਚਲ ਰਿਹਾ 'ਨਾਮਾਮੀ ਗੰਗਾ ਪ੍ਰੋਗਰਾਮ' ਕੁਛ ਹੱਦ ਤੱਕ ਹੀ ਸਫਲ ਹੋ ਪਾਇਆ ਹੈ। ਧਰਤੀ ਹੇਠਲਾ ਪਾਣੀ, ਖਾਸਕਰ ਪੰਜਾਬ 'ਚ ਬਹੁਤ ਗੰਭੀਰ ਸਥਿਤੀ ਵਿਚ ਹੈ। ਜੇ ਇਸ ਦਾ ਇਸੀ ਤਰ੍ਹਾਂ ਅੰਨ੍ਹੇਵਾਹ ਇਸਤੇਮਾਲ ਹੁੰਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦ ਹਰਿਆ-ਭਰਿਆ ਪੰਜਾਬ ਰੇਗਿਸਤਾਨ ਬਣ ਜਾਵੇਗਾ। ਇੰਨੀ ਡੂੰਘਾਈ ਤੋਂ ਪਾਣੀ ਕੱਢਣ ਕਰਕੇ ਕਈ ਰਸਾਇਣਿਕ ਤੱਤ ਜਿਵੇਂ ਆਰਸੇਨਿਕ, ਯੂਰੇਨੀਅਮ ਵਗੈਰਾ ਪਾਣੀ ਨਾਲ ਘੁਲ ਕੇ ਆ ਰਹੇ ਨੇ ਅਤੇ ਇਹ ਪ੍ਰਦੂਸ਼ਿਤ ਪਾਣੀ ਪੀਣ ਕਰਕੇ ਪੰਜਾਬ ਦੇ ਲੋਕ ਕੈਂਸਰ ਅਤੇ ਹੋਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਸੈਂਟਰਲ ਗਰਾਊਂਡ ਵਾਟਰ ਬੋਰਡ ਮੁਤਾਬਿਕ ਪੰਜਾਬ ਦੇ 141 ਐਗਰੀਕਲਚਰਲ ਡਿਵੈਲਪਮੈਂਟ ਬਲਾਕਸ 'ਚੋਂ 102 ਇਸ ਵੇਲੇ ਡਾਰਕ ਜ਼ੋਨ 'ਚ ਹਨ ਜਿਥੇ ਪਾਣੀ 200 ਫੁੱਟ ਜਾਂ ਇਸ ਤੋਂ ਡੂੰਘਾਈ 'ਤੇ ਹੈ। ਵਾਤਾਵਰਣਵਾਦੀ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਮੁਤਾਬਿਕ ਧਰਤੀ ਹੇਠ ਪਾਣੀ ਨੂੰ ਨਾ ਕੱਢਣ 'ਤੇ ਕੋਈ ਨਿਯਮ ਕਾਨੂੰਨ ਨਾ ਹੋਣ ਕਰਕੇ ਇਸ ਦਾ ਦੁਰਉਪਯੋਗ ਹੋ ਰਿਹਾ ਹੈ। ਪੰਜਾਬ ਪੋਲਿਊਸ਼ਨ ਕੰਟਰੋਲ ਬੋਰਡ ਦੀ ਇੱਕ ਰਿਪੋਰਟ ਮੁਤਾਬਿਕ ਪੰਜਾਬ ਵਿਚ ਚਾਰ ਨਦੀਆਂ ਦਾ ਪਾਣੀ ਨਾ ਪੀਣਯੋਗ ਕਰਾਰ ਦਿੱਤਾ ਗਿਆ ਹੈ। ਸਮੇਂ ਰਹਿੰਦੇ ਅਸੀਂ ਪਾਣੀ ਦੇ ਮੁੱਲ ਨੂੰ ਨਾ ਸਮਝਿਆ ਤਾਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਪਿਆਸੀਆਂ ਮਰਨਗੀਆਂ ਅਤੇ ਸਾਨੂੰ ਦੋਸ਼ ਦੇਣਗੀਆਂ। ਪਾਣੀ ਖਰਾਬ ਹੋਣ ਕਰਕੇ ਇਸ ਵਿਚ ਰਹਿ ਰਹੇ ਜੀਵ-ਜੰਤੂਆਂ ਦੀ ਗਿਣਤੀ ਚਿੰਤਾਜਨਕ ਪੱਧਰ ਤੇ ਘੱਟ ਰਹੀ ਹੈ ਜਿਸ ਕਰਕੇ ਸਾਰਾ ਈਕੋਸਿਸਟਮ ਖਰਾਬ ਹੋ ਰਿਹਾ ਹੈ। ਜਪਾਨ ਵਿਚ ਹੋਈ 'ਮਿਨਿਮਾਟਾ ਘਟਨਾ' ਇਤਿਹਾਸ ਦੀ ਮਹੱਤਵਪੂਰਨ ਘਟਨਾ ਹੈ ਜਿਥੇ ਪਾਣੀ ਵਿਚ ਉਦਯੋਗਿਕ ਕਾਰਖਾਨਿਆਂ ਤੋਂ ਮਰਕਰੀ ਮਿਲਣ ਕਰਕੇ ਇਹ ਮੱਛੀਆਂ ਵਿਚ ਚਲੀ ਗਈ ਅਤੇ ਇਹ ਮੱਛੀਆਂ ਜਦੋਂ ਲੋਕਾਂ ਨੇ ਖਾਧੀਆਂ ਤਾਂ ਉਨ੍ਹਾਂ ਦੀ ਮੌਤ ਹੋਣੀ ਸ਼ੁਰੂ ਹੋ ਗਈ। ਸਾਨੂੰ ਅਜਿਹੀਆਂ ਘਟਨਾਵਾਂ ਤੋਂ ਸਬਕ ਲੈਣ ਦੀ ਲੋੜ ਹੈ।

ਮਿੱਟੀ ਪ੍ਰਦੂਸ਼ਣ ਵੀ ਇਕ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪੋਲੀਥੀਨ ਦੇ ਲਿਫਾਫੇ, ਸੀਵਰੇਜ, ਖੇਤੀ ਵਿਚ ਪੈਸਟੀਸਾਈਡਸ ਦੀ ਵਰਤੋਂ, ਰੁੱਖ ਕੱਟਣਾ ਇਸਦੇ ਕੁਝ ਕਾਰਨ ਹਨ। ਮਿੱਟੀ ਦੇ ਪ੍ਰਦੂਸ਼ਣ ਕਰਕੇ ਉਪਜਾਊ ਮਿੱਟੀ ਖਤਮ ਹੋ ਰਹੀ ਹੈ ਅਤੇ ਫ਼ਸਲਾਂ ਦੀ ਪੈਦਾਵਾਰ ਘੱਟ ਰਹੀ ਹੈ। ਉਹ ਸਮਾਂ ਦੂਰ ਨਹੀਂ ਜਦ ਮਿੱਟੀ ਬੰਜਰ ਹੋ ਜਾਵੇਗੀ। ਇਸੇ ਤਰ੍ਹਾਂ ਆਵਾਜ਼ ਦਾ ਪ੍ਰਦੂਸ਼ਣ ਵੀ ਲਗਾਤਾਰ ਵੱਧ ਰਿਹਾ ਹੈ। ਹੌਰਨ ਸੱਭਿਆਚਾਰ ਨੇ ਇਨਸਾਨ ਦੀ ਮੱਤ ਮਾਰ ਦਿੱਤੀ ਹੈ ਖਾਸਕਰ ਭਾਰਤ ਵਰਗੇ ਮੁਲਕ ਵਿਚ ਜਿਥੇ ਹੌਰਨ ਮਾਰਨਾ ਬੇਜ਼ਤੀ ਨਾ ਸਮਝ ਲੋਕ ਆਪਣਾ ਅਧਿਕਾਰ ਸਮਝਦੇ ਹਨ । ਇਕ ਮਿੰਟ ਦਾ ਵੀ ਸਬਰ ਕਿਤੇ ਬਿਨ੍ਹਾਂ ਬਸ ਹੌਰਨ 'ਤੇ ਹੱਥ ਰੱਖ ਲੋਕ ਆਪਣੇ ਕਿਰਦਾਰ ਤੋਂ ਜਾਣੂ ਕਰਵਾਉਂਦੇ ਹਨ। ਟ੍ਰੈਫ਼ਿਕ, ਪਟਾਕਿਆਂ ਦਾ ਸ਼ੋਰ, ਉਦਯੋਗਿਕ ਕਾਰਖਾਨਿਆਂ ਵਗੈਰਾ ਵੀ ਆਵਾਜ਼ ਪ੍ਰਦੂਸ਼ਣ ਦਾ ਮੁੱਖ ਕਾਰਨ ਹਨ।

ਵਾਤਾਵਰਣ ਨੂੰ ਲੈ ਕੇ ਇਸ ਸਮੇਂ ਸਾਰੀ ਦੁਨੀਆ ਚਿੰਤਿਤ ਹੈ। ਦੁਨੀਆ ਵਿਚ ਕੁਝ ਸੰਸਥਾਵਾਂ ਇਸ ਖੇਤਰ ਵਿਚ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਜਿਵੇਂ ਕਿ 1961 ਵਿਚ ਬਣੀ "ਵਰਲਡ ਵਾਈਲਡਲਾਈਫ" ਫੰਡ ਜੋ ਕਿ ਸਵਿਟਜ਼ਰਲੈਂਡ ਸਥਿਤ ਹੈ ਅਤੇ ਪੂਰੀ ਦੁਨੀਆ ਵਿਚ ਵਾਤਾਵਰਣ ਦੀ ਸਾਂਭ-ਸੰਭਾਲ ਦੇ ਖੇਤਰ ਵਿਚ ਚੰਗਾ ਕੰਮ ਕਰ ਰਹੀ ਹੈ। ਇਹ ਸੰਸਥਾ ਸਾਰੀ ਦੁਨੀਆ ਵਿਚ ਆਪਣੇ ਮਸ਼ਹੂਰ ਲੋਗੋ ਪਾਂਡਾ ਨਾਲ ਜਾਣੀ ਜਾਂਦੀ ਹੈ। ਇਸੇ ਤਰ੍ਹਾਂ ਕਈ ਹੋਰ ਸੰਸਥਾਵਾਂ ਜਿਵੇਂ ਕਿ ਇੰਟਰ-ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ, ਸੰਯੁਕਤ ਰਾਸ਼ਟਰ ਵਾਤਾਵਰਣ ਸੁਰੱਖਿਆ ਏਜੰਸੀ, ਵਾਈਲਡ ਲਾਈਫ ਕੰਸਰਵੇਸ਼ਨ ਸੋਸਾਇਟੀ ਅਤੇ ਹੋਰ ਕਈ ਸੰਸਥਾਵਾਂ ਲਗਾਤਾਰ ਪੂਰੀ ਦੁਨੀਆ ਵਿਚ ਕੰਮ ਕਰ ਰਹੀਆਂ ਹਨ। ਭਾਰਤ ਵਿਚ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦਾ ਬਣਨਾ ਵੀ ਇਕ ਮਹੱਤਪੂਰਨ ਦਿਨ ਸੀ। ਇਸ ਨੂੰ ਸੰਸਦ ਦੇ ਇਕ ਐਕਟ ਨਾਲ ਬਣਾਇਆ ਗਿਆ ਹੈ। ਇਸ ਦਾ ਕੰਮ ਵਾਤਾਵਰਣ ਸੰਬੰਧੀ ਮੁੱਦਿਆਂ 'ਤੇ ਕੇਸਾਂ ਦਾ ਜਲਦ ਨਿਪਟਾਰਾ ਕਰਨਾ ਹੈ। 2010 ਵਿਚ ਬਣੇ ਇਸ ਟ੍ਰਿਬਿਊਨਲ ਨੇ ਕਈ ਅਹਿਮ ਮੁੱਦਿਆਂ 'ਤੇ ਸੁਣਵਾਈ ਕੀਤੀ ਹੈ ਜਿਵੇਂ ਕਿ ਯਮੁਨਾ ਕੰਸਰਵੇਸ਼ਨ ਜ਼ੋਨ ਬਣਾਉਣ ਦਾ ਫੈਸਲਾ ਅਤੇ ਛੱਤੀਸਗੜ੍ਹ ਵਿਚ ਕੋਲ ਬਲਾਕਸ ਰੱਦ ਕਰਨੇ।

ਸਾਨੂੰ ਆਪਣੇ ਪੱਧਰ 'ਤੇ ਵੀ ਕਈ ਪਹਿਲਕਦਮੀਆਂ ਕਰਨ ਦੀ ਲੋੜ ਹੈ ਕਿਉਂਕਿ ਅਸੀਂ ਵੀ ਇਸ ਧਰਤੀ ਦੇ ਵਾਸੀ ਹਾਂ। ਜੇ ਅਸੀਂ ਇਹ ਸੋਚੀ ਜਾਈਏ ਕਿ ਵਾਤਾਵਰਣ ਸੰਭਾਲਣਾ ਤਾਂ ਸੰਸਥਾਵਾਂ ਜਾਂ ਸਰਕਾਰਾਂ ਦਾ ਕੰਮ ਹੈ ਤਾਂ ਅਸੀਂ ਬਿਲਕੁਲ ਗਲਤ ਹਾਂ। ਆਪਣੇ ਤੋਂ ਸ਼ੁਰੂਆਤ ਕਰਕੇ ਹੀ ਅਸੀਂ ਆਪਣੇ ਪਰਿਆਵਰਣ ਨੂੰ ਸਾਂਭ ਸਕਦੇ ਹਾਂ। ਸਾਨੂੰ ਆਪਣੇ ਆਲੇ-ਦੁਆਲੇ ਸਫਾਈ ਰੱਖਣੀ ਚਾਹੀਦੀ ਹੈ ਅਤੇ ਜੇ ਘਰ ਵਿਚ ਹੋ ਸਕੇ ਤਾਂ ਨਸ਼ਟ ਹੋਣ ਯੋਗ ਅਤੇ ਨਾ ਨਸ਼ਟ ਹੋਣ ਯੋਗ ਕੂੜੇ ਨੂੰ ਅਲੱਗ-ਅਲੱਗ ਰੱਖਣਾ ਚਾਹੀਦਾ ਹੈ। ਜਿੰਨਾ ਹੋ ਸਕੇ ਪਲਾਸਟਿਕ ਦੇ ਲਿਫਾਫਿਆਂ ਦੀ ਘੱਟ ਵਰਤੋਂ ਕਰਨੀ ਚਾਹੀਦੇ। ਇਸੇ ਤਰ੍ਹਾਂ ਜੇ ਨਜ਼ਦੀਕ ਹੀ 1 ਤੋਂ 2 ਕਿਲੋਮੀਟਰ ਜਾਣਾ ਹੋਵੇ ਤਾਂ ਪੈਦਲ ਜਾਂ ਸਾਈਕਲ ਨੂੰ ਪਹਿਲ ਦੇਣੀ ਚਾਹੀਦੀ ਹੈ। ਕਾਰ ਪੂਲਿੰਗ ਦੀ ਵਰਤੋਂ ਹੋਣੀ ਚਾਹੀਦੀ ਹੈ ਤਾਂਕਿ ਅਸੀਂ ਆਪਣਾ ਕਾਰਬਨ ਫੁਟਪ੍ਰਿੰਟ ਘਟਾ ਸਕੀਏ। ਪਾਣੀ ਦੀ ਜਿੰਨੀ ਜ਼ਰੂਰਤ ਹੋਵੇ ਓਨੀ ਹੀ ਵਰਤੋਂ ਹੋਣੀ ਚਾਹੀਦੀ ਹੈ। ਸਾਨੂੰ ਹੌਲੀ-ਹੌਲੀ ਆਰਗੈਨਿਕ ਖੇਤੀ ਵੱਲ ਜਾਣਾ ਚਾਹੀਦਾ ਹੈ ਤਾਂਕਿ ਅਸੀਂ ਮਿੱਟੀ ਨੂੰ ਬੰਜਰ ਹੋਣ ਤੋਂ ਬਚਾ ਸਕੀਏ। ਸਾਨੂੰ ਵੱਧ ਤੋਂ ਵੱਧ ਦਰਖਤ ਲਾਉਣੇ ਚਾਹੀਦੇ ਹਨ ਤਾਂਕਿ ਅਸੀਂ ਸਾਫ ਹਵਾ ਦਾ ਆਨੰਦ ਮਾਣ ਸਕੀਏ। ਕੁਝ ਦਿਨ ਪਹਿਲਾਂ ਹੀ ਬੰਗਲੌਰ ਦਾ ਇੱਕ ਸਾਇੰਟਿਸਟ ਏ.ਆਰ. ਸ਼ਿਵਕੁਮਾਰ ਇਸ ਕਰਕੇ ਬਹੁਤ ਮਸ਼ਹੂਰ ਹੋਇਆ ਕਿ ਉਸ ਨੇ ਪਿਛਲੇ 22 ਸਾਲਾਂ ਤੋਂ ਪਾਣੀ ਦਾ ਬਿੱਲ ਨਹੀਂ ਦਿੱਤਾ ਬਲਕਿ ਪਾਣੀ ਦੀ ਸੰਭਾਲ ਦਾ ਇਕ ਬਿਹਤਰੀਨ ਨਮੂਨਾ ਪੇਸ਼ ਕੀਤਾ ਮੀਂਹ ਦੇ ਪਾਣੀ ਦਾ ਸੰਰਕਸ਼ਨ ਕਰਕੇ ਉਸ ਨੂੰ ਵਰਤੋਂ ਵਿਚ ਲਿਆਂਦਾ ਅਤੇ ਘਰ ਦੇ ਪਾਣੀ ਜਿਵੇਂ ਕਿ ਕੱਪੜੇ ਧੋਣ ਵਾਲਾ ਅਤੇ ਰਸੋਈ ਵਾਲੇ ਪਾਣੀ ਨੂੰ ਫਿਲਟਰ ਕਰ ਮੁੜ ਉਪਯੋਗ ਵਿਚ ਲਿਆਇਆ। ਸਾਨੂੰ ਅਜਿਹੇ ਇਨਸਾਨ ਤੋਂ ਸਿੱਖਣ ਦੀ ਲੋੜ ਹੈ।

ਅਖੀਰ ਵਿਚ ਇਸ ਸਾਲ ਦੇ ਵਾਤਾਵਰਣ ਦਿਵਸ ਦਾ ਵਿਸ਼ਾ ਹੈ "ਲੋਕਾਂ ਨੂੰ ਕੁਦਰਤ ਨਾਲ ਜੋੜਨਾ"। ਸਾਨੂੰ ਆਪਣੇ ਆਲੇ-ਦੁਆਲੇ ਕੁਦਰਤ ਨੂੰ ਮਾਣਨਾ ਚਾਹੀਦਾ ਹੈ ਅਤੇ ਇਸ ਦੇ ਸਾਂਭ-ਸੰਭਾਲ ਵਿਚ ਆਪਣਾ ਹੱਥ ਵਟਾਉਣਾ ਚਾਹੀਦਾ ਹੈ। ਕੁਝ ਦਿਨ ਪਹਿਲਾਂ ਸਾਡੇ ਦੇਸ਼ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਨੇ ਵੀ ਵਿਸ਼ਵ ਵਾਤਾਵਰਣ ਦਿਵਸ ਬਾਰੇ ਮਨ ਕੀ ਬਾਤ ਵਿਚ ਗੱਲ ਕੀਤੀ ਸੀ ਅਤੇ ਲੋਕਾਂ ਨੂੰ ਮੁੜ ਕੁਦਰਤ ਨਾਲ ਜੁੜਣ ਦਾ ਸੁਨੇਹਾ ਦਿੱਤਾ। ਇਹ ਧਰਤੀ ਦੇ ਸਰੋਤਾਂ ਦੀ ਜਿੰਨੀ ਅੰਨ੍ਹੇਵਾਹ ਵਰਤੋਂ ਅਸੀਂ ਕਰ ਰਹੇ ਹਾਂ ਉਨ੍ਹਾਂ ਹੀ ਸਾਨੂੰ ਆਪਣੀ ਧਰਤੀ ਨੂੰ ਵਾਪਸ ਮੋੜ ਕੇ ਇਕ ਸੰਤੁਲਨ ਬਣਾਉਣ ਦੀ ਲੋੜ ਹੈ। ਆਓ ਅਸੀਂ ਸਭ ਮਿਲ ਕੇ ਆਪਣੇ ਯੋਗਦਾਨ ਨਾਲ ਆਪਣੀ ਧਰਤੀ ਮਾਂ ਨੂੰ ਬਚਾਈਏ। ਅੰਤ ਵਿਚ ਮੈਨੂੰ ਸੁਰਜੀਤ ਪਾਤਰ ਹੁਰਾਂ ਦੀਆਂ ਦੋ ਲਾਈਨਾਂ ਯਾਦ ਆਉਂਦੀਆਂ ਕਿ

ਜੇ ਆਈ ਪੱਤਝੜ ਤਾਂ ਫੇਰ ਕੀ ਹੈ  
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ  
ਮੈਂ ਲੱਭ ਕੇ ਕਿਤਿਉਂ ਲਿਆਉਨਾ ਕਲਮਾਂ  
ਤੂੰ ਫੁੱਲਾਂ ਜੋਗੀ ਜਮੀਨ ਰੱਖੀਂ

**# ਸੀਨੀਅਰ ਖੋਜਾਰਥੀ (ਪੱਤਰਕਾਰੀ ਵਿਭਾਗ)**  
**ਪੰਜਾਬੀ ਯੂਨੀਵਰਸਿਟੀ ਪਟਿਆਲਾ**  
**91-97809-66297**

# ਗੀਤ ਸੰਗੀਤ ਇੰਟਰਟੈਨਮੈਂਟ ਦਾ ਨਿਵੇਕਲਾ ਉਪਰਾਲਾ ਸਾਬਤ ਹੋਈ - ਪੰਜਾਬੀ ਸਭਿਆਚਾਰ ਨਾਲ ਸਾਂਝ ਪਾਉਂਦੀ ਸ਼ਾਮ ਸੁਰੀਲੀ

**ਇੱਕ ਰਿਪੋਰਟ/ ਇਜਾਜ਼**






ਸਮੁੰਦਰ 'ਚੋਂ ਮੋਤੀ ਲੱਭਣ ਵਾਲੀ ਪਾਰਖੂ ਸ਼ਖਸ਼ੀਅਤ, ਭਾਵ ਪੂਰਤ ਟੁਣਕਵੇਂ ਬੋਲਾਂ ਨਾਲ ਤੁਰੇ ਜਾਂਦਿਆਂ ਨੂੰ ਕੀਲਣ ਦੀ ਸਮੱਰਥਾ ਰੱਖਣ ਵਾਲੀ ਆਵਾਜ਼ ਆਸ਼ਾ ਸ਼ਰਮਾ ਦੀ ਸਰਪ੍ਰਸਤੀ ਅਤੇ ਅਗਵਾਈ ਵਿੱਚ ਇਸ ਵਰ੍ਹੇ ਗੀਤ ਸੰਗੀਤ ਇਨਟਰਟੇਨਮੈਂਟ ਵਲੋਂ ਸ਼ਾਮ ਸੁਰੀਲੀ ਦਾ ਪ੍ਰੋਗਰਾਮ ਮਹਿਰਾਨ ਰੈਸਟੋਰੈਂਟ ਨਿਯੁਆਰਕ ਵਿਖੇ ਸੰਪਨ ਹੋਇਆ। ਸੁਰਾਂ ਦੇ ਉਸਤਾਦ ਸੁਖਦੇਵ ਸਾਹਿਲ ਨੇ ਰੰਗ-ਬਰੰਗੇ ਗੀਤਾਂ ਨੂੰ ਗਾ ਕੇ ਇਹੋ ਜਿਹਾ ਰੰਗ ਬੰਨਿਆ ਕਿ ਹਾਜ਼ਰ ਸਰੋਤੇ ਅਸ਼-ਅਸ਼ ਕਰ ਉਠੇ। ਨਿਵੇਕਲੀ ਕਿਸਮ ਦੀ ਇੱਕ ਲਹਿਰ ਸਿਰਜਨ ਦਾ ਆਸ਼ਾ ਮਨ ਵਿੱਚ ਚਿਤਵਕੇ ਆਸ਼ਾ ਸ਼ਰਮਾ ਨੇ ਇੱਕ ਸੁਰੀਲੀ, ਠਰੰਮੇ ਵਾਲੀ, ਗਮਾਂ-ਖੁਸ਼ੀਆਂ ਨਾਲ ਉਤਪੋਤ ਸਾਹਿਲ ਦੀ ਅਵਾਜ਼ ਨੂੰ ਲੋਕਾਂ ਸਾਹਮਣੇ ਕੁਝ ਇਸ ਤਰ੍ਹਾਂ ਪੇਸ਼ ਕੀਤਾ ਕਿ ਵਾਰਿਸ ਸ਼ਾਹ ਦੀ ਹੀਰ ਸਲੇਟੀ ਲੋਕਾਂ ਪ੍ਰਤੱਖ ਵੇਖ ਲਈ, ਨੰਦ ਲਾਲ ਨੂਰਪੁਰੀ ਦੇ ਦੀਦਾਰੇ ਕਰ ਲਏ, ਧਨੀ ਰਾਮ ਚਾਤ੍ਰਿਕ ਦੇ ਗੀਤਾਂ ਨਾਲ ਸਾਂਝ ਪਾ ਲਈ, ਅਤੇ ਸ਼ਿਵ ਕੁਮਾਰ ਬਟਾਲਵੀ ਦੀ ਰੂਹ ਆਪਣੇ ਅੰਗ-ਸੰਗ ਮਹਿਸੂਸ ਕਰ ਲਈ। ਨਹੀਂ ਸੀ ਜਾਪਦਾ ਇਵੇਂ ਕਿ ਸਰੋਤੇ ਵਿਦੇਸ਼ੀ ਧਰਤੀ 'ਤੇ ਬੈਠੇ ਹਨ, ਸਗੋਂ ਇੰਜ ਜਾਪਦਾ ਸੀ, ਪੰਜਾਬ ਦੇ ਪਿੰਡਾਂ ਦੇ ਗੀਤਾਂ ਦੇ ਅਖਾੜਿਆਂ ਵਿਚ ਉਹ ਆਪਣੇ ਹਰ ਦਿਲ ਅਜ਼ੀਜ਼ ਕਵੀਆਂ, ਗੀਤਾਕਾਰਾਂ ਦੀ ਅਵਾਜ਼, ਕੋਇਲ ਦੀ ਕੂ-ਕੂ ਵਾਂਗਰ ਆਪਣੇ ਮਨ 'ਚ ਸਮੋਈ ਜਾ ਰਹੇ ਹਨ। ਇੱਕ ਤੋਂ ਬਾਅਦ ਇੱਕ ਲੈ, ਸੰਗੀਤ ਨਾਲ ਉਤਪੋਤ ਗੀਤਾਂ ਨਾਲ ਸਾਹਿਲ ਸਰੋਤਿਆਂ ਸੰਗ ਸਾਂਝ ਪਾ ਰਿਹਾ ਸੀ, ਤੇ ਹਾਜ਼ਰ ਲੋਕਾਂ ਦੀ ਰੂਹ ਨੂੰ ਨਸ਼ਿਆ ਰਿਹਾ ਸੀ। ਪੰਜਾਬੀ ਦੇ ਮਸ਼ਹੂਰ ਉਸਤਾਦ ਸ਼ਾਇਰ ਹਰਜਿੰਦਰ ਕੰਗ, ਕੁਲਵਿੰਦਰ, ਰਾਜ ਵਡਵਾਲ, ਜਸ ਔਲਖ, ਵਿਕੀ ਟਰੇਸੀ, ਦੇ ਗੀਤਾਂ ਨੂੰ ਉਸ ਸਹਿਜ-ਸੁਭਾਅ ਲੋਕਾਂ ਸਾਹਵੇਂ ਇੰਜ ਰੱਖਿਆ ਕਿ ਗੀਤ ਸੁਰ ਬਣ ਗਏ, ਸੰਗੀਤ ਸੋਜ ਨਾਲ ਭਰ ਗਿਆ ਅਤੇ ਹਰੇਕ ਸਰੋਤੇ ਦਾ ਆਪਾ ਅਨੰਦਿਤ ਹੋ ਉਠਿਆ। ਕਦੋਂ ਸਮਾਂ ਬੀਤ ਗਿਆ ਇਸ ਸ਼ਾਮ ਸੁਰੀਲੀ ਦਾ ਇਸ ਮਹਿਫਲ ਵਿੱਚ ਅਹਿਸਾਸ ਹੀ ਨਾ ਹੋਇਆ।

ਹਰ ਮਨ ਇਸ ਲਈ ਉਤਸੁਕ ਸੀ ਕਿ ਸੁਰਾਂ ਹੋਰ ਚਲਦੀਆਂ ਰਹਿਣ, ਗੀਤ ਹੋਰ ਗਾਏ ਜਾਂਦੇ ਰਹਿਣ, ਸੰਗੀਤ ਦੀ ਧੁਨ ਰੂਹਾਂ ਦੀ ਖੁਰਾਕ ਬਣਦੀ ਰਹੇ ਅਤੇ ਕੰਮਾਂ-ਕਾਰਾਂ, ਰੁਝੇਵਿਆਂ ਨਾਲ ਟੁੱਟੇ ਸਰੀਰਾਂ, 'ਚ ਝਨਝਨਾਹਟ ਵਧਦੀ ਰਹੇ। ਪੰਜਾਬੀ ਸਭਿਆਚਾਰ ਦਾ ਵੱਖਰਾ ਰੰਗ ਸਾਹਿਲ ਨੇ ਲੰਮੀਆਂ ਹੇਕਾਂ, ਟੁਣਕਵੇਂ ਬੋਲਾਂ, ਨਾਲ ਕੁਝ ਇਸ ਤਰ੍ਹਾਂ ਪੇਸ਼ ਕੀਤਾ ਕਿ ਪੰਜਾਬੀ ਦੇ ਸਿਰਮੌਰ ਪੰਜਾਬੀ ਕਵੀਆਂ ਦੀਆਂ ਮਨ ਨੂੰ ਧੂ ਪਾਉਂਦੀਆਂ ਰਚਨਾਵਾਂ ਅਤੇ ਪ੍ਰਵਾਸ ਹੰਢਾ ਰਹੇ ਲੇਖਕਾਂ ਦੇ ਪਿੰਡੇ 'ਤੇ ਹੰਢਾਏ ਦਰਦ, ਖੁਸ਼ੀਆਂ, ਖੇੜਿਆਂ ਨਾਲ ਉਤਪੋਤ ਗੀਤ ਇਕੋ ਬੈਠਕ ਵਿਚ ਵੱਖੋ-ਵੱਖਰੇ ਅੰਦਾਜ਼ ਵਿੱਚ ਪੇਸ਼ ਕਰਕੇ ਉਸ ਵਾਹ-ਵਾਹ ਖੱਟੀ । ਸਾਜਾਂ ਦਾ ਸਾਥ ਅਤੇ ਆਸ਼ਾ ਸ਼ਰਮਾ ਦੇ ਬੋਲਾਂ ਦਾ ਨਿਵੇਕਲਾ ਅੰਦਾਜ ਇਸ ਲੜੀ ਦੇ ਮਣਕਿਆਂ 'ਚ ਇਵੇਂ ਰਚ-ਮਿਚ ਗਿਆ, ਜਿਵੇਂ ਅਕਾਸ਼ 'ਤੇ ਤਾਰੇ ਟਿਮਟਿਮਾਉਂਦੇ ਹਨ, ਵੇਖਣ ਵਾਲਿਆਂ ਨੂੰ ਰੋਸ਼ਨੀ ਦਿੰਦੇ ਹਨ, ਮਨ ਨੂੰ ਠੰਡਕ ਪਹੁੰਚਾਉਂਦੇ ਹਨ। ਇਸ ਮਹਿਫ਼ਲ ਨੂੰ ਸੰਗੀਤ ਮਲਕੀਤ ਸੰਧੂ, ਜੋਹਨ ਰੋਬਿਨ, ਇਜਾਜ਼ ਨੇ ਦਿੱਤਾ ਅਤੇ ਸਾਊਂਡ ਵਿਜੇ ਸਿੰਘ ਵਲੋਂ ਦਿੱਤਾ ਗਿਆ। ਇਹ ਮਹਿਫ਼ਲ ਪੰਜਾਬੀ ਪਿਆਰਿਆਂ ਸਤਿਕਾਰਯੋਗ ਕੁਲਦੀਪ ਸਿੰਘ ਢਿਲੋ, ਪ੍ਰੋ: ਬਲਜਿੰਦਰ ਸਿੰਘ, ਵਿੱਕੀ ਟਰੇਸੀ, ਮੰਨਾ ਥਿਆੜਾ, ਸੁਰਿੰਦਰ ਧੰਨੋਆ, ਕੁਲਵਿੰਦਰ, ਸੁਖਵਿੰਦਰ ਕੰਬੋਜ, ਤਾਰਾ ਸਾਗਰ, ਪੰਕਜ, ਡਾ: ਚਰਨਜੀਤ ਉਪਲ, ਗੁਰਸ਼ਰਨ ਸਿੰਘ ਸੇਖੋਂ, ਬੀ.ਐਸ.ਪੰਨੂ, ਐਸ.ਪੀ. ਸਿੰਘ ਮਹਿੰਗਾ ਸਿੰਘ, ਸੰਤੋਖ ਸਿੰਘ ਤੱਖਰ ਪ੍ਰੀਵਾਰ, ਮਨਜੀਤ ਕੌਰ, ਰਾਜ ਵਡਵਾਲ, ਗੁਲਸ਼ਨ ਦਿਆਲ, ਜਸਬੀਰ ਭੰਬਰਾ, ਜਸੰਵਤ ਸਰਾਂ, ਡਾ: ਹੁੰਦਲ ਅਤੇ ਅਨੇਕਾਂ ਹੋਰਾਂ ਨਾਲ ਸਜੀ ਹੋਈ ਸੀ । ਇਸ ਮਹਿਫ਼ਲ ਵਲੋਂ ਇਸ ਸ਼ਾਮ ਸੁਰੀਲੀ ਪ੍ਰੋਗਰਾਮ ਨੂੰ ਅੱਗੋ ਵੀ ਭਰਪੂਰ ਸਹਿਯੋਗ ਦਾ ਹੁੰਗਾਰਾ ਭਰਿਆ ਗਿਆ। ਮੇਰੀ ਕਾਮਨਾ ਹੈ ਕਿ ਇਹੋ ਜਿਹੀਆਂ ਸੁਰੀਲੀਆਂ ਸ਼ਾਮਾਂ ਨਿੱਤ ਪੰਜਾਬੀਆਂ ਦੇ ਵਿਹੜਿਆਂ ਦਾ ਸ਼ਿੰਗਾਰ ਬਣਨ, ਵਿਦੇਸ਼ ਦੇ ਹਰ ਸ਼ਹਿਰ ਵਿੱਚ ਆਯੋਜਿਤ ਹੋਣ ਤਾਂ ਕਿ ਪੰਜਾਬੀ ਆਪਣੀ ਮਾਂ ਬੋਲੀ ਨਾਲ ਜੁੜੇ ਰਹਿਣ, ਪੰਜਾਬ ਸਭਿਆਚਾਰ ਨਾਲ ਉਹਨਾ ਦੀ ਸਾਂਝ ਬਣੀ ਰਹੇ ਤੇ ਉਹ ਆਪਣੇ ਪਿਆਰੇ ਪੰਜਾਬ ਨੂੰ, ਪੰਜਾਬੀ ਨੂੰ, ਪੰਜਾਬੀ ਸਭਿਆਚਾਰ ਨੂੰ ਦਿਲਾਂ 'ਚ ਥਾਂ ਦਿੰਦੇ ਰਹਿਣ। ਗੀਤ ਸੰਗੀਤ ਇੰਟਰਟੇਨਮੈਂਟ ਦਾ ਇਹੋ ਜਿਹੇ ਪ੍ਰੋਗਰਾਮ ਆਯੋਜਿਤ ਕਰਨ ਦਾ ਯਤਨ ਸ਼ਲਾਘਾ ਯੋਗ ਹੈ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਕੈਹਕਸ਼ਾਂ ਦਰ ਕੈਹਕਸ਼ਾਂ



ਕਮਲ ਬੰਗਾ
ਸੈਕਰਾਮੈਂਟੋ
916-897-8570

ਆਕਾਸ਼ ਵਿਚ ਕੈਹਕਸਾਂ ਨੇ ਕੀਤੀ ਕਮਾਲ ਹੈ
ਚਮਕ ਤਾਰਿਆਂ ਦੀ, ਨੀਲੀ ਤੇ ਲਾਲ ਹੈ।

ਤਾਰਿਆਂ ਦੇ ਝੁਰਮਟ ’ਚ, ਥੋੜ੍ਹੀ ਖਾਲੀ ਜਗ੍ਹਾ,
ਇਹ ਵੀ ਤਾਂ ਅਕਸਰ ਹੋ ਜਾਣੀ ਬਹਾਲ ਹੈ।

ਕੈਹਕਸ਼ਾਂ ਦਰ ਕੈਹਕਸ਼ਾਂ ਚਾਹੇ ਹੋਣੀਆਂ ਨਹੀਂ,
ਫਿਰ ਵੀ ਆਸਵੰਦ ਸੱਜਣੋਂ, ਮੇਰਾ ਖਿਆਲ ਹੈ।

ਚਮਕਦੇ ਆਕਾਸ਼ ਥੱਲੇ, ਧਰਤੀ ਵੀ ਹੱਸਦੀ ਏ,
ਚਾਹੇ ਹਨ੍ਹੇਰਾ ਫਿਰ ਵੀ ਲੱਗਦੀ ਮਾਲੋਮਾਲ ਹੈ।

ਬਾਹਰ ਬੈਠੇ ਨੂੰ,
ਨ੍ਹੇਰੇ ਦੀ ਸਾਂ ਸਾਂ ਵੀ ਸੁਣਦੀ,
ਨਾਲ ਨਾਲ ਦਿਲ ’ਚ ਉਠਦੀ
ਖੁਸ਼ੀ ਦੀ ਛਾਲ ਹੈ।

ਫੁੱਲਾਂ ਦੇ ਗੁਲਦਸਤੇ ਵਾਂਗ ਜੋ ਸਿਤਾਰੇ ਨੇ,
ਇਨ੍ਹਾਂ ਲੁਕ ਜਾਣਾ, ਸੂਰਜ ਦੀਆਂ ਕਿਰਨਾਂ ਨਾਲ ਹੈ।

ਜੇ ਚੰਦ ਤਾਰੇ ਤੇ ਸੂਰਜ ਨਾ ਹੁੰਦੇ ’ਕਮਲ’
ਫਿਰ ਹੋ ਜਾਣਾ ਸੀ ਆਲਮ ਹਾਲੋਂ ਬੇਹਾਲ ਹੈ।



*(ਦੋਸਤੋ ! ਇਹ ਨਜ਼ਮ ਉਨ੍ਹਾਂ ਮੁੰਡੇ ਕੁੜੀਆਂ ਦੇ ਨਾਂਅ ਹੈ, ਜਿਨ੍ਹਾਂ ਨੂੰ ਕਿਸੇ ਵੀ ਵਜਾਹ ਕਰਕੇ ਆਪਣੀ ਧਰਤੀ ਛੱਡ ਕਿਤੇ ਹੋਰ ਧਰਤੀ ਦੀ ਰੂਹ ਨਾਲ ਦਿਲ ਲਗਾਉਣ ਲਈ ਮਜਬੂਰ ਕੀਤਾ ਗਿਆ ਸੀ। ਇਹ ਉਨ੍ਹਾਂ ਦੇ ਖੁਦ ’ਤੇ ਸਹੇ ਤਸੀਹੇ ਜਾਂ ਜ਼ਿਕਰ ਉਨ੍ਹਾਂ ਦੇ ਦਰਦ ਵੰਡਾਉਣ ਲਈ ਹਨ। ਕੁਝ ਲੋਕਾਂ ਕਿਹਾ ਕਿ ਇਹ ਮੇਰੀ ਖੁਦ ਦੀ ਨਿਰਾਸ਼ਾ ਹੈ ਪਰ ਮੈਂ ਦੱਸਾਂ ਕਿ ਮੈਂ ਆਪਣੇ ਆਪ ਤੋਂ ਨਹੀ ਉਨ੍ਹਾਂ ਦੀ ਮਜਬੂਰੀ ਤੋਂ ਉਦਾਸ ਹੋਇਆਂ ਜੋ ਪੁਲੀਸ ਦੇ ਡਰ ਜਾਂ ਬਾਕੀ ਖੌਫ ਕਾਰਣ ਗੈਰ ਕਾਨੂੰਨੀ ਤਰੀਕਿਆਂ ਰਾਹੀ ਵਿਦੇਸ਼ੀ ਤਾਂ ਪਹੁੰਚ ਗਏ ਪਰ ਉਨ੍ਹਾਂ ਦੇ ਮਾਂKਪਿਓ ਦੀ ਮ੍ਰਿਤਕ ਦੇਹ ਆਪਣੇ ਆਪ ਨੂੰ ਅੱਗ ਲੁਆਉਣ ਜਾਂ ਭੈਣ ਆਪਣੀ ਡੋਲੀ ਤੁਰਵਾਉਣ ਲਈ ਭਰਾ ਦੀ ਉਡੀਕ ਕਰਦੇ ਤੁਰ ਗਏ ਕਿਉਂਕਿ ਗੈਰ-ਕਾਨੂੰਨੀ ਪਹੁੰਚੇ ਲੋਕਾਂ ਕੋਲ ਪਾਸਪੋਰਟ ਨਹੀ ਹੁੰਦੇ ਜਿਸ ਕਰਕੇ ਉਹ ਵਾਪਸ ਨਹੀ ਜਾ ਸਕਦੇ ਤੇ ਇਸ ਸਭ ਕਾਸੇ ਦਾ ਜ਼ਿੰਮੇਵਾਰ "ਨਵਾਂ ਨਾਦਿਰ ਸ਼ਾਹ" ਪਰਸੋਂ ਤੁਰ ਗਿਆ।)*

ਕੌਣ ਛਡਦਾ ਵੇ ਘਰ
ਹੁੰਦਾ ਭੁੱਖ ਦਾ ਨ ਡਰ
ਪੈੜਾਂ ਪੁੱਟ ਪੁੱਟ ਦੇਖਾਂ
ਦਿਲ ਕੰਬ ਜਾਂਦਾ ਏ

ਜਦੋਂ ਤੁਰੇ ਸੀ ਘਰੋਂ

ਪਤਾ ਨਹੀਂ ਸੀ ਉਦੋਂ
ਇਹ ਭੁੱਖ ਵਾਲਾ ਕੋਹੜ
ਸਭ ਝੰਬ ਜਾਂਦਾ ਏ
ਹਾਂ ਜੀ ਦਿੱਲ...

ਮਾਂ ਦੀ ਅਖ ਵਾਲੇ ਹੰਝੂ

ਅੱਖ ਪਿਤਾ ਦੇ ਉਦਾਸੀ
ਭੈਣ ਰੋਵੇ ਕੁਰਲਾਵੇ
ਦਿੱਲ ਕੰਬ ਜਾਂਦਾ ਏ
ਹਾਂ ਜੀ ਦਿੱਲ...

ਲੰਮੀ ਲਾਉਂਦਿਆਂ ਉਡਾਰੀ

ਖੰਭ ਕੱਟਦੇ ਨੇ ਵਪਾਰੀ
ਜਦੋਂ ਆਪਣਾ ਹੀ ਪਿਛੇ
ਕੋਈ ਹੰਭ ਜਾਂਦਾ ਏ
ਹਾਂ ਜੀ ਦਿੱਲ...!!!

**– ਐਸ ਬਲਵੰਤ**
**(ਯੂ ਕੇ)**

## ਕਰਕੇ ਧੋਖਾ

**ਮਹਿੰਦਰ ਸਿੰਘ ਮਾਨ**
**99158-03554**

ਕਰਕੇ ਧੋਖਾ ਉਸਤਾਦਾਂ ਦੇ ਨਾਲ,
ਅੱਜ ਕਲ੍ਹ ਦੇ ਚੇਲੇ ਕਰੀ ਜਾਣ ਕਮਾਲ।

ਪੁੱਛਿਆ ਨਾ ਕਿਸੇ ਵੀ ਉਹਨਾਂ ਨੂੰ ਉੱਥੇ,
ਜੋ ਪੁੱਛਣ ਗਏ ਸਨ ਰੋਗੀ ਦਾ ਹਾਲ।

ਅੱਜ ਕਲ੍ਹ ਚੁਸਤ ਬੜੇ ਨੇ ਦੁਕਾਨਾਂ ਵਾਲੇ,
ਮਿੱਠੇ ਬਣ ਕੇ ਵੇਚਣ ਨਕਲੀ ਮਾਲ।

ਰੋਟੀ ਲਈ ਹਾਂ ਥਾਂ ਥਾਂ ਰੁਲਦੇ ਫਿਰਦੇ,
ਵਿਛੜੇ ਦਿਲਦਾਰ ਦਾ ਆਵੇ ਕਿਵੇਂ ਖਿਆਲ?

ਬੇਈਮਾਨ ਪੇਸ਼ ਨਹੀਂ ਦਿੰਦੇ ਜਾਣ,
ਹੈ ਨ੍ਹੀ ਇੱਥੇ ਕਿਸੇ ਵਸਤੂ ਦਾ ਕਾਲ।

ਪੱਕੇ ਬਣਾਵਣ ਵਾਲੇ ਥੱਲੇ ਸੌਣ,
ਪਰ ਪੱਕਿਆਂ ਵਿੱਚ ਐਸ਼ਾਂ ਕਰਨ ਦਲਾਲ।



## ਪੰਜਾਬੀ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਦੀਆਂ ਕਈ ਪੁਸਤਕਾਂ 11 ਜੂਨ ਨੂੰ ਲੋਕ ਅਰਪਣ ਹੋਣਗੀਆਂ

**ਯੂਨੀਅਨ ਸਿਟੀ (ਪ੍ਰਵਾਨਾ)–** ਸਥਾਨਕ ਸਾਹਿਤਕਾਰਾਂ, ਸਾਹਿਤ ਰਸੀਏ, ਭਾਈਚਾਰਕ ਜਥੇਬੰਦੀਆਂ, ਕਾਰੋਬਾਰੀਆਂ ਅਤੇ ਪਤਵੰਤਿਆਂ ਦੀ ਭਾਰੀ ਹਾਜ਼ਰੀ ਵਿਚ ਸਥਾਨਕ ਪੰਜਾਬੀ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਦੀਆਂ ਕਾਵਿ ਪੁਸਤਕਾਂ ’ਰਹਿਮਤਾਂ/ਧਾਰਮਿਕ ਗੀਤ’ ਅਤੇ ’ਤਰਕਾਂ (ਗੀਤ ਸੰਗ੍ਰਹਿ) 11 ਜੂਨ ਦਿਨ ਐਤਵਾਰ ਬਾਅਦ ਦੁਪਹਿਰ 2 ਵਜੇ ਯੂਨੀਅਨ ਸਿਟੀ ਲਾਇਬ੍ਰੇਰੀ ਵਿਖੇ ਲੋਕ ਅਰਪਣ ਹੋਣਗੀਆਂ। ਯਾਦ ਰਹੇ ਕਿ ਨੂਰਪੁਰੀ ਦੀ ਪਹਿਲੀ ਪੁਸਤਕ ’ਬਿਲ ਬਾਲਣ ਦੇ ਸਾੜਨ ਧੀਆਂ’ ਪਹਿਲਾਂ ਪੰਜਾਬੀ ਪਾਠਕਾਂ ਗੋਚਰੇ ਹੋ ਚੁਕੀ ਹੈ।




# ਹਰਪ੍ਰੀਤ ਕੌਰ ਦਾ ਪਲੇਠਾ ਕਾਵਿ-ਸੰਗ੍ਰਹਿ ‘ਦਹਿਲੀਜ਼ ਦੇ ਆਰ-ਪਾਰ’ ਲੋਕ ਅਰਪਿਤ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਮਿਤੀ 29 ਮਈ 2017 ਨੂੰ ਇਸ ਸਭਾ ਦੀ ਮੈਂਬਰ ਹਰਪ੍ਰੀਤ ਕੌਰ ਧੂਤ ਦੇ ਪਲੇਠੇ ਕਾਵਿ-ਸੰਗ੍ਰਹਿ ‘ਦਹਿਲੀਜ਼ ਦੇ ਆਰ ਪਾਰ’ ਨੂੰ ਨਾਮਵਰਕਲਮੀ ਦੋਸਤਾਂ ਦੀ ਭਰਵੀਂ ਹਾਜ਼ਰੀ ਵਿੱਚ ਲੋਕ ਅਰਪਿਤ ਕੀਤਾ ਗਿਆ। ਇਸ ਪੁਸਤਕ ਵਿੱਚ ਵੱਖ ਵੱਖ ਵਿਸ਼ਿਆਂ ਨੂੰ ਛੂਹਦੀਆਂ ਉਸਦੀਆਂ 75 ਮੌਲਿਕ ਰਚਨਾਵਾਂ ਸ਼ਾਮਲ ਹਨ। ਸਮਾਗਮ ਨੂੰ ਸੰਬੋਧਨ ਕਰਨ ਲਈ ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ:ਡਾ. ਮੋਹਨ ਤਿਆਗੀ ਅਤੇ ਪ੍ਰੋ. ਨਵਰੂਪ ਕੌਰ( ਹੰਸ ਰਾਜ ਮਹਿਲਾ ਕਾਲਜ਼ ਜਲੰਧਰ) ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਸਨ। ਸਮਾਗਮ ਦਾ ਆਰੰਭ ਕਰਦਿਆਂ ਹਰਜਿੰਦਰ ਪੰਧੇਰ ਵਲੋਂ ਆਏ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਕਾਵਿ-ਪੁਸਤਕ ਬਾਰੇ ਭਰਭੂਰ ਜਾਣਕਾਰੀ ਦਿਤੀ ਗਈ। ਪੁਸਤਕ ਦੀ ਘੁੰਡ ਚੁਕਾਈ ਦੀ ਰਸਮ ਕਰਨ ਉਪਰੰਤ ਇਸ ਬਾਰੇ ਭਰਵਾਂ ਸੰਵਾਦ ਰਚਾਇਆ ਗਿਆ। ਜਿਸ ਵਿੱਚ ਡਾ. ਮੋਹਨ ਤਿਆਗੀ, ਹਰਜਿੰਦਰ ਪੰਧੇਰ ਤ੍ਰਿਪਤ ਸਿੰਘ ਭੱਟੀ, ਹਰਨੇਕ ਸਿੰਘ, ਪ੍ਰੋ. ਨਵਰੂਪ ਕੌਰ, ਦਿੱਲ ਨਿੱਜਰ, ਮਲਕੀਤ ਸਿੰਘ ਬੋਪਾਰਾਇ,ਬੱਲਬਹਾਦਰ ਸਿੰਘ ਅਤੇ ਹੋਰ ਹਾਜ਼ਰ ਸੱਜਣਾਂ ਨੇ ਭਾਗ ਲਿਆ। ਡਾ. ਮੋਹਨ ਤਿਆਗੀ ਨੇ ਇਸ ਪੁਸਤਕ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ: ‘ਹਰਪ੍ਰੀਤ ਕੌਰ ਨਾਰੀ ਸੰਵੇਦਨਾ ਦੀ ਕਵਿਤ੍ਰੀ ਹੈ। ਉਸਦੀ ਕਵਿਤਾ ਵਿੱਚ ਯੁੱਗ ਚੇਤਨਾ ਅਤੇ ਸਮਕਾਲੀ ਸਮਾਜਿਕ ਸਰੋਕਾਰਾਂ ਦੀ ਭਰਵੀਂ ਚਰਚਾ ਹੋਈ ਹੈ’। ਪ੍ਰੋ. ਨਵਰੂਪ ਕੌਰ ਨੇ ਉਸਦੀ ਕਾਵਿਕ ਸੁੰਦਰਤਾ ਦੀ ਤਾਰੀਫ਼ ਕੀਤੀ। ਇਸ ਤੋਂ ਬਾਅਦ ਹਰਪ੍ਰੀਤ ਕੌਰ ਨੇ ਆਪਣੇ ਨਵ-ਰਚਿਤ ਕਾਵਿ-ਸੰਗ੍ਰਹਿ ਵਿੱਚੋਂ ਕੁਝ ਚੋਣਵੀਆਂ ਕਵਿਤਾਵਾਂ ਦਾ ਪਾਠ ਕੀਤਾ ਜਿਸ ਨੂੰ ਸਰੋਤਿਆਂ ਵਲੋਂ ਤਾੜੀਆਂ ਦੀ ਗੂੰਜਾਰ ਨਾਲ ਸਲਾਹਿਆ ਗਿਆ। ਸਮਾਗਮ ਦਾ ਦੂਸਰਾ ਦੌਰ ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਟੀਮ ਵਲੋਂ ਵਿਸ਼ੇਸ਼ ਮਹਿਮਾਨਾਂ ਦਾ ਖ਼ੂਬਸੂਰਤ ਫੁਲਾਂ ਦੇ ਗੁਲਦਸਤਿਆਂ ਨਾਲ ਸਨਮਾਨ ਕਰਦਿਆਂ ਹੋਇਆ। ਸਭਾ ਵਲੋਂ ਪ੍ਰੋ. ਨਵਰੂਪ ਕੌਰ ਨੂੰ ‘ਪਰਵਾਸ ਤੋਂ ਆਵਾਸ ਵੱਲ’(ਉਤਰੀ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ) ਅਤੇ ‘ ਦਿਸਹੱਦਿਆਂ ਦੇ ਆਰ-ਪਾਰ’(ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਹਿ) ਦਾ ਸੈੱਟ ਭੇਂਟ ਕੀਤਾ ਗਿਆ। ਇਸ ਉਪਰੰਤ ਸ਼ਾਨਦਾਰ ਕਵੀ ਦਰਬਾਰ ਸਜਿਆ ਇਸ ਵਿੱਚ ਉਪਰੋਕਤ ਸੱਜਣਾ ਤੋਂ ਇਲਾਵਾ ਜਯੋਤੀ ਸਿੰਘ, ਬਲਜੀਤ ਕੌਰ ਸੰਘਾ, ਮਨਜੀਤ ਕੌਰ ਸੰਧੂ, ਗੁਰਪ੍ਰੀਤ ਕੌਰ, ਮਰਿਗਇੰਦਰ ਪੰਧੇਰ ਆਦਿ ਨੇ ਭਾਗ ਲਿਆ। ਪੂਰੇ ਸਮਾਗਮ ਦੌਰਾਨ ਆਏ ਮਹਿਮਾਨਾਂ ਦੀ ਮੇਜ਼ਬਾਨੀ ਸਰਬਜੀਤ ਸਿੰਘ ਧੂਤ ਨੇ ਪੂਰੀ ਦਿਲਲਗੀ ਨਾਲ ਕੀਤੀ। ਯਾਦ ਰਹੇ ਹਰਪ੍ਰੀਤ ਕੌਰ ਦੇ ਜੀਵਨ ਸਾਥੀ ਸਰਬਜੀਤ ਸਿੰਘ ਧੂਤ ਇਲਾਕੇ ਦੀਆਂ ਨਾਮਵਰ ਹਸਤੀਆਂ ਵਿਚੋਂ ਇੱਕ ਹਨ।



**ਰਿਪੋਰਟ: ਹਰਜਿੰਦਰ ਪੰਧੇਰ ; 209- 610-5055**

# ਡਾ. ਅੰਬੇਡਕਰ ਦੇ 126ਵੇਂ ਜਨਮ ਦਿਨ ਨੂੰ ਸਮਰਪਿਤ ਲੇਖਕ ਸੋਹਣ ਸਹਿਜਲ ਦੀਆਂ ਚਾਰ ਪੁਸਤਕਾਂ ਲੋਕ ਅਰਪਿਤ

14 ਅਪ੍ਰੈਲ 2017 ਬਾਬਾ ਸਾਹਿਬ ਡਾ. ਅੰਬੇਡਕਰ ਦੇ 126ਵੇਂ ਜਨਮ ਦਿਨ ਨੂੰ ਸਮਰਪਿਤ ਲੇਖਕ ਸੋਹਣ ਸਹਿਜਲ ਦੀਆਂ ਚਾਰ ਪੁਸਤਕਾਂ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਬਾਬਾ ਸਾਹਿਬ ਦੇ ਸੰਪਰਕ ਵਿੱਚ ਰਹੇ ਸ੍ਰੀਮਾਨ ਕੇ. ਸੀ. ਸੁਲੇਖ, ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ ਡਾ. ਰੌਣਕੀ ਰਾਮ ਅਤੇ ਸਾਬਕਾ ਜਾਇੰਟ ਡਾਇਰੈਕਟਰ ਖੇਤੀਬਾੜੀ ਵਿਭਾਗ ਪੰਜਾਬ ਸ. ਫਤਹਿਜੰਗ ਸਿੰਘ ਨੇ ਯੂਨੀਵਰਸਿਟੀ ਦੀਆਂ ਉੱਪਰਲੀਆਂ ਸਖਸ਼ੀਅਤਾਂ ਦੀ ਹਾਜ਼ਰੀ ਵਿੱਚ ਲੋਕ ਅਰਪਿਤ ਕੀਤਾ। ਸ਼ੁਰੂਆਤ ਵਿੱਚ 'ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਣ’ ਵਰਗੇ ਸ਼ੋਧ ਗ੍ਰੰਥ ਲਿਖਣ ਵਾਲੇ ਡਾ. ਰੌਣਕੀ ਰਾਮ ਨੇ ਸਭ ਦੀ ਜਾਣ-ਪਛਾਣ ਕਰਾਈ ਅਤੇ ਜਨ ਚੇਤਨਤਾ ਹਿੱਤ ਸੋਹਣ ਸਹਿਜਲ ਦੀਆਂ ਕਿਰਤਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸ੍ਰੀਮਾਨ ਕੇ. ਸੀ. ਸੁਲੇਖ ਦੀ ਘਾਲਣਾ ਬਾਰੇ ਵੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਸਮਾਗਮ ਵਿੱਚ ਸ਼ਾਮਲ ਸਭ ਨੂੰ ਜੀ ਆਇਆਂ ਨੂੰ ਆਖਿਆ।

ਜ਼ਿਕਰਯੋਗ ਹੈ ਕਿ ਯੂਨੀਵਰਸਟੀ ਵਿਖੇ ਇਹ ਸਮਾਗਮ ਡਾ. ਰੌਣਕੀ ਰਾਮ ਦੀ ਪਹਿਲ ਤੇ ਆਯੋਜਤ ਕੀਤਾ ਗਿਆ। ਪਿਛਲੇ ਕਰੀਬ 70-75 ਸਾਲਾਂ ਦੇ ਇਤਿਹਾਸ ਦੇ ਗਵਾਹ ਅਤੇ 'ਉਜਾਲਾ’ ਅਖ਼ਬਾਰ ਦੇ ਸੰਪਾਦਕ ਰਹੇ ਮਾਨਯੋਗ ਕੇ. ਸੀ. ਸੁਲੇਖ ਨੇ ਸੋਹਣ ਸਹਿਜਲ ਦੁਆਰਾ ਲਿਖੀਆਂ ਸੰਪਾਦਿਤ ਅਤੇ ਅਨੁਵਾਦਿਤ ਕੀਤੀਆਂ ਪੁਸਤਕਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਪ੍ਰਸਿੱਧ ਲੇਖਕ ਬੀ. ਆਰ. ਸਾਂਪਲਾ ਦੀ ਕਰੀਬ 100 ਸਫ਼ਿਆਂ ਦੀ ਅੰਗ੍ਰੇਜ਼ੀ ਪੁਸਤਕ ਉੱਤੇ ਅਧਾਰਤ 'ਨਿਰਬਲਾਂ ਦੇ ਸ਼ਕਤੀਦਾਤਾ ਡਾ. ਅੰਬੇਡਕਰ’ ਪੁਸਤਕ ਛਪਾਈ, ਅੰਬੇਡਕਰ ਵਿਚਾਰ ਦਰਸ਼ਨ ਪੁਸਤਕ ਪ੍ਰਸਤੁਤ ਕੀਤੀ ਜੋ ਕਿ ਮਹਾਂਰਾਸ਼ਟਰ ਸਰਕਾਰ ਦੁਆਰਾ ਬਾਬਾ ਸਾਹਿਬ ਬਾਰੇ ਲਿਖਤਾਂ ਅਤੇ ਭਾਸ਼ਣਾ ਉੱਤੇ ਅਧਾਰਿਤ ਕਿਤਾਬ ਹੈ। ਇਸੇ ਪ੍ਰਕਾਰ ਬਾਬਾ ਸਾਹਿਬ ਦੇ ਨਿੱਜੀ ਸਕੱਤਰ ਸਤਿਕਾਰਯੋਗ ਨਾਨਕ ਚੰਦ ਰੱਤੂ ਦੀਆਂ ਬਾਬਾ ਸਾਹਿਬ ਬਾਰੇ ਚਾਰ ਪੁਸਤਕਾਂ ਉੱਤੇ ਅਧਾਰਤ ਕਿਤਾਬ 'ਬਾਬਾ ਸਾਹਿਬ ਡਾ. ਅੰਬੇਡਕਰ ਨਿੱਜੀ ਸਕੱਤਰ ਦੀਆਂ ਯਾਦਾਂ’ ਛਪਵਾਈ। ਸੁਲੇਖ ਸਾਹਿਬ ਨੇ ਦੱਸਿਆ ਕਿ ਉਨ੍ਹਾਂ ਨੇ ਸ੍ਰੀ ਸਹਿਜਲ ਦੀਆਂ ਕੁਝ ਕਿਤਾਬਾਂ ਦੇ ਮੁੱਖ ਬੰਦ ਲਿਖੇ ਹਨ ਅਤੇ ਤਿੰਨ-ਚਾਰ ਪੁਸਤਕਾਂ ਦਾ ਤਾਂ 'ਨਾਮਕਰਣ’ ਵੀ ਕੀਤਾ ਹੈ। ਪ੍ਰਬੁੱਧ ਭਾਰਤ ਫਾਉਂਡੇਸ਼ਨ ਫਗਵਾੜਾ ਦੀ ਅਗਵਾਈ ਵਿੱਚ ਹਰ ਸਾਲ ਕਰਾਈ ਜਾਂਦੀ ਪੁਸਤਕ ਪ੍ਰਤੀਯੋਗਤਾ ਲਈ ਕਿਤਾਬਾਂ ਵੀ ਸਹਿਜਲ ਦੀ ਦੇਖਰੇਖ ਵਿੱਚ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਇਸ ਵਾਰ 10ਵੇਂ ਕੰਪੀਟੀਸ਼ਨ ਲਈ 50000 ਕਾਪੀਆਂ ਛਾਪਣ ਦਾ ਟੀਚਾ ਰੱਖਿਆ ਗਿਆ ਹੈ। ਵਿਦਵਾਨ ਲੇਖਕ ਨੇ ਸਹਿਜਲ ਦੀ ਕਿਤਾਬ 'ਦੀ ਗ੍ਰੇਟਿਸਟ ਇੰਡੀਅਨ ਬਾਬਾ ਸਾਹਿਬ ਡਾ. ਅੰਬੇਡਕਰ’ ਅਤੇ ਸੰਨ 1984-85 ਵਿੱਚ ਪਲੇਠੀ ਛਪੀ ਕਾਵਿ-ਪੁਸਤਕ 'ਬਾਬਾ ਸਾਹਿਬ ਨੂੰ ਸਮਰਪਤ ਕਵਿਤਾ ਦੇ 100 ਬੰਦ’ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ ਅਤੇ ਦੱਸਿਆ ਕਿ ਸਹਿਜਲ ਹੁਣੀ ਕਵਿਤਾ, ਗੀਤ ਅਤੇ ਵਾਰਤਕ ਪੂਰੀ ਸ਼ਿੱਦਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਿਖਦੇ ਹਨ ਅਤੇ ਇਹਨਾਂ ਪੁਸਤਕਾਂ ਨੂੰ ਪਾਠਕਾਂ ਪ੍ਰਸ਼ੰਸ਼ਕਾਂ ਦੀ ਘਾਟ ਕਦੇ ਮਹਿਸੂਸ ਨਹੀਂ ਹੋਈ।

ਲੇਖਕ ਸੋਹਣ ਸਹਿਜਲ ਨੇ ਪੰਜਾਬ ਯੂਨੀਵਰਸਟੀ ਵਿਖੇ ਉੱਚ ਪੱਧਰੀ ਸਮਾਗਮ ਰਚਾਉਣ ਲਈ ਖ਼ਾਸ ਤੌਰ ਤੇ ਡਾ. ਰੌਣਕੀ ਰਾਮ ਅਤੇ ਯੂਨੀਵਰਸਟੀ ਦੇ ਵਿਦਵਾਨ ਪ੍ਰੋਫੈਸਰਾਂ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਜੀਵਨ ਵਿੱਚ ਇਹ ਪਲ ਕਦੇ ਵੀ ਨਾ ਭੁੱਲਣ ਵਾਲੇ ਯਾਦਗਾਰੀ ਪਲ ਹਨ। ਇਹ ਬੜੇ ਮਾਣ ਡਾਢੇ ਫ਼ਖਰ ਦੀ ਗੱਲ ਹੈ ਕਿ ਮੈਂਨੂੰ ਸੁਲੇਖ ਸਾਹਾਬ, ਡਾ. ਰੌਣਕੀ ਰਾਮ ਅਤੇ ਸ. ਫਤਹਿ ਜੰਗ ਸਿੰਘ ਵਰਗੇ ਵਿਦਵਾਨਾਂ ਦੀ ਅਗਵਾਈ ਅਤੇ ਹੌਸਲਾ ਅਫ਼ਜ਼ਾਈ ਮਿਲਦੀ ਰਹੀ ਹੈ। ਜਾਰੀ ਕੀਤੀਆਂ ਪੁਸਤਕਾਂ ਬਾਰੇ ਜਾਣਕਾਰੀ ਦਿੰਦਿਆਂ ਸੋਹਣ ਸਹਿਜਲ ਨੇ

1. ਅੰਬੇਡਕਰ ਵਿਚਾਰ ਦਰਸ਼ਨ ਦੇ ਛਪੇ ਤੀਜੇ ਸੰਸਕਰਣ ਬਾਰੇ ਦੱਸਿਆ ਕਿ ਇਹ ਪੁਸਤਕ ਬਾਬਾ ਸਾਹਿਬ ਬਾਰੇ ਮਹਾਂਰਾਸ਼ਟਰ ਸਰਕਾਰ ਦੁਆਰਾ ਛਾਪੇ ਸਾਰੇ ਦੇ ਸਾਰੇ ਖੰਡਾਂ ਉੱਤੇ ਆਧਾਰਤ ਪੁਸਤਕ ਹੈ। ਇਹ ਪੁਸਤਕ ਕਈਆਂ ਲਈ ਪ੍ਰੇਰਣਾ ਸਰੋਤ ਬਣੇ ਹੋਏ ਵਿਦਵਾਨ ਲੇਖਕ ਸ੍ਰੀਮਾਨ ਕੇ. ਸੀ. ਸੁਲੇਖ ਦੀ ਘਾਲਣਾ ਨੂੰ ਭੇਂਟ ਕੀਤੀ ਗਈ।

2. 'ਬਾਬਾ ਸਾਹਿਬ ਡਾ. ਅੰਬੇਡਕਰ ਦੇ ਵਿਚਾਰ’ ਪੁਸਤਕ ਦੀ ਖ਼ੂਬੀ ਇਹ ਹੈ ਕਿ ਹਰ ਵਿਸ਼ੇ ਬਾਰੇ ਜਾਂ ਕਿਸੇ ਵੀ ਵਿਸ਼ੇ ਬਾਰੇ ਡਾ. ਅੰਬੇਡਕਰ ਦੇ ਵਿਚਾਰਾਂ ਨੂੰ ਇੱਕ ਥਾਂ ਤੇ ਦਰਜ ਕੀਤਾ ਗਿਆ ਹੈ।

3. 'ਮੇਰਾ ਜੀਵਨ ਪੰਧ ਬਣਿਆ ਜਨਤਕ ਲਹਿਰ ਗੁਰਦਾਸ ਰਾਮ ਆਲਮ ਦੀ ਵਾਰਤਿਕ ਸ਼ੈਲੀ ਦਾ ਅਦਭੁੱਤ ਨਮੂਨਾ ਹੈ ਜੋ ਕਰੀਬ 30 ਵਰ੍ਹੇ ਪਹਿਲਾਂ 16 ਕਿਸ਼ਤਾਂ ਵਿੱਚ ਅਖ਼ਬਾਰ 'ਜਨਤਕ ਲਹਿਰ’ ਦੇ ਪੰਨਿਆਂ ਤੇ ਅੰਕਿਤ ਆਲਮ ਦੀ ਅਨੂਠੀ ਜੀਵਨ ਖਾਥਾ ਹੈ। ਇਹ ਕਿਤਾਬ ਜਨਤਕ ਲਹਿਰ ਦੇ ਮੈਨੇਜਿੰਗ ਐਡੀਟਰ ਡਾ. ਜਰਨੈਲ ਸਿੰਘ ਦੀ ਸੰਘਰਸ਼ਮਈ ਜ਼ਿੰਦਗੀ ਨੂੰ ਸਮਰਪਿਤ ਕੀਤੀ ਗਈ ਹੈ।

4. ਜੇ ਬਾਬਾ ਨਾ ਹੁੰਦੇ ਤਾਂ ਪੁਸਤਕ ਪੂਜਯ ਭਦੰਤ ਡਾ. ਆਨੰਦ ਕੌਸ਼ਲਿਆਨ ਜੀ ਦੀ ਹਿੰਦੀ ਪੁਸਤਕ 'ਯਦਿ ਬਾਬਾ ਨਾ ਹੋਤੇ’ ਦਾ ਅਨੁਵਾਦ ਹੈ ਅਤੇ ਇਹ ਨਵੇਕਲੇ ਢੰਗ ਨਾਲ ਲਿਖੀ ਗਈ ਬਾਬਾ ਸਾਹਿਬ ਦੀ ਸੰਖੇਪ ਜੀਵਨੀ ਹੈ।

ਇਹ ਕਿਤਾਬਾਂ ਕੀ ਹਨ? ਉਪਰੋਕਤ ਪੁਸਤਕਾਂ ਵਿੱਚ ਕੀ ਹੈ? ਇਹ ਤਾਂ ਪੁਸਤਕਾਂ ਪੜ੍ਹਨ ਉਪਰੰਤ, ਪਾਠਕਾਂ, ਵਿਦਵਾਨਾਂ ਦੀਆਂ ਟਿੱਪਣੀਆਂ ਤੋਂ ਹੀ ਪਤਾ ਲੱਗੇਗਾ। ਹਾਜ਼ਰੀਨ ਦੀ ਫ਼ਰਮਾਇਸ਼ ਤੇ ਸ੍ਰੀ ਸੋਹਣ ਸਹਿਜਲ ਨੇ ਆਪਣੀ ਕਵਿਤਾ ਤਰੰਨਮ ਵਿੱਚ ਸੁਣਾ ਕੇ ਸਮੁੱਚੇ ਮਾਹੌਲ ਨੂੰ ਹੋਰ ਵੀ ਖ਼ੁਸ਼ਗਵਾਰ ਬਣਾ ਦਿੱਤਾ।

ਪੁਸਤਕ ਰੀਲੀਜ਼ ਦੇ ਵਿਸ਼ੇਸ਼ ਅਵਸਰ ਤੇ ਹੋਰਨਾਂ ਤੋਂ ਇਲਾਵਾ ਡਾ. ਐਮਨੂਅਲ ਨਾਹਰ ਡਾਇਰੈਕਟਰ ਅੰਬੇਡਕਰ ਸੈਂਟਰ, ਡਾ. ਕਮਲਾ ਮੁਖੀ ਰਾਜਨੀਤੀ ਵਿਗਿਆਨ ਵਿਭਾਗ, ਡਾ. ਯੋਗਰਾਜ ਐਂਗਰਿਸ ਮੁਖੀ ਪੰਜਾਬੀ ਵਿਭਾਗ, ਡਾ. ਰਤਨ ਸਿੰਘ ਮੁਖੀ ਲਾਅ ਵਿਭਾਗ, ਲਾਅ ਵਿਭਾਗ ਦੇ ਡਾ. ਬਰਿੰਦਰ ਨੇਗੀ, ਡਾ. ਅਜੇ ਰੰਗਾ, ਰੀਸਰਚ ਸਕੌਲਰ ਪ੍ਰੇਰਣਾ ਅਤੇ ਨਵਪ੍ਰੀਤ, ਸੱਤਪਾਲ ਮਾਹੀ ਲੇਬਰ ਕੰਟਰੈਕਟਰ, ਮਰਚੈਂਟ ਨੇਵੀ ਦੇ ਭੁਪਿੰਦਰ ਸਿੰਘ ਸਿੱਧੂ ਅਤੇ ਗਗਨਦੀਪ ਚਹਿਲ, ਮੈਡਮ ਸ਼ਕੁੰਤਲਾ, ਮੈਡਮ ਗੁਲਸ਼ਨ ਕੌਰ ਅਤੇ ਪੀਟਰ ਪਾਲ ਸ਼ਾਮਲ ਸਨ।

ਬਿਨਾਂ ਸ਼ੱਕ ਇਹਨਾਂ ਦੀ ਹਾਜ਼ਰੀ ਨੇ ਅਤੇ ਖ਼ਾਸ ਤੌਰ ਤੇ ਮਾਨਯੋਗ ਕੇ. ਸੀ. ਸੁਲੇਖ, ਮਾਨਯੋਗ ਡਾ. ਰੌਣਕੀ ਰਾਮ ਅਤੇ ਮਾਨਯੋਗ ਫਤਹਿ ਜੰਗ ਸਿੰਘ ਦੀ ਮੌਜੂਦਗੀ ਨੇ ਸਮੁੱਚੇ ਪ੍ਰੋਗਰਾਮ ਨੂੰ ਸ਼ਿਖ਼ਰਾਂ ਤੇ ਪੁਚਾ ਦਿੱਤਾ। ਅੰਤ ਵਿੱਚ ਡਾ. ਅਮੈਨੂਅਲ ਨਾਹਰ ਡਾਇਰੈਕਟਰ ਅੰਬੇਡਕਰ ਸੈਂਟਰ ਨੇ ਸਮੁੱਚੇ ਸਮਾਗਮ ਦੀ ਸਫ਼ਲਤਾ ਲਈ ਧੰਨਵਾਦ ਦੇ ਸ਼ਬਦ ਆਖੇ।




14 ਅਪ੍ਰੈਲ 2017- ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 126ਵੇਂ ਜਨਮ ਦਿਵਸ ਮੌਕੇ ਲੇਖਕ ਸੋਹਣ ਸਹਿਜਲ ਦੀਆਂ ਜਾਰੀ ਕੀਤੀਆਂ 4 ਪੁਸਤਕਾਂ, (1) ਬਾਬਾ ਸਾਹਿਬ ਡਾ. ਅੰਬੇਡਕਰ ਦੇ ਵਿਚਾਰ, (2) ਅੰਬੇਡਕਰ ਵਿਚਾਰ ਦਰਸ਼ਨ, (3) ਜੇ ਬਾਬਾ ਨਾ ਹੁੰਦੇ, (4) ਮੇਰਾ ਜੀਵਨ ਪੰਧ ਵਾਇਆ ਜਨਤਕ ਲਹਿਰ ਗੁਰਦਾਸ ਰਾਮ ਆਲਮ।



14 ਅਪ੍ਰੈਲ 2017 ਸ੍ਰੀ ਸੋਹਣ ਸਹਿਜਲ ਆਪਣੀਆਂ ਨਵੀਆਂ ਪੁਸਤਕਾਂ ਨਾਲ ਅਦਾਰਾ ਵਿਗਿਆਨਕ ਸੋਚ ਦੇ ਸਟਾਫ ਨਾਲ।

# ਯੂਬਾ ਸਿਟੀ ਕਬੱਡੀ ਕੱਪ 'ਚ ਰਾਇਲ ਕਿੰਗਜ ਨੇ ਕਨੇਡਾ ਵੈਸਟ ਨੂੰ ਹਰਾ ਕੇ ਜਿੱਤਿਆ ਕੱਪ

## ਗਾਇਕ ਸੁਰਜੀਤ ਖਾਨ ਦਾ ਲੱਗਿਆ ਖੁੱਲ੍ਹਾ ਅਖਾੜਾ










**ਯੂਬਾ ਸਿਟੀ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਸ਼ਹਿਰ ਯੂਬਾ ਸਿਟੀ ਵਿਚ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਰਾਇਲ ਕਿੰਗਜ ਯੂਬਾ ਸਿਟੀ ਦੀ ਟੀਮ ਨੇ ਕਨੇਡਾ ਵੈਸਟ ਨੂੰ ਹਰਾ ਕੇ ਕਬੱਡੀ ਕੱਪ ਆਪਣੇ ਨਾਂ ਕੀਤਾ। ਇਸ ਦੌਰਾਨ ਵੱਡੇ ਕੱਪ ਦੇ ਨਾਲ ਜੇਤੂ ਟੀਮ ਨੂੰ 21 ਹਜ਼ਾਰ ਡਾਲਰ ਨਕਦ ਇਨਾਮ ਅਤੇ ਦੂਜੀ ਥਾਂ 'ਤੇ ਰਹਿਣ ਵਾਲੀ ਟੀਮ ਵੈਸਟ ਕੈਨੇਡਾ ਨੂੰ 15 ਹਜ਼ਾਰ ਨਕਦ ਇਨਾਮ ਥਿਆੜਾ ਪਰਿਵਾਰ ਵੱਲੋਂ ਦਿੱਤਾ ਗਿਆ। ਇਸੇ ਤਰ੍ਹਾਂ ਅੰਡਰ 21 ਵਿਚ ਖਾਲਸਾ ਸਪੋਰਟਸ ਕਲੱਬ ਯੂਬਾ ਸਿਟੀ ਦੀ ਟੀਮ ਜਿਸਦੇ ਮਾਲਕ ਦੀਦਾਰ ਸਿੰਘ ਬੈਂਸ ਹਨ, ਨੇ ਕੈਲੀ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਨੂੰ ਹਰਾ ਕੇ ਜਿੱਤਿਆ। ਜਿਹਨਾਂ ਨੂੰ 21 ਸੌ ਤੇ 15 ਸੌ ਡਾਲਰ ਦੇ ਨਕਦ ਇਨਾਮ ਦਿੱਤੇ ਗਏ। ਇਸ ਕਬੱਡੀ ਕੱਪ ਦੌਰਾਨ ਓਪਨ ਕਬੱਡੀ 'ਚ ਬੈਸਟ ਸਟਾਪਰ ਪਾਲਾ ਜਲਾਲਪੁਰ ਅਤੇ ਰੇਡਰ ਸੰਦੀਪ ਸੁਰਖਪੁਰੀਆ ਚੁਣੇ ਗਏ। ਇਸੇ ਤਰ੍ਹਾਂ ਅੰਡਰ 21 ਵਿਚ ਸਟਾਪਰ ਗੁਰਮੁਖ ਮੱਲ੍ਹੀ ਤੇ ਰੇਡਰ ਦੁੱਲਾ ਚੁਣੇ ਗਏ। ਇਹਨਾਂ ਇਨਾਮਾਂ ਨੂੰ ਤਕਸੀਮ ਮੁੱਖ ਪ੍ਰਬੰਧਕ ਸਰਬਜੀਤ ਥਿਆੜਾ, ਮਹਿੰਦਰ ਸਿੰਘ ਥਿਆੜਾ, ਜੂਨੀਅਰ ਥਿਆੜਾ, ਹਰਮਨ ਥਿਆੜਾ ਤੇ ਹੋਰ ਸ਼ਾਮਲ ਪਤਵੰਤਿਆਂ ਨੇ ਕੀਤੀ। ਇਸ ਵੇਲੇ ਕਬੱਡੀ ਕੱਪ ਵਿਚ ਹੋਣ ਵਾਲੇ ਸ਼ਾਮਲ ਮੁੱਖ ਪਤਵੰਤਿਆਂ ਵਿਚ ਸੁਰਿੰਦਰ ਸਿੰਘ ਅਟਵਾਲ ਯੂ. ਐਸ. ਏ. ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ, ਦਿਲਬਾਗ ਬੈਂਸ, ਸੁਰਜੀਤ ਟੁੱਟ, ਰਾਣਾ ਟੁੱਟ, ਗੁਰਨਾਮ ਸਿੰਘ ਪੰਮਾ, ਅਮੋਲਕ ਸਿੰਘ ਗਾਖਲ, ਕਰਮਦੀਪ ਬੈਂਸ, ਸਰਬਜੀਤ ਸ਼ਾਬੀ, ਹਰਬੰਸ ਪੰਮਾ, ਜਸਵਿੰਦਰ ਸਿੰਘ ਸੈਣੀ, ਜੋਗਾ ਥਿਆੜਾ, ਜਸਵੀਰ ਸਿੰਘ ਕੋਚ, ਤੇਜਿੰਦਰ ਮਾਨ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਨਿਰਪੱਖ ਰੈਫਰੀ ਦੀ ਭੂਮਿਕਾ ਨਿਭਾਉਣ ਵਾਲੇ ਸੁਖਦੀਪ ਸਿੰਘ ਤੇ ਦਿਲਜਿੰਦਰ ਧਾਲੀਵਾਲ ਕੈਨੇਡਾ ਤੇ ਬੀਰੂ ਨੇ ਦਰਸ਼ਕਾਂ ਦਾ ਮਨ ਜਿੱਤ ਲਿਆ।

ਇਸ ਮੌਕੇ ਸਰਬਜੀਤ ਥਿਆੜਾ ਨੇ ਇਹਨਾਂ ਰੈਫਰੀਆਂ ਨੂੰ ਅਗਲੇ ਵਰ੍ਹੇ ਵੀ ਆਉਣ ਦਾ ਸੱਦਾ ਦਿੱਤਾ। ਦੂਸਰੇ ਪਾਸੇ ਪੰਜਾਬੀ ਗਾਇਕੀ ਦੇ ਅਖਾੜੇ ਵਿਚ ਪੰਜਾਬੀ ਗਾਇਕ ਸੁਰਜੀਤ ਖਾਨ ਨੇ ਖੁੱਲ੍ਹੇ ਅਖਾੜੇ ਵਿਚ ਸੈਂਕੜੇ ਦਰਸ਼ਕਾਂ ਦਾ ਮਨੋਰੰਜਨ ਕਰਵਾਇਆ। ਉਸਨੇ ਆਪਣੇ ਚਰਚਿਤ ਨਵੇਂ ਪੁਰਾਣੇ ਗੀਤ ਗਾ ਕੇ ਆਪਣੀ ਗਾਇਕੀ ਦੀ ਛਾਪ ਛੱਡੀ। ਇਸ ਮੌਕੇ ਥਿਆੜਾ ਪਰਿਵਾਰ ਜਿਹਨਾਂ 'ਚ ਸਰਬਜੀਤ ਥਿਆੜਾ, ਮਹਿੰਦਰ ਸਿੰਘ ਥਿਆੜਾ, ਬਖਸ਼ਿੰਦਰ ਕੌਰ ਥਿਆੜਾ, ਮਾਤਾ ਮੋਹਣ ਕੌਰ ਤੇ ਜੂਨੀਅਰ ਥਿਆੜਾ, ਨੀਨਾ ਥਿਆੜਾ ਅਤੇ ਹਰਮਨ ਥਿਆੜਾ ਵੱਲੋਂ ਸਨਮਾਨ ਤੇ ਪਿਆਰ ਦਿੱਤਾ ਗਿਆ। ਲੋਕਾਂ ਦੇ ਭਾਰੀ ਇਕੱਠ ਤੇ ਕਬੱਡੀ ਪ੍ਰੇਮੀਆਂ ਨੇ ਇਸ ਕਬੱਡੀ ਕੱਪ ਤੇ ਸੰਗੀਤ ਦੇ ਪ੍ਰੋਗਰਾਮ ਦਾ ਪੂਰਾ ਆਨੰਦ ਲਿਆ।

# ਮਿਸ ਪੂਜਾ, ਰੌਸ਼ਨ ਪ੍ਰਿੰਸ, ਹਰਮਨਦੀਪ ਅਤੇ ਸੱਤੀ ਸਤਵਿੰਦਰ ਨੇ ਵਲੇਹੋ ਦੇ ਸੱਭਿਆਚਾਰਕ ਮੇਲੇ ਵਿਚ ਲਵਾਈ ਹਾਜ਼ਰੀ

















**ਵਲੇਹੋ–** ਇੰਡੀਅਨ ਕੇਅਰ ਐਸੋਸੀਏਸ਼ਨ ਵੱਲੋਂ ਸਾਲਾਨਾ ਸੱਭਿਆਚਾਰਕ ਮੇਲਾ ਇਥੇ ਸੋਲਾਨੋ ਕਾਊਂਟੀ, ਫੇਅਰ ਗਰਾਊਂਡ ਵਿਖੇ ਕਰਵਾਇਆ ਗਿਆ। ਦੁਪਹਿਰ 2 ਵਜੇ ਸ਼ੁਰੂ ਹੋਇਆ ਇਹ ਮੇਲਾ ਰਾਤ ਦੇ 8 ਵਜੇ ਤੱਕ ਨਿਰਵਿਘਨ ਚੱਲਿਆ। ਦਰਸ਼ਕਾਂ ਦੇ ਰਿਕਾਰਡਤੋੜ ਇਕੱਠ ਨੇ ਇਹ ਸਾਬਤ ਕਰ ਦਿੱਤਾ ਕਿ ਇਲਾਕੇ ਵਿਚ ਇਹ ਮੇਲਾ ਹੁਣ ਆਪਣਾ ਮੁਕਾਮ ਬਣਾ ਚੁੱਕਿਆ ਹੈ, ਕਿਉਂਕਿ ਇਸ ਪਰਿਵਾਰਕ ਸੱਭਿਆਚਾਰਕ ਮੇਲੇ ਵਿਚ ਹਰ ਤਰ੍ਹਾਂ ਦੀ ਵਨਗੀ ਦੇਖਣ ਨੂੰ ਮਿਲਦੀ ਹੈ।

ਜਿੱਥੇ ਗਿੱਧੇ-ਭੰਗੜੇ, ਸਕਿੱਟਾਂ ਆਦਿ ਦੇਖਣ ਨੂੰ ਮਿਲਦੇ ਹਨ, ਉਥੇ ਪ੍ਰਬੰਧਕਾਂ ਵੱਲੋਂ ਚੋਟੀ ਦੇ ਗਾਇਕਾਂ ਨੂੰ ਇਥੇ ਸੱਦਾ ਦਿੱਤਾ ਜਾਂਦਾ ਹੈ। ਇਸ ਵਾਰ ਪੰਜਾਬੀ ਦੇ ਉਘੇ ਗਾਇਕ ਮਿਸ ਪੂਜਾ, ਰੌਸ਼ਨ ਪ੍ਰਿੰਸ, ਹਰਮਨਦੀਪ, ਸੱਤੀ ਸਤਵਿੰਦਰ ਨੇ ਆਪਣੇ ਗੀਤਾਂ ਰਾਹੀਂ ਆਏ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਹਜ਼ਾਰਾਂ ਦੀ ਗਿਣਤੀ ਵਿਚ ਆਏ ਦਰਸ਼ਕਾਂ ਨੇ ਇਨ੍ਹਾਂ ਕਲਾਕਾਰਾਂ ਨੂੰ ਬੜੇ ਸ਼ਾਂਤੀਪੂਰਵਕ ਲਹਿਜ਼ੇ 'ਚ ਸੁਣ ਕੇ ਆਨੰਦ ਮਾਣਿਆ। ਕਹਿੰਦੇ ਹਨ ਕਿ ਜਿਸ ਮੇਲੇ ਵਿਚ ਆਸ਼ਾ ਸ਼ਰਮਾ ਸਟੇਜ ਦੀ ਸੇਵਾ ਨਹੀਂ ਨਿਭਾਉਂਦੀ ਉਹ ਮੇਲਾ ਇਥੇ ਅਧੂਰਾ ਸਮਝਿਆ ਜਾਂਦਾ ਹੈ।

ਸੋ ਆਸ਼ਾ ਸ਼ਰਮਾ ਦੀ ਮੌਜੂਦਗੀ ਨਾਲ ਇਸ ਮੇਲੇ ਨੂੰ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਚਾਰ ਚੰਦ ਲੱਗੇ। ਉਨ੍ਹਾਂ ਦਾ ਸਾਥ ਦਿੱਤਾ ਕੈਪਟਨ ਕਰਨਬੀਰ ਸਿੰਘ ਔਲਖ ਅਤੇ ਹਰਜਿੰਦਰ ਸਿੰਘ ਧਾਮੀ ਨੇ।

ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਇੰਡੀਅਨ ਕੇਅਰ ਐਸੋਸੀਏਸ਼ਨ ਦੀ ਕਾਰਗੁਜ਼ਾਰੀਆਂ ਬਾਰੇ ਵਿਸਥਾਰ ਨਾਲ ਦੱਸਿਆ। ਕਿਉਂਕਿ ਇਹ ਸੰਸਥਾ ਸੱਭਿਆਚਾਰਕ ਸਮਾਗਮਾਂ ਤੋਂ ਇਲਾਵਾ ਸਮਾਜ ਭਲਾਈ ਦੇ ਕੰਮਾਂ ਵਿਚ ਵੀ ਵੱਧ-ਚੜ੍ਹ ਕੇ ਹਿੱਸਾ ਪਾਉਂਦੀ ਅਤੇ ਇਸ ਦੇ ਨਾਲ-ਨਾਲ ਜ਼ਰੂਰਤਮੰਦਾਂ ਦੀ ਮਦਦ ਕਰਨ ਵਿਚ ਵੀ ਪਿੱਛੇ ਨਹੀਂ ਰਹਿੰਦੀ। ਦਰਸ਼ਕਾਂ ਨੇ ਇਨ੍ਹਾਂ ਦੇ ਕੰਮਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ।

ਜ਼ਿਕਰਯੋਗ ਹੈ ਕਿ ਇੰਡੀਅਨ ਕੇਅਰ ਐਸੋਸੀਏਸ਼ਨ ਵੱਲੋਂ ਇਸ ਮੇਲੇ ਲਈ ਕੋਈ ਐਂਟਰੀ ਫੀਸ ਨਹੀਂ ਰੱਖੀ ਜਾਂਦੀ, ਜਿਸ ਕਰਕੇ ਦਰਸ਼ਕ ਹੋਰ ਵੀ ਖੁਸ਼ ਹੁੰਦੇ ਹਨ ਅਤੇ ਵੱਡੀ ਗਿਣਤੀ ਵਿਚ ਪਰਿਵਾਰਾਂ ਸਮੇਤ ਇਥੇ ਪਹੁੰਚਦੇ ਹਨ।

ਮੇਲੇ ਦੀ ਰੌਣਕ ਨੂੰ ਵਧਾਉਣ ਲਈ ਵੱਖ-ਵੱਖ ਤਰ੍ਹਾਂ ਦੇ ਸਟਾਲ ਲੱਗੇ ਹੋਏ ਸਨ, ਜੋ ਕਿ ਪੰਜਾਬ ਦੇ ਕਿਸੇ ਬਾਜ਼ਾਰ ਦਾ ਭੁਲੇਖਾ ਪਾ ਰਹੇ ਸਨ। ਖਾਣ-ਪੀਣ ਤੋਂ ਇਲਾਵਾ ਗਹਿਣੇ, ਕੱਪੜੇ, ਜੁੱਤੀਆਂ ਅਤੇ ਹੋਰ ਵੱਖ-ਵੱਖ ਤਰ੍ਹਾਂ ਦੇ ਸਮਾਨਾਂ ਦੇ ਸਟਾਲਾਂ ਤੋਂ ਲੋਕਾਂ ਨੇ ਖਰੀਦੋ-ਫਰੋਖ਼ਤ ਕੀਤੀ।

ਇਸ ਦੌਰਾਨ ਇੰਡੀਅਨ ਕੇਅਰ ਐਸੋਸੀਏਸ਼ਨ ਦੇ ਪ੍ਰਬੰਧਕਾਂ ਦੇ ਬੱਚਿਆਂ ਨੇ ਆਪਣੀ ਇਕ ਸੰਸਥਾ ਵੀ ਬਣਾਈ ਹੈ, ਜਿਸ ਦਾ ਨਾਂ ਉਨ੍ਹਾਂ ਨੇ 'ਸਰਬੱਤ ਦਾ ਭਲਾ' ਰੱਖਿਆ ਹੈ। ਇਨ੍ਹਾਂ ਬੱਚਿਆਂ ਨੇ ਵੀ ਆਪਣੇ ਮਾਤਾ-ਪਿਤਾ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਇਸ ਮੇਲੇ ਵਿਚ ਇਕ ਸਟਾਲ ਲਾਇਆ ਸੀ, ਜਿੱਥੇ ਉਨ੍ਹਾਂ ਨੇ ਪਾਣੀ ਅਤੇ ਹੋਰ ਸਾਮਾਨ ਵੇਚ ਕੇ 1 ਹਜ਼ਾਰ ਡਾਲਰ ਤੋਂ ਵੱਧ ਇਕੱਤਰ ਕੀਤਾ। ਇਹ ਰਕਮ ਉਨ੍ਹਾਂ ਬੱਚਿਆਂ ਨੇ ਲੋਕ ਭਲਾਈ ਦੇ ਕੰਮਾਂ 'ਤੇ ਖਰਚ ਕਰਨੇ ਹਨ। ਕੁੱਲ ਮਿਲਾ ਕੇ ਇਹ ਮੇਲਾ ਪੂਰੀ ਤਰ੍ਹਾਂ ਨਾਲ ਕਾਮਯਾਬ ਰਿਹਾ ਅਤੇ ਆਏ ਲੋਕਾਂ ਨੇ ਇਸ ਦਾ ਭਰਪੂਰ ਆਨੰਦ ਮਾਣਿਆ।

ਮੇਲੇ ਨੂੰ ਕਾਮਯਾਬ ਕਰਨ ਲਈ ਇੰਡੀਅਨ ਕੇਅਰ ਐਸੋਸੀਏਸ਼ਨ ਦੇ ਪ੍ਰਬੰਧਕਾਂ ਨੇ ਦਿਨ-ਰਾਤ ਇਕ ਕਰ ਦਿੱਤੀ। ਇਨ੍ਹਾਂ ਮੈਂਬਰਾਂ ਵਿਚ ਕਰਨਬੀਰ ਸਿੰਘ ਔਲਖ, ਸਤਿੰਦਰਪਾਲ ਸਿੰਘ ਹੇਅਰ, ਹਰਜਿੰਦਰ ਸਿੰਘ ਧਾਮੀ, ਹੁਸ਼ਿਆਰ ਸਿੰਘ ਡਡਵਾਲ, ਸ਼ਸ਼ੀਪਾਲ, ਗੁਰਪਾਲ ਡਡਵਾਲ, ਜਸਪਾਲ ਡਡਵਾਲ, ਸੁਰਜੀਤ ਰੱਤੂ, ਕੁਲਵੰਤ ਬੈਂਸ, ਸੁਰਿੰਦਰ ਹੇਅਰ, ਪ੍ਰਦੀਪ ਸ਼ਰਮਾ, ਰਾਜੇਸ਼ ਮਲਹੋਤਰਾ, ਰੋਮੀ ਉੱਪਲ, ਅਮਿਤ ਪਾਲ, ਸੰਜੀਵ ਵਡੇਰਾ, ਰਣਬੀਰ, ਦੇਸ਼ਦੀਪ ਤੱਖਰ ਸ਼ਾਮਲ ਸਨ।



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop